@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 1 December 2024

Punjabi National Daily

Qaumi Patrika NO.1

VISIT: www.qaumipatrika.org Email: qpatrika@gmail.com

ਨਵੀਂ ਦਿੱਲੀ: ਐਤਵਾਰ 1 ਦਸੰਬਰ 2024, 17 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ–12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 21, qpatrika@gmail.com ਫੋਨ : 9971359517 www.qaumipatrika.org

## ਅਰਵਿੰਦ ਕੇਜਰੀਵਾਲ 'ਤੇ ਹੋਇਆ ਹਮਲਾ, ਮੁੱਖ ਮੰਤਰੀ ਮਾਨ ਨੇ ਦੱਸਿਆ ਸ਼ਰਮਨਾਕ

**ਸਿੰਮੀ ਕੌਰ ਬੱਬਰ**

ਚੰਡੀਗੜ੍ਹ 30 ਨਵੰਬਰ। ਕੁਝ ਦਿਨ ਪਹਿਲਾਂ ਪੈਦਲ ਯਾਤਰਾ ਦੌਰਾਨ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਹਮਲੇ ਦੀ ਕੋਸ਼ਿਸ਼ ਹੋਈ ਸੀ, ਜਦੋਂ ਕੁਝ ਲੋਕ ਉਨ੍ਹਾਂ ਦੀ ਯਾਤਰਾ ਦੌਰਾਨ ਉਨ੍ਹਾਂ ਦੇ ਬੇਹੱਦ ਕਰੀਬ ਆ ਗਏ ਸਨ। ਹੁਣ ਇਕ ਵਾਰ ਫ?ਿਰ ਤੋਂ ਪੈਦਲ ਯਾਤਰਾ ਦੌਰਾਨ ਦਿੱਲੀ ਦੇ ਮਾਲਵੀ ਨਗਰ 'ਚ ਕੇਜਰੀਵਾਲ 'ਤੇ ਇਕ ਵਿਅਕਤੀ ਵੱਲੋਂ ਪਾਣੀ ਸੁੱਟਿਆ ਗਿਆ, ਜਿਸ ਨੂੰ ਪੁਲਸ ਵੱਲੋਂ ਕਾਬੂ ਕਰ ਲਿਆ ਗਿਆ ਹੈ। ਉਕਤ ਵਿਅਕਤੀ ਦਾ ਨਾਂ ਅਸ਼ੋਕ ਝਾ ਦੱਸਿਆ ਜਾ ਰਿਹਾ ਹੈ, ਜਿਸ ਕੋਲੋਂ ਪੁਲਸ ਹੋਰ ਪੁੱਛਗਿੱਛ ਕਰ ਰਹੀ ਹੈ। ਇਸ ਹਮਲੇ ਦੀ ਨਿੰਦਾ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 'ਐਕਸ' 'ਤੇ ਪੋਸਟ ਕਰਦਿਆਂ ਲਿਖਿਆ, ''ਅਰਵਿੰਦ ਕੇਜਰੀਵਾਲ ਜੀ ਉੱਤੇ ਦਿੱਲੀ ਦੇ ਗ੍ਰੇਟਰ ਕੈਲਾਸ 'ਚ ਹੋਇਆ ਹਮਲਾ ਬੇਹੱਦ ਸਰਮਨਾਕ ਹੈ। ਜਦੋਂ ਤੋਂ ਕੇਜਰੀਵਾਲ ਜੀ ਨੇ ਦਿੱਲੀ ਦੀ ਕਾਨੂੰਨ ਵਿਵਸਥਾ ਅਤੇ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਬੀਜੇਪੀ ਨੂੰ ਸਵਾਲ ਪੁੱਛਣਾ ਸ਼ੁਰੂ ਕੀਤਾ ਹੈ, ਬੀਜੇਪੀ ਪੂਰੀ ਤਰ੍ਹਾਂ ਘਬਰਾ ਗਈ





ਹੈ।'' ਉਨ੍ਹਾਂ ਅੱਗੇ ਲਿਖਿਆ, ''ਇਹ ਹਮਲਾ ਉਸੀ ਘਬਰਾਹਟ ਦਾ ਨਤੀਜਾ ਹੈ। 35 ਦਿਨਾਂ ਦੇ ਅੰਦਰ ਇਹ ਉਹਨਾਂ 'ਤੇ ਤੀਜਾ ਹਮਲਾ ਹੋਇਆ ਹੈ। ਜਦੋਂ ਵੀ ਬੀਜੇਪੀ ਆਪਣੇ ਜ?ਿੰਮੇਵਾਰੀ ਵਾਲੇ ਕੰਮ ਵਿੱਚ ਨਾਕਾਮ ਹੁੰਦੀ ਹੈ ਤਾਂ ਉਹ ਘਬਰਾਹਟ 'ਚ ਇੱਦਾਂ ਦੇ ਲੜਾਈ ਝਗੜੇ ਅਤੇ ਕੁੱਟ–ਮਾਰ ਵਾਲੇ ਰਸਤੇ ਅਪਨਾਉਣ ਲੱਗ ਜਾਂਦੀ ਹੈ।''

## ਮਹਾਰਾਸ਼ਟਰ ਸਰਕਾਰ ਦੇ ਗਠਨ ਨੂੰ ਲੈ ਕੇ ਦਿੱਲੀ ਤੋਂ ਬਾਅਦ ਮੁੰਬਈ 'ਤੇ ਟਿਕੀਆਂ ਨਜਰਾਂ

ਮੁੰਬਈ 30 ਨਵੰਬਰ। ਸ?ਿਵ ਸੈਨਾ ਮੁਖੀ ਏਕਨਾਥ ਸ?ਿੰਦੇ ਅਤੇ ਭਾਜਪਾ ਦੇ ਸੀਨੀਅਰ ਨੇਤਾ ਦੇਵੇਂਦਰ ਫੜਨਵੀਸ ਨਵੀਂ ਦਿੱਲੀ ਤੋਂ ਮੁੰਬਈ ਪਰਤ ਆਏ। ਇਸ ਤੋਂ ਪਹਿਲਾਂ ਦੋਵੇਂ ਨੇਤਾਵਾਂ ਅਤੇ ਐੱਨਸੀਪੀ ਮੁਖੀ ਅਜੀਤ ਪਵਾਰ ਨੇ ਮਹਾਰਾਸਟਰ ਸਰਕਾਰ ਦੇ ਗਠਨ ਨੂੰ ਲੈ ਕੇ ਨਵੀਂ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨਾਲ ਮੁਲਾਕਾਤ ਕੀਤੀ ਸੀ। ਵੀਰਵਾਰ ਦੇਰ ਰਾਤ ਦਿੱਲੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ?ਿੰਦੇ ਨੇ ਸਾਹ ਨਾਲ ਹੋਈ ਗੱਲਬਾਤ ਨੂੰ ਸਾਰਥਕ ਅਤੇ ਸਕਾਰਾਤਮਕ ਦੱਸਿਆ। ਉਨ੍ਹਾਂ ਕਿਹਾ ਕਿ ਅਗਲੀ ਮੀਟਿੰਗ ਸੁੱਕਰਵਾਰ ਨੂੰ ਮੁੰਬਈ ਵਿੱਚ ਹੋਵੇਗੀ। ਸੂਤਰਾਂ ਨੇ ਦੱਸਿਆ ਕਿ ਮੀਟਿੰਗ ਅੱਜ ਸਾਮ ਹੋਣ ਦੀ ਸੰਭਾਵਨਾ ਹੈ ਪਰ ਫਿਲਹਾਲ ਕੁਝ ਵੀ ਤੈਅ ਨਹੀਂ ਹੋਇਆ ਹੈ। ਅਜੀਤ ਪਵਾਰ ਦਾ ਦੁਪਹਿਰ ਨੂੰ ਮੁੰਬਈ ਪਰਤਣ ਦਾ ਪ੍ਰੋਗਰਾਮ ਹੈ। ਭਾਜਪਾ ਨੂੰ ਵੀ ਵਿਧਾਇਕ ਦਲ ਦੀ ਮੀਟਿੰਗ ਬੁਲਾਉਣੀ ਪਈ ਹੈ। ਸ?ਿੰਦੇ, ਫੜਨਵੀਸ ਅਤੇ ਪਵਾਰ ਨੇ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਅਗਵਾਈ ਵਾਲੇ ਗਠਜੋੜ ਦੀ ਸਾਨਦਾਰ ਜਿੱਤ ਤੋਂ ਬਾਅਦ ਮਹਾਰਾਸਟਰ ਵਿੱਚ ਨਵੀਂ ਸਰਕਾਰ ਦੇ ਗਠਨ ਨੂੰ ਲੈ ਕੇ ਵੀਰਵਾਰ ਨੂੰ ਸਾਹ ਅਤੇ ਭਾਜਪਾ ਪ੍ਰਧਾਨ ਜੇਪੀ ਨਾਲ ਮੁਲਾਕਾਤ ਕੀਤੀ। ਸ?ਿੰਦੇ ਨੇ ਦਿੱਲੀ 'ਚ ਪੱਤਰਕਾਰਾਂ ਨੂੰ ਕਿਹਾ, ''ਅਸੀਂ ਇਕ ਜਾਂ ਦੋ ਦਿਨਾਂ 'ਚ (ਮਹਾਰਾਸਟਰ ਦੇ ਮੁੱਖ ਮੰਤਰੀ ਬਾਰੇ) ਫੈਸਲਾ ਲਵਾਂਗੇ। ਅਸੀਂ ਵਿਚਾਰ–ਚਰਚਾ ਕੀਤੀ ਹੈ ਅਤੇ ਗੱਲਬਾਤ ਜਾਰੀ ਰਹੇਗੀ। ਅੰਤਿਮ ਫੈਸਲੇ ਦੇ ਬਾਰੇ ਤੁਹਾਨੂੰ ਸੂਚਿਤ ਕਰ ਦਿੱਤਾ ਜਾਵੇਗਾ।'' ਸ?ਿੰਦੇ ਨੇ ਕਿਹਾ ਹੈ ਕਿ ਉਹ ਸੂਬੇ ਵਿਚ ਸਰਕਾਰ ਬਣਾਉਣ ਵਿਚ ਰੁਕਾਵਟ ਨਹੀਂ ਬਣਨਗੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਹ ਦੇ ਫੈਸਲਿਆਂ ਦੀ ਪਾਲਣਾ ਕਰਨਗੇ।

## ਓਡਿਸ਼ਾ ਦੇ ਬੀਜੂ ਪਟਨਾਇਕ ਹਵਾਈ ਅੱਡੇ ਤੋਂ ਸ਼ੁਰੂ ਹੋਣਗੀਆਂ 5 ਨਵੇਂ ਰੂਟਾਂ ਲਈ ਉਡਾਣ ਸੇਵਾਵਾਂ

ਭੁਵਨੇਸ਼ਵਰ 30 ਨਵੰਬਰ। ਬੀਜੂ ਪਟਨਾਇਕ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ 2025 ਤੋਂ ਘੱਟ ਤੋਂ ਘੱਟ 5 ਨਵੇਂ ਰੂਟਾਂ ਲਈ ਉਡਾਣ ਸੇਵਾਵਾਂ ਸ਼ੁਰੂ ਕੀਤੀਆਂ ਜਾਣਗੀਆਂ। ਹਵਾਈ ਅੱਡੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਹਵਾਬਾਜੀ ਕੰਪਨੀ ਇੰਡੀਗੋ ਇਕ ਜਨਵਰੀ 2025 ਤੋਂ ਇੰਦੌਰ ਲਈ ਹਫਤੇ 'ਚ 4 ਦਿਨ ਅਤੇ ਦੇਹਰਾਦੂਨ ਲਈ ਹਫਤੇ 'ਚ 3 ਦਿਨ ਉਡਾਣ ਸੇਵਾ ਸ਼ੁਰੂ ਕਰੇਗੀ।



ਭੁਵਨੇਸ਼ਵਰ ਤੋਂ ਇਨ੍ਹਾਂ ਉਡਾਣਾਂ ਦਾ ਨਿਰਧਾਰਿਤ ਰਵਾਨਗੀ ਦਾ ਸਮਾਂ ਦੁਪਹਿਰ 3 ਵਜੇ ਹੋਵੇਗਾ। ਉਨ੍ਹਾਂ ਕਿਹਾ ਕਿ ਏਅਰ ਇੰਡੀਆ ਐਕਸਪ੍ਰੈੱਸ ਅਗਲੇ ਸਾਲ 3 ਜਨਵਰੀ ਤੋਂ ਭੁਵਨੇਸ਼ਵਰ ਤੋਂ ਲਖਨਊ ਅਤੇ ਜੈਪੁਰ ਲਈ ਹਫਤੇ 'ਚ 3 ਦਿਨ ਅਤੇ ਕੋਚੀਨ ਲਈ ਰੋਜਾਨਾ ਉਡਾਣਾਂ ਸ਼ੁਰੂ ਕਰੇਗੀ। ਅਧਿਕਾਰੀ ਨੇ ਦੱਸਿਆ ਕਿ ਹਵਾਈ ਅੱਡਾ ਅਧਿਕਾਰੀਆਂ ਨੇ 4 ਜਨਵਰੀ ਤੋਂ ਬੈਂਗਲੁਰੂ ਲਈ ਨਵੀਆਂ ਉਡਾਣਾਂ ਸ਼ੁਰੂ ਕਰਨ ਦੀ ਵੀ ਯੋਜਨਾ ਬਣਾਈ ਹੈ।

## ਹੇਠਲੀਆਂ ਅਦਾਲਤਾਂ 'ਚ ਪੈਂਡਿੰਗ ਕੇਸਾਂ ਦੀ ਗਿਣਤੀ 11 ਮਹੀਨਿਆਂ 'ਚ 9 ਲੱਖ ਤੋਂ ਹੋਈ ਵੱਧ

ਨਵੀਂ ਦਿੱਲੀ 30 ਨਵੰਬਰ। ਸਰਕਾਰ ਨੇ ਰਾਜ ਸਭਾ ਨੂੰ ਦੱਸਿਆ ਕਿ ਪਿਛਲੇ 11 ਮਹੀਨਿਆਂ ਵਿੱਚ ਜ?ਿਲ੍ਹਾ ਅਤੇ ਅਧੀਨ ਅਦਾਲਤਾਂ ਵਿੱਚ ਪੈਂਡਿੰਗ ਕੇਸਾਂ ਦੀ ਗਿਣਤੀ ਵਿੱਚ ਨੌਂ ਲੱਖ ਤੋਂ ਵੱਧ ਦਾ ਵਾਧਾ ਹੋਇਆ ਹੈ। ਕੇਂਦਰੀ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਨੇ ਉਪਰਲੇ ਸਦਨ ਨੂੰ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਦੱਸਿਆ ਕਿ 1 ਜਨਵਰੀ ਤੱਕ ਵੱਖ–ਵੱਖ ਹੇਠਲੀਆਂ ਅਦਾਲਤਾਂ ਵਿੱਚ 4.44 ਕਰੋੜ ਤੋਂ ਵੱਧ ਕੇਸ ਪੈਂਡਿੰਗ ਹਨ। ਉਨ੍ਹਾਂ ਕਿਹਾ ਕਿ 9.22 ਲੱਖ ਦੇ ਵਾਧੇ ਨਾਲ ਇਹ ਗਿਣਤੀ 15 ਨਵੰਬਰ



ਤੱਕ 4.53 ਕਰੋੜ ਤੋਂ ਉਪਰ ਪਹੁੰਚ ਗਈ ਹੈ। ਇੱਕ ਹੋਰ ਜਵਾਬ ਵਿੱਚ ਕਾਨੂੰਨ ਮੰਤਰੀ ਨੇ ਉਪਰਲੇ ਸਦਨ ਨੂੰ ਦੱਸਿਆ ਕਿ ਅਧੀਨ ਅਤੇ ਜ?ਿਲ੍ਹਾ ਨਿਆਂਪਾਲਿਕਾ ਵਿੱਚ 5,245 ਨਿਆਂਇਕ ਅਧਿਕਾਰੀਆਂ ਦੀ ਘਾਟ ਹੈ। ਨੈਸਨਲ ਜੁਡੀਸੀਅਲ ਡਾਟਾ ਗਰਿੱਡ ਦਾ ਹਵਾਲਾ ਦਿੰਦੇ ਹੋਏ ਸਰਕਾਰ ਵੱਲੋਂ ਸਾਂਝੇ ਕੀਤੇ ਗਏ ਅੰਕੜਿਆਂ ਅਨੁਸਾਰ 15 ਨਵੰਬਰ ਦੀ ਸਥਿਤੀ ਮੁਤਾਬਕ 4.53 ਕਰੋੜ ਬਕਾਇਆ ਕੇਸਾਂ ਵਿੱਚੋਂ ਸਿਵਲ ਕੇਸਾਂ ਦੀ ਗਿਣਤੀ 1.10 ਕਰੋੜ ਅਤੇ ਲੰਬਿਤ ਅਪਰਾਧਿਕ ਕੇਸਾਂ ਦੀ ਗਿਣਤੀ 3.43 ਕਰੋੜ ਹੈ।

## ਜਨਤਕ ਸਿਕਾਇਤਾਂ ਦੇ ਨਿਪਟਾਰੇ ਨੂੰ ਲੈ ਕੇ ਕੇਂਦਰੀ ਮੰਤਰੀ ਜਤਿੰਦਰ ਨੇ ਸੰਸਦ 'ਚ ਦਿੱਤਾ ਇਹ ਬਿਆਨ

ਨਵੀਂ ਦਿੱਲੀ 30 ਨਵੰਬਰ। ਕੇਂਦਰੀ ਮੰਤਰੀ ਜਤਿੰਦਰ ਸਿੰਘ ਨੇ ਕਿਹਾ ਕਿ ਪਿਛਲੇ 5 ਸਾਲਾਂ 'ਚ 1.12 ਕਰੋੜ ਤੋਂ ਜ?ਿਆਦਾ ਜਨਤਕ ਸ?ਿਕਾਇਤਾਂ ਦਾ ਨਿਪਟਾਰਾ ਕੀਤਾ ਗਿਆ ਹੈ। ਇਹ ਸ?ਿਕਾਇਤਾਂ ਕੇਂਦਰੀ ਜਨਤਕ ਸ?ਿਕਾਇਤ ਨਿਵਾਰਨ ਅਤੇ ਨਿਗਰਾਨੀ ਪ੍ਰਣਾਲੀ () ਪੋਰਟਲ 'ਤੇ ਕੀਤੀਆਂ ਗਈਆਂ ਸਨ। ਸਿੰਘ ਨੇ ਰਾਜ ਸਭਾ ਨੂੰ ਇਕ ਲਿਖਤੀ ਜਵਾਬ ਵਿਚ ਦੱਸਿਆ ਕਿ 2020–2024 ਤੱਕ ਕੁੱਲ 1,12,30,957 ਸ?ਿਕਾਇਤਾਂ ਦਾ ਨਿਪਟਾਰਾ ਕੀਤਾ ਗਿਆ ਅਤੇ ਜਨਵਰੀ ਤੋਂ ਅਕਤੂਬਰ, 2024 ਤੱਕ ਪੋਰਟਲ 'ਤੇ ਹੁਣ ਤੱਕ ਦੀ ਸਭ ਤੋਂ ਵੱਧ 23,24,323 ਸ?ਿਕਾਇਤਾਂ ਦਾ ਨਿਪਟਾਰਾ ਕੀਤਾ ਗਿਆ। ਸਿੰਘ ਨੇ ਕਿਹਾ ਕਿ ਸ?ਿਕਾਇਤਾਂ ਦਾ ਔਸਤ ਨਿਪਟਾਰਾ ਸਮਾਂ 2019 ਵਿਚ 28 ਦਿਨਾਂ ਤੋਂ ਘਟ ਕੇ 2024 'ਚ 13 ਦਿਨ ਰਹਿ ਗਿਆ ਹੈ। ਸਰਕਾਰ ਨੇ ਸ?ਿਕਾਇਤ ਨਿਵਾਰਨ ਨੂੰ ਸਮੇਂ ਸਿਰ, ਅਰਥਪੂਰਨ ਅਤੇ ਪਹੁੰਚਯੋਗ ਬਣਾਉਣ ਲਈ ਦੇ 10–ਪੜਾਵੀ ਸੁਧਾਰਾਂ ਨੂੰ ਅਪਣਾਇਆ ਹੈ ਅਤੇ ਪੋਰਟਲ 'ਤੇ 103,183 ਸ?ਿਕਾਇਤ ਅਧਿਕਾਰੀਆਂ ਨੂੰ ਜੋੜਿਆ ਹੈ। ਮੰਤਰੀ ਨੇ ਕਿਹਾ ਕਿ ਇਸ ਨਾਲ ਭਾਰਤ ਸਰਕਾਰ ਕੋਲ ਪੈਂਡਿੰਗ ਜਨਤਕ ਸ?ਿਕਾਇਤਾਂ ਨੂੰ 31 ਅਕਤੂਬਰ, 2024 ਤੱਕ 54,339 ਦੇ ਹੇਠਲੇ ਪੱਧਰ 'ਤੇ ਲਿਆਉਣ ਵਿਚ ਮਦਦ ਮਿਲੀ ਹੈ। ਸਰਕਾਰ ਨੇ 23 ਅਗਸਤ, 2024 ਨੂੰ ਜਨਤਕ ਸ?ਿਕਾਇਤਾਂ ਦੇ ਪ੍ਰਭਾਵਸਾਲੀ ਨਿਪਟਾਰੇ ਲਈ ਵਿਆਪਕ ਦਿਸਾ–ਨਿਰਦੇਸ ਵੀ ਜਾਰੀ ਕੀਤੇ ਸਨ। ਸਿੰਘ ਨੇ ਕਿਹਾ ਕਿ ਦੀ ਪੇਂਡੂ ਅਤੇ ਗਰੀਬ ਆਬਾਦੀ ਤੱਕ ਪਹੁੰਚ ਨੂੰ ਵਧਾਉਣ ਦੇ ਉਦੇਸ ਨਾਲ, ਸਰਕਾਰ ਨੇ ਨਾਗਰਿਕਾਂ ਲਈ ਸ?ਿਕਾਇਤਾਂ ਦਰਜ ਕਰਵਾਉਣਾ ਆਸਾਨ ਬਣਾਉਣ ਲਈ ਸਾਂਝੇ ਸੇਵਾ ਕੇਂਦਰਾਂ ਨਾਲ ਸਹਿਯੋਗ ਕੀਤਾ ਹੈ।

## 2027 'ਚ ਹੋਣ ਵਾਲੀਆਂ ਚੋਣਾਂ 'ਚ ਭਾਜਪਾ ਹਾਸਲ ਕਰੇਗੀ ਜਿੱਤ : ਯੋਗੀ

**ਏਜੰਸੀਆਂ**

ਲਖਨਊ 30 ਨਵੰਬਰ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਦਾਅਵਾ ਕੀਤਾ ਕਿ 2027 'ਚ ਹੋਣ ਵਾਲੀਆਂ ਉੱਤਰ ਪ੍ਰਦੇਸ ਵਿਧਾਨ ਸਭਾ ਚੋਣਾਂ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਵੱਡੀ ਜਿੱਤ ਹਾਸਲ ਕਰੇਗੀ। ਭਾਜਪਾ ਹੈੱਡਕੁਆਰਟਰ ਵਿਖੇ ਹੋਈ ਜ?ਿਮਨੀ ਚੋਣ ਵਿੱਚ ਜੇਤੂ ਰਹੇ ਨਵੇਂ ਚੁਣੇ ਗਏ ਵਿਧਾਇਕਾਂ ਦੇ ਸਨਮਾਨ ਸਮਾਰੋਹ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਟੀਮ ਭਾਵਨਾ ਅਤੇ ਏਕਤਾ ਨਾਲ ਕੰਮ ਕਰਕੇ ਅਸੰਭਵ ਨੂੰ ਵੀ ਸੰਭਵ ਬਣਾਇਆ ਜਾ ਸਕਦਾ ਹੈ। ਵਿਰੋਧੀ ਧਿਰ 'ਤੇ ਨਿਸਾਨਾ ਸਾਧਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਉਪ ਚੋਣਾਂ 'ਚ ਭਾਜਪਾ ਦੀ ਸਾਨਦਾਰ ਜਿੱਤ ਤੋਂ ਵਿਰੋਧੀ ਪਾਰਟੀਆਂ ਡਰ ਗਈਆਂ ਹਨ। ਹੁਣ ਉਹ ਸਿਰਫ ਦੋਸ ਹੀ ਲਗਾ ਸਕਦੇ ਹਨ। ਯੋਗੀ ਆਦਿਤਿਆਨਾਥ ਨੇ ਸਾਰਿਆਂ ਨੂੰ ਭਰੋਸਾ ਦਿਵਾਇਆ ਕਿ ਭਾਜਪਾ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹੋਰ ਵੀ ਵੱਡੀ ਜਿੱਤ ਹਾਸਲ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰੇਰਨਾ, ਮਾਰਗਦਰਸਨ ਅਤੇ ਅਗਵਾਈ ਹੇਠ ਐੱਨਡੀਏ ਨੇ ਹਰਿਆਣਾ ਵਿੱਚ ਹੈਟ੍ਰਿਕ ਬਣਾਈ, ਮਹਾਰਾਸਟਰ ਵਿੱਚ ਭਾਰੀ ਬਹੁਮਤ ਨਾਲ ਜਿੱਤ ਪ੍ਰਾਪਤ ਕੀਤੀ ਅਤੇ ਉੱਤਰ ਪ੍ਰਦੇਸ ਦੀਆਂ ਉਪ ਚੋਣਾਂ ਵਿੱਚ 9 ਵਿੱਚੋਂ 7 ਸੀਟਾਂ ਜਿੱਤੀਆਂ। ਮੁੱਖ ਮੰਤਰੀ ਨੇ ਕਿਹਾ ਕਿ ਅਸੀਂ ਚੋਣਾਂ ਤੋਂ ਪਹਿਲਾਂ ਹੀ ਸੱਤ ਸੀਟਾਂ ਜਿੱਤਣ ਦੀ ਰਣਨੀਤੀ ਬਣਾਈ ਸੀ, ਜਿਸ ਨੂੰ ਜਥੇਬੰਦੀ ਅਤੇ ਵਰਕਰਾਂ ਨੇ ਜਮੀਨੀ ਪੱਧਰ 'ਤੇ ਲਾਗੂ ਕਰਕੇ



ਕਾਮਯਾਬ ਕੀਤਾ। ਯੋਗੀ ਨੇ ਕੁੰਡਰਕੀ ਅਤੇ ਕਟੇਹਰੀ ਵਰਗੀਆਂ ਮੁਸਕਲ ਸੀਟਾਂ 'ਤੇ ਜਿੱਤ ਨੂੰ ਪਾਰਟੀ ਦੀ ਰਣਨੀਤੀ ਅਤੇ ਵਰਕਰਾਂ ਅਤੇ ਅਧਿਕਾਰੀਆਂ ਦੇ ਸਾਂਝੇ ਯਤਨਾਂ ਦਾ ਨਤੀਜਾ ਦੱਸਿਆ। ਉਨ੍ਹਾਂ ਕਿਹਾ ਕਿ ਜਿੱਥੇ ਲੋਕਾਂ ਨੇ ਜਿੱਤ ਦੀ ਸੰਭਾਵਨਾ 'ਤੇ ਸਵਾਲ ਉਠਾਏ, ਉੱਥੇ ਭਾਜਪਾ ਨੇ ਨਾ ਸਿਰਫ ਜਿੱਤ ਪ੍ਰਾਪਤ ਕੀਤੀ ਸਗੋਂ ਆਪਣੀ ਸਥਿਤੀ ਮਜਬੂਤ ਵੀ ਕੀਤੀ। ਕੁੰਡਰਕੀ ਵਿੱਚ 1.45 ਲੱਖ ਵੋਟਾਂ ਨਾਲ ਰਿਕਾਰਡ ਤੋੜ ਜਿੱਤ ਇਸ ਦੀ ਮਿਸਾਲ ਹੈ। ਪਾਰਟੀ ਦੀ ਵਿਚਾਰਧਾਰਾ ਅਤੇ ਵਰਕਰਾਂ ਦੇ ਸਮਰਪਣ 'ਤੇ ਜੋਰ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਹਰ ਚੁਣੌਤੀ ਨੂੰ ਮੌਕੇ ਵਿੱਚ ਬਦਲਣ ਦੀ ਸਮਰੱਥਾ ਰੱਖਦੀ ਹੈ। ਉਨ੍ਹਾਂ ਸੱਤਾਂ ਵਿਧਾਨ ਸਭਾਵਾਂ ਵਿੱਚ ਹੋਈ ਜਿੱਤ ਨੂੰ ਵਰਕਰਾਂ ਤੇ ਆਗੂਆਂ ਦੀਆਂ ਸਖਤ ਮਿਹਨਤਾਂ ਦਾ ਨਤੀਜਾ ਦੱਸਿਆ। ਉਨ੍ਹਾਂ ਕਿਹਾ ਕਿ ਇਹ ਜਿੱਤ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਵਿਰੋਧੀ ਧਿਰ ਦੇ ਮਨਾਂ ਵਿੱਚ ਡਰ ਪੈਦਾ ਕਰੇਗੀ। ਅਸੀਂ ਜਨਤਾ ਦੀਆਂ ਉਮੀਦਾਂ 'ਤੇ ਖਰਾ ਉਤਰਨਾ ਹੈ ਅਤੇ ਡੂੰਘੇ ਲੋਕ ਸੰਪਰਕ ਰਾਹੀਂ ਸਰਕਾਰੀ ਸਕੀਮਾਂ ਨੂੰ ਹਰ ਵਿਅਕਤੀ ਤੱਕ ਪਹੁੰਚਾਉਣਾ ਹੈ। ਇਸ ਨਾਲ 2027 ਵਿੱਚ ਸਾਡੀ ਸਫਲਤਾ ਹੋਰ ਵੀ ਵੱਡੀ ਹੋਵੇਗੀ।

## ਵਕਫ ਦੀਆਂ 58 ਹਜਾਰ ਤੋਂ ਜਿਆਦਾ ਜਾਇਦਾਦਾਂ 'ਤੇ ਨਾਜਾਇਜ ਕਬਜੇ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 30 ਨਵੰਬਰ। ਵਕਫ ਸੋਧ ਬਿੱਲ ਨੂੰ ਲੈ ਕੇ ਪਿਛਲੇ ਤਿੰਨ ਦਿਨਾਂ ਤੋਂ ਸੰਸਦ ਵਿਚ ਹੰਗਾਮਾ ਚੱਲ ਰਿਹਾ ਹੈ। ਹੁਣ ਮੰਨਿਆ ਜਾ ਰਿਹਾ ਹੈ ਕਿ ਇਹ ਬਿੱਲ ਅਗਲੇ ਸਾਲ ਦੇ ਬਜਟ ਸੈਸਨ 'ਚ ਪੇਸ ਕੀਤਾ ਜਾ ਸਕਦਾ ਹੈ। ਇਸ ਦੌਰਾਨ ਕੇਂਦਰੀ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਸੰਸਦ ਨੂੰ ਦੱਸਿਆ ਹੈ ਕਿ ਦੇਸ ਭਰ ਵਿਚ ਵਕਫ ਬੋਰਡ ਦੀਆਂ 58 ਹਜਾਰ ਤੋਂ ਵੱਧ ਜਾਇਦਾਦਾਂ ਇਸ ਵੇਲੇ ਕਬਜੇ ਹੇਠ ਹਨ। ਸੰਸਦ ਵਿਚ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਕੇਂਦਰੀ ਮੰਤਰੀ ਨੇ ਕਿਹਾ, 'ਭਾਰਤੀ ਵਕਫ ਸੰਪਤੀ ਪ੍ਰਬੰਧਨ ਪ੍ਰਣਾਲੀ (ਡਬਲਯੂ. ਏ. ਐੱਮ. ਐੱਸ. ਆਈ) 'ਤੇ ਉਪਲਬਧ ਅੰਕੜਿਆਂ ਅਨੁਸਾਰ, 58,929 ਵਕਫ ਸੰਪਤੀਆਂ ਇਸ ਸਮੇਂ ਕਬਜੇ ਦਾ ਸ?ਿਕਾਰ ਹਨ। ਇਨ੍ਹਾਂ ਵਿੱਚੋਂ 869 ਵਕਫ ਜਾਇਦਾਦ ਸਿਰਫ ਕਰਨਾਟਕ ਵਿਚ ਹਨ। ਕਿਰਨ ਰਿਜਿਜੂ ਨੇ ਸੰਸਦ 'ਚ ਕਿਹਾ, 'ਰਾਜ ਵਕਫ ਬੋਰਡ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਨੂੰ ਵਕਫ ਸੰਪਤੀਆਂ 'ਤੇ ਨਾਜਾਇਜ ਕਬਜ?ਿਆਂ ਅਤੇ ਕਬਜੇ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦਾ



ਅਧਿਕਾਰ ਹੈ। ਨਿਯਮਾਂ ਮੁਤਾਬਕ ਵਕਫ ਜਾਇਦਾਦ ਨੂੰ ਵੇਚਿਆ ਨਹੀਂ ਜਾ ਸਕਦਾ। ਇਹ ਕਿਸੇ ਨੂੰ ਤੋਹਫਾ ਨਹੀਂ ਦਿੱਤਾ ਜਾ ਸਕਦਾ। ਵਕਫ ਜਾਇਦਾਦ ਨੂੰ ਵੀ ਤਬਦੀਲ ਨਹੀਂ ਕੀਤਾ ਜਾ ਸਕਦਾ ਹੈ। ਦੱਸਣਯੋਗ ਹੈ ਕਿ ਭਾਜਪਾ ਦੇ ਸੰਸਦ ਮੈਂਬਰ ਨਿਸੀਕਾਂਤ ਦੂਬੇ ਨੇ ਖੁਦ ਜੇਪੀਸੀ ਦਾ ਕਾਰਜਕਾਲ ਵਧਾਉਣ ਦਾ ਪ੍ਰਸਤਾਵ ਰੱਖਿਆ ਹੈ। ਦੂਬੇ ਮੁਤਾਬਕ ਕਮੇਟੀ ਨੂੰ ਆਪਣੀ ਰਿਪੋਰਟ ਸੰਸਦ ਦੇ ਬਜਟ ਸੈਸਨ ਦੇ ਪਹਿਲੇ ਹਫਤੇ ਸੌਂਪਣੀ ਚਾਹੀਦੀ ਹੈ। ਹੁਣ ਜੇਪੀਸੀ ਚੇਅਰਮੈਨ ਜਗਦੰਬਿਕਾ ਪਾਲ ਇਸ ਪ੍ਰਸਤਾਵ ਨੂੰ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਭੇਜਣਗੇ। ਵਿਰੋਧੀ ਧਿਰ ਦੇ ਨੇਤਾਵਾਂ ਖਾਸ ਤੌਰ 'ਤੇ ਏਆਈਐੱਮਆਈਐੱਮ ਦੇ ਮੁਖੀ ਅਸਦੁਦੀਨ ਓਵੈਸੀ ਨੇ ਵੀ ਜੇਪੀਸੀ ਦੀ ਕਾਰਜਸੈਲੀ ਅਤੇ ਬਿੱਲ ਦੀਆਂ ਵਿਵਸਥਾਵਾਂ 'ਤੇ ਸਵਾਲ ਉਠਾਏ ਹਨ।

## ਕੇਂਦਰ ਸਰਕਾਰ ਦਾ ਨਵੇਂ ਸਾਲ 'ਤੇ ਮੁਲਾਜਮਾਂ ਨੂੰ ਵੱਡਾ ਤੋਹਫਾ

ਨਵੀਂ ਦਿੱਲੀ 30 ਨਵੰਬਰ। ਕੇਂਦਰ ਸਰਕਾਰ ਨੇ ਵੱਡਾ ਐਲਾਨ ਕਰਦੇ ਹੋਏ 1 ਕਰੋੜ ਤੋਂ ਵੱਧ ਸਰਕਾਰੀ ਕਰਮਚਾਰੀਆਂ ਦੇ ਮਹਿੰਗਾਈ ਭੱਤੇ () 'ਚ 53 ਫੀਸਦੀ ਦਾ ਵਾਧਾ ਕੀਤਾ ਸੀ। ਹੁਣ ਸਰਕਾਰ ਨਵੇਂ ਸਾਲ 'ਤੇ ਮੁਲਾਜਮਾਂ ਨੂੰ ਇਕ ਹੋਰ ਵੱਡਾ ਤੋਹਫਾ ਦੇਣ ਦੀ ਤਿਆਰੀ ਕਰ ਸਕਦੀ ਹੈ। ਲੱਖਾਂ ਮੁਲਾਜਮ ਜਿਨ੍ਹਾਂ ਦਾ 18 ਮਹੀਨਿਆਂ ਤੋਂ ਏਰੀਅਰ ਰੁਕਿਆ ਪਿਆ ਹੈ ਉਨ੍ਹਾਂ ਦਾ ਇੰਤਜਾਰ ਜਲਦੀ ਖਤਮ ਹੋ ਸਕਦਾ ਹੈ। ਮੁਲਾਜਮਾਂ ਨੂੰ ਦਿੱਤੇ ਜਾਣ ਵਾਲੇ 18 ਮਹੀਨਿਆਂ ਦੇ ਏਰੀਅਰ ਨੂੰ ਲੈ ਕੇ ਚਰਚਾ ਫਿਰ ਤੇਜ ਹੋ ਗਈ ਹੈ। ਕੋਵਿਡ–19 ਮਹਾਮਾਰੀ ਦੌਰਾਨ ਆਰਥਿਕ ਸੰਕਟ ਕਾਰਨ ਸਰਕਾਰ ਨੇ ਜਨਵਰੀ 2020, ਜੁਲਾਈ 2020 ਅਤੇ ਜਨਵਰੀ 2021 ਦੇ ਏਰੀਅਰ ਦੀਆਂ ਕਿਸਤਾਂ ਰੋਕ ਦਿੱਤੀਆਂ ਸਨ। ਹੁਣ ਮੀਡੀਆ ਰਿਪੋਰਟਾਂ ਮੁਤਾਬਕ ਸਰਕਾਰ ਨਵੇਂ ਸਾਲ ਤੋਂ ਪਹਿਲਾਂ ਇਸ ਬਕਾਏ ਦਾ ਭੁਗਤਾਨ ਕਰਨ ਦੀ ਸੰਭਾਵਨਾ 'ਤੇ ਵਿਚਾਰ ਕਰ ਰਹੀ ਹੈ। ਇੰਪਲਾਈਜ ਐਸੋਸੀਏਸਨ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਸਰਕਾਰ ਇਸ ਸਾਲ ਦੇ ਅੰਤ ਤੱਕ ਬਕਾਏ ਸਬੰਧੀ ਕੋਈ ਵੱਡਾ ਐਲਾਨ ਕਰ ਸਕਦੀ ਹੈ, ਹਾਲਾਂਕਿ ਇਸ ਸਬੰਧੀ ਅਜੇ ਤੱਕ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ। ਕੋਵਿਡ ਮਹਾਂਮਾਰੀ ਦੌਰਾਨ ਵਿਸਵ ਭਰ ਵਿੱਚ ਆਰਥਿਕ ਸੰਕਟ ਡੂੰਘਾ ਹੋ ਗਿਆ ਸੀ ਅਤੇ ਭਾਰਤ ਵਿੱਚ ਵੀ ਆਰਥਿਕ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਨੇ ਕਰਮਚਾਰੀਆਂ ਦੇ ਬਕਾਏ ਦੀਆਂ ਕਿਸਤਾਂ ਰੋਕਣ ਦਾ ਫੈਸਲਾ ਕੀਤਾ ਸੀ। ਹੁਣ ਤਿੰਨ ਸਾਲਾਂ ਬਾਅਦ ਮੁਲਾਜਮਾਂ ਨੂੰ ਉਨ੍ਹਾਂ ਦੇ ਬਕਾਏ ਜਲਦੀ ਮਿਲਣ ਦੀ ਆਸ ਹੈ। ਇਸ ਸਾਲ ਦੀਵਾਲੀ 'ਤੇ ਕੇਂਦਰ ਸਰਕਾਰ ਨੇ ਮੁਲਾਜਮਾਂ ਦੇ ਡੀਏ 'ਚ 3 ਫੀਸਦੀ ਦਾ ਵਾਧਾ ਕੀਤਾ ਸੀ, ਜਿਸ ਕਾਰਨ ਮਹਿੰਗਾਈ ਭੱਤੇ ਦੀ ਦਰ 53 ਫੀਸਦੀ 'ਤੇ ਪਹੁੰਚ ਗਈ ਸੀ।

## ਯੂਪੀਆਈ ਟਰਾਂਜੈਕਸ਼ਨ 'ਚ 485 ਕਰੋੜ ਦੀ ਧੋਖਾਧੜੀ ਤੇ 6.32 ਲੱਖ ਮਾਮਲੇ ਹੋਏ ਦਰਜ

ਨਵੀਂ ਦਿੱਲੀ 30 ਨਵੰਬਰ। ਭਾਰਤ ਵਿੱਚ ਇੰਟਰਨੈਟ ਅਤੇ ਸਮਾਰਟਫੋਨ ਦੀ ਵਰਤੋਂ ਵਿੱਚ ਵਾਧੇ ਦੇ ਨਾਲ–ਨਾਲ ਡਿਜੀਟਲ ਭੁਗਤਾਨ ਦੀ ਪ੍ਰਕਿਰਿਆ ਵਿੱਚ ਵੀ ਤੇਜੀ ਨਾਲ ਵਾਧਾ ਹੋਇਆ ਹੈ। ਇਸ ਦੌਰਾਨ ਯੂਨੀਫਾਈਡ ਪੇਮੈਂਟਸ ਇੰਟਰਫੇਸ (ਯੂਪੀਆਈ) ਰਾਹੀਂ ਧੋਖਾਧੜੀ ਦੇ ਮਾਮਲਿਆਂ ਵਿੱਚ ਵੀ ਵਾਧਾ ਹੋਇਆ ਹੈ। ਵਿੱਤੀ ਸਾਲ 2024–25 ਵਿੱਚ ਧੋਖਾਧੜੀ ਕਾਰਨ ਭਾਰਤੀਆਂ ਨੂੰ ਲਗਭਗ 485 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਵਿੱਤ ਮੰਤਰਾਲੇ ਦੇ ਅੰਕੜਿਆਂ ਮੁਤਾਬਕ ਇਸ ਸਾਲ ਯੂਪੀਆਈ ਰਾਹੀਂ ਧੋਖਾਧੜੀ ਦੀਆਂ ਘਟਨਾਵਾਂ 6 ਲੱਖ 32 ਹਜਾਰ ਤੱਕ ਪਹੁੰਚ ਗਈਆਂ ਹਨ। ਇਹ ਅੰਕੜੇ ਸਤੰਬਰ ਮਹੀਨੇ ਲਈ ਜਾਰੀ ਕੀਤੇ ਗਏ ਹਨ। ਜੇਕਰ ਸਾਲ 2022–23 ਦੀ ਗੱਲ ਕਰੀਏ ਤਾਂ ਹੁਣ ਤੱਕ ਇਸ ਦੌਰਾਨ 27 ਲੱਖ ਲੋਕਾਂ ਨਾਲ ਧੋਖਾਧੜੀ ਦੀਆਂ ਘਟਨਾਵਾਂ ਹੋਈਆਂ ਹਨ, ਜਿਸ 'ਚ ਯੂਜਰਸ ਨੂੰ 2145 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਕੱਲੇ ਸਾਲ 2023–24 ਵਿਚ ਹੀ ਯੂਪੀਆਈ ਰਾਹੀਂ 13 ਲੱਖ ਤੋਂ ਵੱਧ ਲੋਕਾਂ ਨਾਲ ਠੱਗੀ ਮਾਰੀ ਗਈ ਹੈ, ਜਿਸ ਵਿਚ ਇਨ੍ਹਾਂ ਲੋਕਾਂ ਨੂੰ ਕੁੱਲ 1087 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਇਕ ਰਿਪੋਰਟ ਮੁਤਾਬਕ ਯੂਪੀਆਈ ਨਾਲ ਹੋਣ ਵਾਲੇ ਧੋਖਾਧੜੀ ਦੀ ਗਿਣਤੀ ਵਧਣ ਕਾਰਨ ਯੂਜਰਸ ਦੀ ਗਿਣਤੀ ਵਧਣ ਦੀ ਗੱਲ ਕਹੀ ਜਾ ਰਹੀ ਹੈ। ਇੰਨਾ ਹੀ ਨਹੀਂ ਇਨ੍ਹਾਂ ਧੋਖਾਧੜੀ ਦੀਆਂ ਘਟਨਾਵਾਂ 'ਚ ਵਾਧਾ ਹੋਣ ਦੇ ਪਿੱਛੇ ਦਾ ਕਾਰਨ ਰਿਅਲ ਟਾਈਮ ਪੇਮੈਂਟ ਸਿਸਟਮ ਦੇ ਟਰਾਂਜੈਕਸ਼ਨ ਦੀ ਸੰਖਿਆ ਦਾ ਵਧਣਾ ਦੱਸਿਆ ਜਾ ਰਿਹਾ ਹੈ। ਵਿੱਤ ਮੰਤਰਾਲੇ ਨੇ ਮੰਗਲਵਾਰ ਨੂੰ ਕਿਹਾ ਕਿ ਅਜਿਹੇ ਧੋਖਾਧੜੀ ਨਾਲ ਨਜਿੱਠਣ ਲਈ, ਭਾਰਤ ਨੂੰ ਫਿਨਟੈਕ ਇਨੋਵੇਸਨ ਨੂੰ ਉਤਸਾਹਿਤ ਕਰਨ ਅਤੇ ਰੈਗੂਲੇਟਰੀ ਪਾਲਣਾ ਨੂੰ ਯਕੀਨੀ ਬਣਾਉਣ ਵਿਚਕਾਰ ਸੰਤੁਲਨ ਬਣਾਈ ਰੱਖਣਾ ਹੋਵੇਗਾ।

## ਆਪਣੀਆਂ ਜਾਇਦਾਦਾਂ ਨਿਲਾਮ ਕਰਵਾ ਲੈਣ ਪ੍ਰਧਾਨ ਸਾਹਿਬ: ਸਰਨਾ

ਨਵੀਂ ਦਿੱਲੀ 30 ਨਵੰਬਰ। ਦਿੱਲੀ ਅਕਾਲੀ ਦਲ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਗੁਰੂ ਹਰਕ੍ਰਿਸਨ ਪਬਲਿਕ ਸਕੂਲ () ਦੇ ਸਟਾਫ ਦੀਆਂ ਬਕਾਇਆ ਤਨਖਾਹਾਂ ਦੇਣ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਾਇਦਾਦਾਂ ਵੇਚਣ ਦਾ ਸਖਤ ਵਿਰੋਧ ਕੀਤਾ। ਉਨ੍ਹਾਂ ਕਮੇਟੀ ਦੀਆਂ ਜਾਇਦਾਦਾਂ ਨੂੰ ਵੇਚਣ ਨੂੰ ਅਸਵੀਕਾਰਨਯੋਗ ਕਰਾਰ ਦਿੱਤਾ ਹੈ। ਸਰਨਾ ਨੇ ਅਧਿਆਪਕਾਂ ਦੇ ਵਕੀਲ ਵਲੋਂ ਦਿੱਲੀ ਹਾਈ ਕੋਰਟ 'ਚ ਪੇਸ ਕੀਤੇ ਪ੍ਰਸਤਾਵ ਦੀ ਆਲੋਚਨਾ ਕੀਤੀ, ਜਿਸ ਵਿਚ ਬਕਾਇਆ ਅਦਾ ਕਰਨ ਲਈ ਲੋਨੀ ਵਿਚ 11 ਏਕੜ ਅਤੇ ਬਿਘਰ ਵਿਚ 280 ਏਕੜ ਜਮੀਨ ਸਮੇਤ ਵਲੋਂ ਪ੍ਰਸਾਸਿਤ ਜਮੀਨਾਂ ਨੂੰ ਵੇਚਣ ਦਾ ਸੁਝਾਅ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਜਾਇਦਾਦਾਂ ਪਵਿੱਤਰ ਹਨ ਅਤੇ ਸਿਰਫ 'ਤੇ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਨਾਲ ਸਬੰਧਤ ਹਨ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਕਿਸੇ ਨੂੰ ਵੀ ਗੁਰੂ ਸਾਹਿਬ ਜੀ ਦੀ ਜਾਇਦਾਦ ਵੇਚਣ ਦਾ ਅਧਿਕਾਰ ਨਹੀਂ ਹੈ। ਸਰਨਾ ਨੇ ਇਸ ਦੀ ਬਜਾਏ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਮਨਜਿੰਦਰ ਸਿੰਘ ਸਿਰਸਾ ਅਤੇ ਪੂਰੀ ਕਾਰਜਕਾਰੀ ਕਮੇਟੀ ਦੀਆਂ ਨਿੱਜੀ ਜਾਇਦਾਦਾਂ ਦੀ ਨਿਲਾਮੀ ਦਾ ਪ੍ਰਸਤਾਵ ਰੱਖਿਆ ਅਤੇ ਉਨ੍ਹਾਂ ਨੂੰ ਦੇ ਵਿੱਤੀ ਸੰਕਟ ਲਈ ਜ?ਿੰਮੇਵਾਰ ਠਹਿਰਾਇਆ। ਇਸ ਦੇ ਲਈ ਸਰਨਾ ਨੇ ਪਾਕਿਸਤਾਨ ਦੀ ਉਦਾਹਰਣ ਦਿੱਤੀ ਅਤੇ ਕਿਹਾ ਕਿ ਪਾਕਿਸਤਾਨ ਨੇ 47,000 ਏਕੜ ਧਾਰਮਿਕ ਜਾਇਦਾਦਾਂ ਨੂੰ ਸੁਰੱਖਿਅਤ ਰੱਖਿਆ ਹੋਇਆ ਹੈ।



ਉਨ੍ਹਾਂ ਕਿਹਾ ਕਿ ਦੀਆਂ ਜਾਇਦਾਦਾਂ ਦੀ ਵੀ ਇਸੇ ਤਰ੍ਹਾਂ ਸੁਰੱਖਿਆ ਕੀਤੀ ਜਾਣੀ ਚਾਹੀਦੀ ਹੈ। ਸਰਨਾ ਨੇ ਮੰਗ ਕੀਤੀ ਕਿ ਦੀ ਕਾਰਜਕਾਰਨੀ ਕਮੇਟੀ ਅਤੇ ਚੇਅਰਮੈਨਾਂ ਵਿਰੁੱਧ ਕਾਰਵਾਈ ਕੀਤੀ ਜਾਵੇ। ਇਹ ਉਨ੍ਹਾਂ ਲਈ ਇਕ ਮਿਸਾਲ ਕਾਇਮ ਕਰੇਗਾ ਜੋ ਨਿੱਜੀ ਲਾਭ ਲਈ ਦੀ ਮੈਂਬਰਸ?ਿਪ ਦੀ ਦੁਰਵਰਤੋਂ ਕਰਦੇ ਹਨ।

## ਸੱਜਣ ਕੁਮਾਰ ਖਿਲਾਫ ਕਤਲ ਦੇ ਇਕ ਮਾਮਲੇ 'ਚ 16 ਦਸੰਬਰ ਹੋਵੇਗਾ ਫੈਸਲਾ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 30 ਨਵੰਬਰ। ਰਾਸ਼ਟਰੀ ਰਾਜਧਾਨੀ ਦੀ ਇਕ ਅਦਾਲਤ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਸਿਲਸਿਲੇ 'ਚ ਸਾਬਕਾ ਕਾਂਗਰਸ ਸੰਸਦ ਮੈਂਬਰ ਸੱਜਣ ਕੁਮਾਰ ਖ?ਿਲਾਫ ਕਤਲ ਦੇ ਇਕ ਮਾਮਲੇ 'ਚ 16 ਦਸੰਬਰ ਨੂੰ ਆਪਣਾ ਫੈਸਲਾ ਸੁਣਾਏਗੀ। ਇਹ ਮਾਮਲਾ ਸਿੱਖ ਵਿਰੋਧੀ ਦੰਗਿਆਂ ਦੌਰਾਨ ਸਰਸਵਤੀ ਵਿਹਾਰ ਇਲਾਕੇ 'ਚ 2 ਲੋਕਾਂ ਦੇ ਕਤਲ ਨਾਲ ਜੁੜਿਆ ਹੈ। ਵਿਸ਼ੇਸ਼ ਜੱਜ ਕਾਵੇਰੀ ਬਾਵੇਜਾ ਨੇ ਸ਼ੁੱਕਰਵਾਰ ਨੂੰ ਆਦੇਸ਼ ਪਾਸ ਕਰਨਾ ਸੀ ਪਰ ਉਨ੍ਹਾਂ ਨੇ ਇਹ ਕਹਿੰਦੇ ਹੋਏ ਇਸ ਨੂੰ ਟਾਲ ਦਿੱਤਾ ਕਿ ਫੈਸਲਾ ਤਿਆਰ ਨਹੀਂ ਹੈ। ਅਦਾਲਤ ਨੇ ਇਕ ਨਵੰਬਰ 1984 ਨੂੰ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਬੇਟੇ ਤਰੁਣਦੀਪ ਸਿੰਘ ਦੇ ਕਤਲ ਨਾਲ ਸੰਬੰਧਤ ਮਾਮਲੇ 'ਚ ਅੰਤਿਮ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਸੁਰੱਖਿਅਤ ਰੱਖ ਲਿਆ। ਹਾਲਾਂਕਿ ਪੰਜਾਬੀ ਬਾਗ ਪੁਲਸ ਸਟੇਸ਼ਨ ਨੇ ਸ਼ੁਰੂ 'ਚ ਮਾਮਲਾ ਦਰਜ ਕੀਤਾ ਸੀ ਪਰ ਬਾਅਦ 'ਚ ਇਕ ਵਿਸ਼ੇਸ਼ ਜਾਂਚ ਦਲ (ਐੱਸ.ਆਈ.ਟੀ.) ਨੇ ਜਾਂਚ ਆਪਣੇ ਹੱਥ 'ਚ ਲੈ ਲਈ ਸੀ। ਅਦਾਲਤ ਨੇ 16 ਦਸੰਬਰ 2021 ਨੂੰ ਕੁਮਾਰ ਖ?ਿਲਾਫ ਦੋਸ਼ ਤੈਅ ਕੀਤੇ, ਜਿਸ 'ਚ ਉਨ੍ਹਾਂ ਖ?ਿਲਾਫ 'ਪਹਿਲੀ ਨਜਰ' ਮਾਮਲਾ ਪਾਇਆ ਗਿਆ। ਇਸਤਗਾਸਾ ਪੱਖ ਅਨੁਸਾਰ, ਖਤਰਨਾਕ ਹਥਿਆਰਾਂ ਨਾਲ ਲੈੱਸ ਇਕ ਵਿਸ਼ਾਲ ਭੀੜ ਨੇ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਦਾ ਬਦਲਾ ਲੈਣ ਲਈ ਵੱਡੇ ਪੈਮਾਨੇ 'ਤੇ ਲੁੱਟਖੋਹ, ਅੱਗ ਦੀਆਂ



ਘਟਨਾਵਾਂ ਅਤੇ ਸਿੱਖਾਂ ਦੀਆਂ ਜਾਇਦਾਦਾਂ ਨਸ਼ਟ ਕਰ ਦਿੱਤੀਆਂ। ਇਸਤਗਾਸਾ ਪੱਖ ਨੇ ਦੋਸ਼ ਲਗਾਇਆ ਕਿ ਭੀੜ ਨੇ ਸ਼ਿਕਾਇਤਕਰਤਾ ਜਸਵੰਤ ਦੀ ਪਤਨੀ ਦੇ ਘਰ 'ਤੇ ਹਮਲਾ ਕੀਤਾ ਅਤੇ ਉਸ ਦੇ ਪਤੀ ਅਤੇ ਬੇਟੇ ਦਾ ਕਤਲ ਕਰ ਦਿੱਤਾ, ਸਾਮਾਨ ਲੁੱਟ ਲਏ ਅਤੇ ਉਨ੍ਹਾਂ ਦੇ ਘਰ ਅੱਗ ਲਗਾ ਦਿੱਤੀ। ਕੁਮਾਰ ਖ?ਿਲਾਫ ਮਾਮਲੇ ਦੀ ਸੁਣਵਾਈ ਕਰਦੇ ਹੋਏ ਅਦਾਲਤ ਨੇ ਆਪਣੇ ਆਦੇਸ਼ 'ਚ ਕਿਹਾ ਸੀ ਕਿ ਪਹਿਲੀ ਨਜਰ ਇਹ ਰਾਏ ਬਣਾਉਣ ਲਈ ਪੂਰੀ ਸਮੱਗਰੀ ਮਿਲੀ ਕਿ ਕਾਂਗਰਸ ਆਗੂ ਕੁਮਾਰ ਨਾ ਸਿਰਫ ਇਕ ਭਾਗੀਦਾਰ ਸਨ ਸਗੋਂ ਉਨ੍ਹਾਂ ਨੇ ਭੀੜ ਦੀ ਅਗਵਾਈ ਵੀ ਕੀਤੀ ਸੀ।

## ਮਹਾਰਾਸ਼ਟਰ ਸਰਕਾਰ ਨੇ ਰਾਜ ਵਕਫ ਬੋਰਡ ਨੂੰ 10 ਕਰੋੜ ਰੁਪਏ ਦੇਣ ਦਾ ਵਾਪਸ ਲਿਆ ਹੁਕਮ

ਮੁੰਬਈ 30 ਨਵੰਬਰ। ਮਹਾਰਾਸਟਰ ਸਰਕਾਰ ਨੇ ਰਾਜ ਵਕਫ ਬੋਰਡ ਨੂੰ ਮਜਬੂਤ ਕਰਨ ਲਈ 10 ਕਰੋੜ ਰੁਪਏ ਟਰਾਂਸਫਰ ਕਰਨ ਦਾ ਆਪਣਾ ਹੁਕਮ ਵਾਪਸ ਲੈ ਲਿਆ ਹੈ। ਸੂਬੇ ਦੀ ਮੁੱਖ ਸਕੱਤਰ ਸੁਜਾਤਾ ਸੌਨਿਕ ਵਲੋਂ ਇਸ ਗੱਲ ਦੀ ਜਾਣਕਾਰੀ ਦਿੱਤੀ ਗਈ ਹੈ। ਰਾਜ ਪ੍ਰਸਾਸਨ ਨੇ ਇੱਕ ਦਿਨ ਪਹਿਲਾਂ ਇੱਕ ਸਰਕਾਰੀ ਮਤਾ ਜਾਰੀ ਕਰਕੇ ਰਾਜ ਦੇ ਵਕਫ ਬੋਰਡ ਨੂੰ ਮਜਬੂਤ ਕਰਨ ਲਈ 10 ਕਰੋੜ ਰੁਪਏ ਦਾ ਫੰਡ ਜਾਰੀ ਕਰਨ ਦੇ ਆਦੇਸ ਦਿੱਤੇ ਸਨ। ਇਹ ਪੁੱਛੇ ਜਾਣ 'ਤੇ ਕਿ ਕੀ 28 ਨਵੰਬਰ ਦੇ ਸਰਕਾਰੀ ਪ੍ਰਸਤਾਵ ਨੂੰ ਵਾਪਸ ਲੈ ਲਿਆ ਗਿਆ ਹੈ, ਸੌਨਿਕ ਨੇ ਇਸ ਘਟਨਾਕ੍ਰਮ ਦੀ ਪੁਸਟੀ ਕੀਤੀ। ਸਰਕਾਰੀ ਪ੍ਰਸਤਾਵ ਦੇ ਅਨੁਸਾਰ, ਮਹਾਰਾਸਟਰ ਰਾਜ ਵਕਫ ਬੋਰਡ ਨੂੰ ਮਜਬੂਤ ਕਰਨ ਲਈ 2024–25 ਲਈ 20 ਕਰੋੜ ਰੁਪਏ ਦੀ ਰਕਮ ਮਨਜੂਰ ਕੀਤੀ ਗਈ ਸੀ। ਇਸ ਵਿੱਚੋਂ 2 ਕਰੋੜ ਰੁਪਏ ਬੋਰਡ ਨੂੰ ਟਰਾਂਸਫਰ ਕਰ ਦਿੱਤੇ ਗਏ।

## ਫਾਜ਼ਿਲਕਾ ਵਿਖੇ ਹੋਣ ਵਾਲੇ 20 ਕਰੋੜ ਦੇ ਵਿਕਾਸ ਕਾਰਜਾਂ ਦੇ ਮਤੇ ਪਾਸ

ਫਾਜ਼ਿਲਕਾ 30 ਨਵੰਬਰ। ਨਗਰ ਕੌਂਸਲ ਫਾਜ਼ਿਲਕਾ ਵਿਖੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਦੀ ਅਗਵਾਈ ਹੇਠ ਐੱਮ. ਸੀ. ਦੀ ਹਾਜ਼ਰੀ 'ਚ 20 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦੇ ਮਤੇ ਪਾਸ ਕੀਤੇ ਗਏ, ਜੋਕਿ



ਆਉਂਦੇ ਸਾਲ 'ਚ ਮੁਕੰਮਲ ਕਰ ਲਏ ਜਾਣਗੇ। ਜਿਸ ਦੀ ਪੂਰਤੀ ਨਾਲ ਸ਼ਹਿਰਾਂ ਦੀ ਨੁਹਾਰ ਬਦਲੇਗੀ। ਵਿਧਾਇਕ ਫਾਜ਼ਿਲਕਾ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਸ਼ਹਿਰ ਦੇ ਵਿਕਾਸ 'ਚ ਕੋਈ ਢਿੱਲ ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸ਼ਹਿਰ ਅੰਦਰ 20 ਕਰੋੜ ਦੇ ਵੱਖ-ਵੱਖ ਵਿਕਾਸ ਕਾਰਜ ਉਲੀਕੇ ਜਾਣਗੇ। ਸ਼ਹਿਰ ਦੇ ਵਿਕਾਸ 'ਚ ਲਗਾਤਾਰ ਕਾਰਵਾਈਆਂ ਅਮਲ 'ਚ ਲਿਆਂਦੀਆਂ ਜਾ ਰਹੀਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆ ਕਿਹਾ ਕਿ ਵਿਕਾਸ ਪ੍ਰਾਜੈਕਟਾ ਸਮੇਂ ਸਿਰ ਮੁਕੰਮਲ ਕੀਤੇ ਜਾਣ ਅਤੇ ਪ੍ਰਾਜੈਕਟਾਂ ਨੂੰ ਪੂਰਾ ਕਰਨ 'ਚ ਮਟੀਰੀਅਲ ਚੰਗਾ ਵਰਤਿਆ ਜਾਵੇ। ਇਸ ਮੌਕੇ ਪ੍ਰਧਾਨ ਨਗਰ ਕੌਂਸਲ ਸੁਰਿੰਦਰ ਸਚਦੇਵਾ, ਗਉ ਸੇਵਾ ਕਮਿਸ਼ਨ ਮੈਂਬਰ ਅਰੁਣ ਵਧਵਾ, ਐੱਮ. ਸੀ. ਅਮਨ ਦੁਰੇਜਾ, ਵਿਨੀਤਾ ਗਾਂਧੀ, ਪੂਜਾ ਲੁਥਰਾ, ਸੀਨੀਅਰ ਆਗੂ ਸੁਨੀਲ ਮੈਣੀ, ਬੰਸੀ ਸਾਮਾ ਮੌਜੂਦ ਸਨ।

# ਇਮੀਗ੍ਰੇਸਨ ਸੈਂਟਰ 'ਤੇ ਗੋਲੀਬਾਰੀ ਲਈ ਬੈਕਅਪ ਵਜੋਂ ਤਿਆਰ ਸੂਟਰ ਗ੍ਰਿਫਤਾਰ

ਡੇਰਾਬਸੀ 30 ਨਵੰਬਰ। ਬੀਤੇ ਦਿਨੀਂ ਡੇਰਾਬਸੀ ਇਮੀਗਰੇਸਨ ਸੈਂਟਰ 'ਤੇ ਫਾਇਰਿੰਗ ਕਰਨ ਦੀ ਯੋਜਨਾ ਬਣਾਉਣ ਵਾਲੇ ਦੋ ਮੁੱਖ ਦੋਸ਼ੀਆਂ ਨੂੰ ਡੇਰਾਬਸੀ ਪੁਲਸ ਨੇ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ। ਦੋਵੇਂ ਮੁਲਜਮ ਲਾਰੈਂਸ ਬਿਸਨੋਈ ਤੇ ਗੋਲਡੀ ਬਰਾੜ ਗੈਂਗ ਦੇ ਕਾਰਕੁੰਨ ਹਨ। ਮੁਲਜਮਾਂ ਦੀ ਪਛਾਣ ਨਿਤੀਸ ਕੁਮਾਰ ਉਰਫ ਨਿੱਕੂ ਰਾਣਾ ਵਾਸੀ ਲਾਲੜੂ ਅਤੇ ਗੁਰਕੀਰਤ ਸਿੰਘ ਬੇਦੀ ਵਾਸੀ ਡੇਰਾਬਸੀ ਵਜੋਂ ਹੋਈ ਹੈ। ਜਿਨ੍ਹਾਂ ਨੂੰ ਪੁਲਸ ਲਾਲੜੂ ਦੇ ਝਰਮੜੀ ਬੈਰੀਅਰ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਗੁਰਕੀਰਤ ਨੂੰ ਇਮੀਗ੍ਰੇਸਨ ਸੈਂਟਰ ਵਿਚ ਗੋਲੀਬਾਰੀ ਲਈ ਬੈਕਅਪ ਸੂਟਰ ਵੱਜੋਂ ਤਿਆਰ ਕੀਤਾ ਗਿਆ ਸੀ। ਗ੍ਰਿਫਤਾਰ ਮੁਲਜਮਾਂ ਤੋਂ ਦੋ ਪਿਸਤੌਲ, ਪੰਜ ਜਿੰਦਾ ਕਾਰਤੂਸਾਂ ਸਮੇਤ ਇਕ ਮਹਿੰਦਰਾ ਬਲੈਰੋ ਜਬਤ ਕੀਤੀ ਗਈ ਹੈ। ਡੀਐੱਸਪੀ ਬਿਕਰਮਜੀਤ ਸਿੰਘ ਬਰਾੜ ਨੇ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੁਲਜ਼ਮ 19 ਸਤੰਬਰ ਨੂੰ ਡੇਰਾਬਸੀ ਵਿਖੇ ਇਕ ਇਮੀਗਰੇਸਨ ਸੈਂਟਰ ਵਿਚ ਵਾਪਰੀ ਗੋਲੀਬਾਰੀ ਦੀ ਘਟਨਾ ਦੇ ਮੁੱਖ ਦੋਸੀ ਹਨ ਇਨ੍ਹਾਂ ਦੇ ਹੀ ਕਹਿਣ ਉੱਤੇ ਪਹਿਲਾਂ ਗ੍ਰਿਫਤਾਰ ਕੀਤੇ ਮੁਲਜਮਾਂ ਨੇ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਇਮੀਗ੍ਰੇਸਨ ਸੈਂਟਰ ਤੇ ਫਾਇਰਿੰਗ ਕਰਨ ਲਈ ਹਥਿਆਰ ਮੁਲਜਮ ਨਿੱਕੂ ਰਾਣਾ ਵੱਲੋਂ ਮੁਹੱਈਆ ਕਰਵਾਏ ਗਏ ਸਨ। ਨਿੱਕੂ ਰਾਣਾ ਵਿਦੇਸੀ ਹੈਂਡਲਰ ਗੋਲਡੀ ਬਰਾੜ ਅਤੇ ਸਾਬਾ ਅਮਰੀਕਾ ਦੇ ਸੰਪਰਕ ਵਿਚ ਸੀ।



ਜਿਸ ਨੇ ਆਪਣੇ ਸਾਥੀ ਮਨਜੀਤ ਉਰਫ ਗੁਰੀ ਨਾਲ ਮਿਲ ਕੇ ਗੋਲੀਬਾਰੀ ਦੀ ਸਾਰੀ ਘਟਨਾ ਦੀ ਯੋਜਨਾ ਬਣਾਈ ਸੀ। ਵਾਰਦਾਤ ਨੂੰ ਅੰਜਾਮ ਦੇਣ ਲਈ ਤਿਹਾੜ ਜੇਲ ਵਿੱਚ ਬੰਦ ਮਨਜੀਤ ਉਰਫ ਗੁਰੀ ਅਤੇ ਗੈਂਗਸਟਰ ਸਚਿਨ ਬੰਜਾ ਵੱਲੋਂ ਨਿੱਕੂ ਅਤੇ ਗੁਰਕੀਰਤ ਨੂੰ ਦਿੱਲੀ ਤੋਂ ਹਥਿਆਰ ਮੁਹੱਈਆ ਕਰਵਾਏ ਸਨ। ਡੀਐੱਸਪੀ ਬਰਾੜ ਨੇ ਦੱਸਿਆ ਕਿ ਨਿੱਕੂ ਰਾਣਾ ਲਾਰੈਂਸ ਬਿਸਨੋਈ ਅਤੇ ਗੋਲਡੀ ਬਰਾੜ ਗਿਰੋਹ ਦਾ ਸਰਗਰਮ ਮੈਂਬਰ ਹੈ ਜੋ ਪਿਛਲੇ ਸਮੇਂ ਵਿਚ ਅਪਰਾਧਿਕ ਮਾਮਲਿਆਂ ਵਿਚ ਸਾਮਿਲ ਸੀ। ਜਿਸ ਨੂੰ ਫਰਵਰੀ 2023 ਵਿਚ ਗੋਲਡੀ ਬਰਾੜ ਦੇ ਕਹਿਣ 'ਤੇ ਦਵਿੰਦਰ ਬੰਬੀਹਾ ਗੈਂਗ ਨਾਲ ਜੁੜੇ ਇਕ ਵਿਰੋਧੀ ਨੂੰ ਖਤਮ ਕਰਨ ਦੀ ਯੋਜਨਾ ਬਣਾਉਣ ਲਈ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਬਾਅਦ ਨਵੰਬਰ 2023 ਵਿਚ ਉਹ ਗੋਲਡੀ ਬਰਾੜ ਗੈਂਗ ਵਲੋਂ ਜੀਰਕਪੁਰ ਸਥਿਤ ਇਕ ਵਪਾਰੀ ਦੀ ਹੱਤਿਆ ਦੀ ਅਸਫਲ ਕੋਸਸ਼ਿ ਲਈ ਮਨਜੀਤ ਉਰਫ ਗੁਰੀ ਨੂੰ ਲੋਜਿਸਟਿਕਸ ਅਤੇ ਹਥਿਆਰ ਮੁਹਈਆ ਕਰਵਾਉਣ ਵਿਚ ਵੀ ਉਸਦੀ ਸਮੂਲੀਅਤ ਸੀ। ਡੀਐਸਪੀ ਬਰਾੜ ਨੇ ਦੱਸਿਆ ਕਿ ਮੁਲਜਮਾਂ ਦੀ ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਕਿ ਗੁਰਕੀਰਤ ਇਮੀਗ੍ਰੇਸਨ ਦਫਤਰ ਵਿਚ ਗੋਲੀਬਾਰੀ ਲਈ ਬੈਕਅਪ ਸੂਟਰ ਵੱਜੋਂ ਤਿਆਰ ਸੀ। ਮੁਲਜਮਾਂ ਨੂੰ ਐੱਫਆਈਆਰ ਨੰਬਰ 292 ਅਧੀਨ 111,109,308(5),333,351(2),351(3),3(5), 332-ਬੀ, 61(2) ਬੀਐੱਨਐੱਸ ਅਤੇ 25 ਤਹਿਤ ਗ੍ਰਿਫਤਾਰ ਕੀਤਾ ਗਿਆ ਹੈ।

## ਚਿੱਟੇ ਦਿਨ ਘਰ ਵੜ ਆਏ ਲੁਟੇਰਿਆਂ ਨਾਲ ਭਿੜ ਗਈ ਔਰਤ, ਵੀਡੀਓ ਦੇਖ ਖੜ੍ਹੇ ਹੋਣਗੇ ਰੌਂਗਟੇ

ਅੰਮ੍ਰਿਤਸਰ 30 ਨਵੰਬਰ। ਅੰਮ੍ਰਿਤਸਰ 'ਚ ਤਿੰਨ ਨੌਜਵਾਨਾਂ ਵੱਲੋਂ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਦਰਅਸਲ ਇਹ ਘਟਨਾ ਵੇਰਕਾ ਦੇ ਸਟਾਰ ਐਵੀਨਿਊ ਇਲਾਕੇ ਦੀ ਹੈ ਜਿਥੇ ਲੁੱਟ ਕਰਨ ਆਏ ਨੌਜਵਾਨ ਦੀਆਂ ਤਸਵੀਰਾਂ ਸੀ. ਸੀ. ਟੀ. ਵੀ. ਕੈਮਰੇ 'ਚ ਕੈਦ ਹੋ ਗਈਆਂ ਹਨ। ਜਾਣਕਾਰੀ ਮੁਤਾਬਕ ਲੁਟੇਰੇ ਹਥਿਆਰਾਂ ਨਾਲ ਲੈਸ ਹੋ ਕੇ ਸੁਨਿਆਰੇ ਜਗਜੀਤ ਦੇ ਘਰ ਆਏ ਸਨ ਪਰ ਜਗਜੀਤ ਘਰ ਨਹੀਂ ਪਰ ਇਸ ਦੌਰਾਨ ਘਰ ਸੁਨਿਆਰੇ ਦੀ ਪਤਨੀ ਅਤੇ ਦੋ ਛੋਟੇ ਮਾਸੂਮ ਬੱਚੇ ਮੌਜੂਦ ਸਨ। ਪੀੜਤ ਔਰਤ ਨੇ ਦੱਸਿਆ ਕਿ ਲੁਟੇਰੇ ਘਰ ਦੀ ਕੰਧ ਟੱਪ ਕੇ ਘਰ ਅੰਦਰ ਦਾਖਲ ਹੋਏ ਅਤੇ ਇਸ ਦੌਰਾਨ ਉਨ੍ਹਾਂ ਕੋਲ ਤੇਜਧਾਰ ਹਥਿਆਰ ਵੀ ਸਨ। ਇਹ ਦੇਖਦਿਆਂ ਹੀ ਔਰਤ ਵੱਲੋਂ ਬਹਾਦਰੀ ਨਾਲ ਆਪਣੇ ਦੋਵੇਂ ਛੋਟੇ ਬੱਚਿਆਂ ਕਮਰੇ 'ਚ ਬੰਦ ਕੀਤਾ ਅਤੇ ਘਰ ਦੇ ਸਾਰੇ ਦਰਵਾਜੇ ਬੰਦ ਕਰਕੇ ਉੱਚੀ-ਉੱਚੀ ਮਦਦ ਲਈ ਆਵਾਜਾਂ ਲਗਾਉਣ ਲੱਗੀ। ਇਸ ਦੌਰਾਨ ਲੁਟੇਰੇ ਮੌਕੇ 'ਤੇ ਫਰਾਰ ਹੋ ਗਏ ਅਤੇ ਸਾਰੀ ਘਟਨਾ ਦੀਆਂ ਤਸਵੀਰਾਂ ਸੀ. ਸੀ. ਟੀ. ਵੀ. ਕੈਮਰੇ 'ਚ ਕੈਦ ਹੋ ਗਈਆਂ। ਇਸ ਦੌਰਾਨ ਪੂਰਾ ਪਰਿਵਾਰ ਸਹਿਮ ਦੇ ਮਾਹੌਲ 'ਚ ਹੈ। ਪੀੜਤ ਦਾ ਕਹਿਣਾ ਹੈ ਜਦੋਂ ਇਸ ਮਾਮਲੇ ਦੀ ਸੂਚਨਾ ਲਈ ਥਾਣਾ ਵੇਰਕੇ ਦੀ ਪੁਲਸ ਅਧਿਕਾਰੀ ਨੂੰ ਫੋਨ ਕੀਤਾ ਤਾਂ ਉਨ੍ਹਾਂ ਵੱਲੋਂ ਫੋਨ ਚੁੱਕਣਾ ਮੁਨਾਸਿਬ ਨਹੀਂ ਸਮਝਿਆ ਗਿਆ।

# ਫਲੈਟ ਦੀ ਡੀਲ ਦੌਰਾਨ ਲੱਖਾਂ ਦੀ ਠੱਗੀ ਮਾਰਨ ਪਿੱਛੋਂ ਚੱਲ ਰਿਹਾ ਸੀ ਫਰਾਰ, ਹੁਣ ਚੜ੍ਹ ਗਿਆ ਪੁਲਸ ਦੇ ਅੜਿੱਕੇ

ਖਰੜ 30 ਨਵੰਬਰ। ਸਥਾਨਕ ਸ਼ਿਵਾਲਿਕ ਸਿਟੀ ਵਿਖੇ ਸਥਿਤ ਐਲਾਈਟ ਹੋਮਜ ਸੋਸਾਇਟੀ ਦੇ ਇੱਕ ਫਲੈਟ ਨੂੰ ਵੇਚਣ ਦੇ ਨਾਂ ਤੇ ਲੱਖਾਂ ਰੁਪਏ ਦੀ ਕੀਤੀ ਗਈ ਧੋਖਾਧੜੀ ਸਬੰਧੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਰਹਿਣ ਵਾਲੇ ਇੰਦਰਜੀਤ ਸਿੰਘ ਨਾਮਕ ਵਿਅਕਤੀ ਦੀ ਸ਼ਿਕਾਇਤ 'ਤੇ ਖਰੜ ਸਿਟੀ ਪੁਲਸ ਨੇ ਖਰੜ ਦੇ ਹੀ ਰਹਿਣ ਵਾਲੇ ਕਰਤਾਰ ਸਿੰਘ ਨਾਮਕ ਪ੍ਰੌਪਰਟੀ ਡੀਲਰ ਖਿਲਾਫ ਬੀਤੇ ਜੂਨ ਮਹੀਨੇ ਅੰਦਰ ਦੋਸੀ ਖਿਲਾਫ ਧਾਰਾ 406, 420, 120ਬੀ ਦੇ ਤਹਿਤ ਮੁਕੱਦਮਾ ਦਰਜ ਕੀਤਾ ਸੀ। ਇਸ ਕਾਰਵਾਈ ਤੋਂ ਬਾਅਦ ਤੋਂ ਦੋਸੀ ਲਗਾਤਾਰ ਪੁਲਸ ਦੀ ਗ੍ਰਿਫਤ ਤੋਂ ਬਾਹਰ ਚੱਲ ਰਿਹਾ ਸੀ, ਪਰ ਉਸ ਨੂੰ ਆਖਿਰਕਾਰ ਕਾਬੂ ਕਰ ਲਿਆ ਗਿਆ, ਜਿਸ ਪਿੱਛੋਂ ਉਸ ਨੂੰ ਖਰੜ ਅਦਾਲਤ ਵਿੱਚ ਪੇਸ ਕੀਤਾ ਗਿਆ, ਜਿਥੋਂ ਉਸ ਨੂੰ ਦੋ ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਸ਼ਿਕਾਇਤਕਰਤਾ, ਫਲੈਟ ਨੰਬਰ 273 ਸ਼ਿਵਾਲਿਕ ਪਾਮ ਸਿਟੀ ਨਿਵਾਸੀ ਇੰਦਰਜੀਤ ਸਿੰਘ ਨੇ ਐੱਸ.ਐੱਸ.ਪੀ. ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਨੇ ਸੈਕਟਰ 127, ਸ਼ਿਵਾਲਿਕ ਸਿਟੀ ਵਿੱਚ ਸਥਿਤ ਐਲਾਈਟ ਹੋਮਜ ਦੇ ਨੇੜੇ ਸਥਿਤ ਆਪਣਾ ਫਲੈਟ ਨੰਬਰ 15ਬੀ ਪ੍ਰਾਪਰਟੀ ਡੀਲਰ ਕਰਤਾਰ ਸਿੰਘ ਦੇ ਜਰੀਏ ਰੁਬਿਕਾ ਨਾਮਕ ਕਸਟਮਰ ਨੂੰ ਵੇਚਿਆ ਸੀ, ਜਿਸ ਫਲੈਟ ਦਾ ਸੌਦਾ 16 ਲੱਖ ਰੁਪਏ 'ਤੇ ਤੈਅ ਹੋਇਆ। ਇਸ ਤੋਂ ਬਾਅਦ ਫਲੈਟ ਦੀ ਰਜਿਸਟਰੀ ਕਰਵਾ ਦਿੱਤੀ ਗਈ। ਜਿਸ ਸਮੇਂ ਬੈਂਕ ਪੇਮੈਂਟ ਨਾਲ ਉਸ ਨੂੰ 7 ਲੱਖ ਰੁਪਏ ਦਾ ਇੱਕ ਚੈਕ



ਵੀ ਦਿੱਤਾ ਗਿਆ, ਜਿਸ 'ਤੇ ਰਾਣੀ ਨਾਮਕ ਮਹਿਲਾ ਦੇ ਦਸਤਖਤ ਸਨ। ਜਦੋਂ ਇਹ ਚੈਕ ਅਕਾਊਂਟ ਵਿੱਚ ਲਾਇਆ ਗਿਆ ਤਾਂ ਚੈਕ ਬਾਊਂਸ ਹੋ ਗਿਆ। ਜਿਸ ਤੋਂ ਬਾਅਦ ਉਸਨੂੰ ਪਤਾ ਲੱਗਾ ਕਿ ਇਸ ਚੈੱਕ ਨਾਲ ਸਬੰਧਤ ਖਾਤਾਧਾਰਕ ਰਾਣੀ ਨਾਮਕ ਮਹਿਲਾ ਦੇ ਪਤੀ ਛਲੀਆ ਨਾਮਕ ਵਿਅਕਤੀ ਵੱਲੋਂ ਚੈਕ ਦੀ ਪੇਮੈਂਟ ਨੂੰ ਲੈਕੇ ਕਰਤਾਰ ਸਿੰਘ ਦੇ ਖਿਲਾਫ ਪਹਿਲਾਂ ਹੀ ਇੱਕ ਸ਼ਿਕਾਇਤ ਪੁਲਸ ਨੂੰ ਦਿੱਤੀ ਗਈ ਹੈ ਜਿਸ ਦੀ ਜਾਂਚ ਈ.ਓ. ਵਿੰਗ, ਮੋਹਾਲੀ ਵਿੱਚ ਚੱਲ ਰਹੀ ਹੈ, ਜਿਸ ਨੇ ਦੱਸਿਆ ਕਿ ਉਸ ਨੇ ਫਲੈਟ ਨੰਬਰ 26, ਉਕਤ ਦੋਸੀ ਕਰਤਾਰ ਸਿੰਘ ਤੋਂ ਕੁੱਲ 18 ਲੱਖ ਰੁਪਏ ਵਿੱਚ ਖਰੀਦਿਆ ਸੀ। ਜਿਸ ਦੀ ਬਦਲੇ ਉਸਨੇ 50,000 ਨਕਦੀ, 15,000 ਦਾ ਚੈੱਕ ਅਤੇ 3.30 ਲੱਖ ਬੈਂਕ ਟ੍ਰਾਂਸਫਰ ਕੀਤੇ। ਇਸ ਦੇ ਨਾਲ ਕਰਤਾਰ ਸਿੰਘ ਨੇ ਉਸ ਦੀ ਪਤਨੀ ਰਾਣੀ ਦੇ ਨਾਂ ਦੇ ਦੋ ਖਾਲੀ ਚੈੱਕ ਅਤੇ ਦੋ ਸਟੈਂਪ ਪੇਪਰ ਵੀ ਲੈ ਲਏ। ਇਹੀ ਨਹੀਂ ਦੋਸੀ ਨੇ ਲਗਭਗ 1.35 ਲੱਖ ਮੁੱਲ ਦੇ ਦੋ ਮੋਬਾਈਲ ਫੋਨ ਵੀ ਲਏ। ਪਰ ਇਕ ਸਾਲ ਬੀਤ ਜਾਣ ਦੇ ਬਾਵਜੂਦ ਵੀ ਉਸ ਵਲੋਂ ਫਲੈਟ ਦੀ ਰਜਿਸਟਰੀ ਨਹੀਂ ਕਰਵਾਈ ਅਤੇ ਨਾ ਹੀ ਉਹਦੇ ਪੈਸੇ ਵਾਪਸ ਕੀਤੇ। ਇਸ ਤੋਂ ਬਾਅਦ ਦੋਸੀ ਨੇ ਉਸ ਵੱਲੋਂ ਦਿੱਤੇ ਗਏ ਖਾਲੀ ਚੈੱਕਾਂ ਵਿੱਚੋਂ ਇਕ ਚੈਕ ਦਾ ਵਰਤੋਂ ਉਕਤ ਡੀਲ ਵਿੱਚ ਇੰਦਰਜੀਤ ਸਿੰਘ ਨਾਲ ਕੀਤੀ। ਇੰਦਰਜੀਤ ਸਿੰਘ ਦੇ ਮੁਤਾਬਕ ਉਸਦੇ ਨਾਲ 7,00,000 ਦੀ ਧੋਖਾਧੜੀ ਕੀਤੀ ਗਈ ਅਤੇ ਉਸ ਦੇ ਕੁਝ ਕ੍ਰੈਡਿਟ ਕਾਰਡਾਂ ਦਾ ਨੇ ਦੁਰਉਪਯੋਗ ਕੀਤਾ ਹੈ। ਇਸ ਮਾਮਲੇ ਦੀ ਜਾਂਚ ਈ.ਓ. ਵਿੰਗ ਵੱਲੋਂ ਕੀਤੀ ਗਈ। ਜਿਸ ਅਧਾਰ 'ਤੇ ਸਥਾਨਕ ਪੁਲਸ ਨੇ ਬੀਤੀ 28 ਜੂਨ ਨੂੰ ਕਰਤਾਰ ਸਿੰਘ ਖਿਲਾਫ ਕੇਸ ਦਰਜ ਕੀਤਾ। ਇਸ ਪਿੱਛੋਂ ਉਹ ਲਗਾਤਾਰ ਫਰਾਰ ਚੱਲ ਰਿਹਾ ਸੀ, ਪਰ ਅੱਜ ਮਿਲੀ ਇੱਕ ਗੁਪਤ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਉਸ ਨੂੰ ਕਾਬੂ ਕਰ ਲਿਆ।

# ਮਾਂ ਦੀ ਮਮਤਾ ਹੋਈ ਸ਼ਰਮਸਾਰ, ਸੜਕ ਕਿਨਾਰੇ ਮਿੱਟੀ ਦੇ ਢੇਰ 'ਚ ਮਿਲਿਆ ਨਵਜੰਮਿਆ ਬੱਚਾ

ਬਿਲਾਸਪੁਰ 30 ਨਵੰਬਰ। ਹਿਮਾਚਲ ਪ੍ਰਦੇਸ ਦੇ ਬਿਲਾਸਪੁਰ ਜ਼ਿਲ੍ਹੇ ਦੇ ਬਰਮਾਣਾ 'ਚ ਮਾਂ ਦੀ ਮਮਤਾ ਨੂੰ ਸਰਮਸਾਰ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਨਵਜੰਮਿਆ ਬੱਚਾ ਸੱਕੀ ਹਾਲਤ 'ਚ ਮਿੱਟੀ ਦੇ ਢੇਰ 'ਤੇ ਪਿਆ ਮਿਲਿਆ। ਸਥਾਨਕ ਲੋਕਾਂ ਦੀ ਮਦਦ ਨਾਲ ਬੱਚੇ ਨੂੰ ਜ਼ਿਲ੍ਹਾ ਹਸਪਤਾਲ ਬਿਲਾਸਪੁਰ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਦੀ ਸਿਹਤ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਬੱਚਾ ਬਿਲਕੁਲ ਤੰਦਰੁਸਤ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬਿਲਾਸਪੁਰ ਦੇ ਪਿੰਡ ਬਰਮਾਣਾ ਵਿਖੇ ਅਣਪਛਾਤੇ ਲੋਕਾਂ ਵੱਲੋਂ ਇਕ ਨਵਜੰਮੇ ਬੱਚੇ ਨੂੰ ਬਿਨਾਂ ਕੱਪੜਿਆਂ ਦੇ ਸੜਕ ਕੋਲ ਮਿੱਟੀ ਦੇ ਢੇਰ 'ਚ ਸੁੱਟ ਦਿੱਤਾ ਗਿਆ ਸੀ, ਜਿਸ ਨੂੰ ਕੁਝ ਸਮੇਂ ਬਾਅਦ ਉੱਥੋਂ ਲੰਘ ਰਹੀ ਇਕ ਔਰਤ ਨੇ ਚੁੱਕਿਆ ਅਤੇ ਇਸ ਦੀ ਸੂਚਨਾ ਆਸ-ਪਾਸ ਦੇ ਲੋਕਾਂ ਅਤੇ ਪੁਲਸ ਪ੍ਰਸਾਸਨ ਨੂੰ ਦਿੱਤੀ। ਨਵਜੰਮੇ ਬੱਚੇ ਨੂੰ ਤੁਰੰਤ ਜ਼ਿਲ੍ਹਾ ਹਸਪਤਾਲ ਬਿਲਾਸਪੁਰ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਦੀ ਸਿਹਤ ਦੀ ਜਾਂਚ ਕੀਤੀ ਤਾਂ ਪਤਾ ਲੱਗਾ ਕਿ ਬੱਚਾ ਉਨ੍ਹਾਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ 'ਚ ਕੋਈ ਵੀ ਅਜਿਹੀ ਹਰਕਤ ਨਾ ਕਰ ਸਕੇ। ਦੱਸਣਯੋਗ ਹੈ ਕਿ ਨਵਜੰਮੇ



ਤੰਦਰੁਸਤ ਹੈ। ਡਾਕਟਰਾਂ ਨੇ ਉਸ ਨੂੰ ਅਗਲੇ ਕੁਝ ਘੰਟਿਆਂ ਲਈ ਨਿਗਰਾਨੀ ਹੇਠ ਰੱਖਿਆ ਹੈ। ਬਿਲਾਸਪੁਰ ਦੀ ਸਮਾਜ ਸੇਵੀ ਸੀਮਾ ਸੰਖਿਆਨ ਨੇ ਕਿਹਾ ਕਿ ਇਹ ਚਿੰਤਾ ਦੀ ਗੱਲ ਹੈ ਕਿ ਕੁਝ ਲੋਕ ਆਪਣੇ ਸਵਾਰਥ ਲਈ ਜਾਂ ਮਜਬੂਰੀ ਕਾਰਨ ਨਵਜੰਮੇ ਬੱਚਿਆਂ ਨੂੰ ਇਸ ਤਰ੍ਹਾਂ ਛੱਡ ਦਿੰਦੇ ਹਨ, ਜੋ ਕਿ ਬਹੁਤ ਗਲਤ ਹੈ। ਅਜਿਹੇ ਲੋਕਾਂ ਦਾ ਪਤਾ ਲਗਾ ਕੇ ਪੁਲਸ ਪ੍ਰਸਾਸਨ ਵੱਲੋਂ ਬੱਚੇ ਨੂੰ ਕੁਝ ਘੰਟੇ ਡਾਕਟਰਾਂ ਦੀ ਨਿਗਰਾਨੀ ਹੇਠ ਰੱਖਣ ਤੋਂ ਬਾਅਦ ਇਸ ਨੂੰ ਚਾਈਲਡ ਵੈਲਫੇਅਰ ਸੋਸਾਇਟੀ ਨੂੰ ਸੌਂਪ ਦਿੱਤਾ ਜਾਵੇਗਾ ਤਾਂ ਜੋ ਉਸ ਦੀ ਸਹੀ ਤਰੀਕੇ ਨਾਲ ਦੇਖਭਾਲ ਕੀਤੀ ਜਾ ਸਕੇ। ਇਸ ਤੋਂ ਬਾਅਦ ਜੇਕਰ ਕੋਈ ਵੀ ਜੋੜਾ ਬੱਚਾ ਗੋਦ ਲੈਣਾ ਚਾਹੁੰਦਾ ਹੈ ਤਾਂ ਉਹ ਬੱਚੇ ਦੀ ਸੁਰੱਖਿਆ ਲਈ ਸਾਰੀਆਂ ਰਸਮਾਂ ਪੂਰੀਆਂ ਕਰਨ ਤੋਂ ਬਾਅਦ ਬੱਚੇ ਨੂੰ ਗੋਦ ਲੈ ਸਕਣਗੇ।

## ਕੇਂਦਰੀ ਜੇਲ੍ਹ ਚੋਂ ਮੋਬਾਇਲ, ਬੈਟਰੀ ਅਤੇ ਚਾਰਜਿੰਗ ਲੀਡ ਬਰਾਮਦ ਹੋਣ 'ਤੇ ਅਣਪਛਾਤੇ ਖਿਲਾਫ ਮਾਮਲਾ ਦਰਜ

ਗੁਰਦਾਸਪੁਰ 30 ਨਵੰਬਰ। ਕੇਂਦਰੀ ਜੇਲ੍ਹ ਦੀ ਬੈਰਕ ਨੰਬਰ 3 ਦੇ ਬਾਹਰਲੇ ਬਾਥਰੂਮ ਦੇ ਟਾਇਲਟ ਨੰਬਰ 4 ਦੀ ਸੀਟ ਵਿਚੋਂ ਇਕ ਲਾਵਾਰਿਸ ਮੋਬਾਇਲ ਫੋਨ ਕੀ ਪੈਡ ਵਾਲਾ ਸਮੇਤ ਬੈਟਰੀ ਅਤੇ ਚਾਰਜਿੰਗ ਲੀਡ ਬਰਾਮਦ ਹੋਣ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ। ਇਸ ਸਬੰਧੀ ਏ.ਐੱਸ.ਆਈ ਹਰਜਿੰਦਰ ਸਿੰਘ ਨੇ ਦੱਸਿਆ ਕਿ ਅਵਤਾਰ ਸਿੰਘ ਸਹਾਇਕ ਸੁਪਰਡੰਟ ਕੇਂਦਰੀ ਜੇਲ੍ਹ ਗੁਰਦਾਸਪੁਰ ਨੇ ਆਪਣੇ ਪੱਤਰ ਅਨੁਸਾਰ ਦੱਸਿਆ ਕਿ ਜੇਲ ਸਟਾਫ ਵੱਲੋਂ ਬੈਰਕ ਨੰਬਰ 3 ਦੀ ਤਾਲਾਸ਼ੀ ਕੀਤੀ ਗਈ ਤਾਂ ਦੌਰਾਨੇ ਤਾਲਾਸ਼ੀ ਬੈਰਕ ਨੰਬਰ 3 ਦੇ ਬਾਹਰਲੇ ਬਾਥਰੂਮ ਦੇ ਟਾਇਲਟ ਨੰਬਰ 4 ਦੀ ਸੀਟ ਵਿਚੋਂ ਇਕ ਲਾਵਾਰਿਸ ਮੋਬਾਇਲ ਫੋਨ ਕੀ ਪੈਡ ਵਾਲਾ ਸਮੇਤ ਬੈਟਰੀ ਅਤੇ ਚਾਰਜਿੰਗ ਲੀਡ ਬਰਾਮਦ ਹੋਇਆ। ਜਿਸ 'ਤੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਗਿਆ।

## ਪੰਜਾਬ 'ਚ ਨੈਸ਼ਨਲ ਹਾਈਵੇਅ 'ਤੇ ਵੱਡਾ ਹਾਦਸਾ, ਦੋ ਟਰਾਲਿਆਂ ਵਿਚਾਲੇ ਜਬਰਦਸਤ ਟੱਕਰ

ਜਲੰਧਰ 30 ਨਵੰਬਰ। ਨੈਸਨਲ ਹਾਈਵੇਅ 'ਤੇ ਇਕ ਭਿਆਨਕ ਹਾਦਸਾ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਦਰਅਸਲ ਦਕੋਹਾ ਫਾਟਕ ਨੇੜੇ ਦੋ ਟਰਾਲਿਆਂ ਦੀ ਭਿਆਨਕ ਟੱਕਰ ਹੋਣ ਕਾਰਨ ਸੜਕ ਹਾਦਸਾ ਵਾਪਰ ਗਿਆ। ਇਸ ਹਾਦਸੇ ਵਿੱਚ ਇਕ ਵਾਹਨ ਬੇਕਾਬੂ ਹੋ ਕੇ ਸੜਕ ਕਿਨਾਰੇ ਰੇਲਿੰਗ ਵਿੱਚ ਫਸ ਗਿਆ। ਦੱਸਿਆ ਜਾ ਰਿਹਾ ਹੈ ਕਿ ਇਸ ਹਾਦਸੇ 'ਚ ਡਰਾਈਵਰ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਹਾਦਸੇ ਤੋਂ ਬਾਅਦ ਹਾਈਵੇਅ 'ਤੇ ਜਾਮ ਲੱਗ ਗਿਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ




ਮੌਕੇ 'ਤੇ ਪਹੁੰਚੀ ਅਤੇ ਆਵਾਜਾਈ ਨੂੰ ਫਿਰ ਤੋਂ ਸੁਚਾਰੂ ਢੰਗ ਨਾਲ ਚਾਲੂ ਕਰਵਾਇਆ ਗਿਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਗੈਸ ਕਟਰ ਦੀ ਮਦਦ ਨਾਲ ਰੇਲਿੰਗ ਨੂੰ ਕੱਟ ਕੇ ਗੱਡੀ ਨੂੰ ਕੱਢਣ ਦਾ ਕੰਮ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਮਾਮਲੇ ਦੀ ਦੀਪਕ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਉਸ ਦੇ ਟਰੱਕ ਦਾ ਡਰਾਈਵਰ ਲਖਨਊ ਤੋਂ ਗੱਡੀ ਲੋਡ ਕਰਕੇ ਹਿਮਾਚਲ ਵੱਲ ਲਿਜਾ ਰਿਹਾ ਸੀ। ਇਸ ਦੌਰਾਨ ਦੇਰ ਰਾਤ ਗਊ ਨੂੰ ਬਚਾਉਣ ਕਾਰਨ ਇਹ ਹਾਦਸਾ ਵਾਪਰਿਆ। ਇਸ ਹਾਦਸੇ ਵਿੱਚ ਦੋਵੇਂ ਵਾਹਨਾਂ ਦੇ ਡਰਾਈਵਰਾਂ ਨੂੰ ਮਾਮੂਲੀ ਸੱਟਾਂ ਲੱਗੀਆਂ। ਮਾਮਲੇ ਦੀ ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀ ਨੇ ਦੱਸਿਆ ਕਿ ਘਟਨਾ ਰਾਤ ਡੇਢ ਵਜੇ ਦੀ ਹੈ। ਹਾਲਾਂਕਿ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਕ ਡਰਾਈਵਰ ਨੂੰ ਗੰਭੀਰ ਸੱਟਾਂ ਲੱਗੀਆਂ ਹਨ। ਹਾਦਸੇ ਵਿੱਚ ਡਰਾਈਵਰ ਦੀ ਲੱਤ ਬੁਰੀ ਤਰ੍ਹਾਂ ਟੁੱਟ ਗਈ ਅਤੇ ਉਹ ਹਸਪਤਾਲ ਵਿੱਚ ਜੇਰੇ ਇਲਾਜ ਹੈ।

## ਏਅਰ ਇੰਡੀਆ ਦੇ ਜਹਾਜ 'ਚ ਯਾਤਰੀ ਨੂੰ ਪਰੋਸੇ ਗਏ ਭੋਜਨ 'ਚ ਨਿਕਲਿਆ ਕਾਕਰੋਚ

ਨਵੀਂ ਦਿੱਲੀ 30 ਨਵੰਬਰ। ਏਅਰ ਇੰਡੀਆ ਦੇ ਇਕ ਯਾਤਰੀ ਨੇ ਰਾਸ਼ਟਰੀ ਰਾਜਧਾਨੀ ਤੋਂ ਨਿਊਯਾਰਕ ਜਾਣ ਵਾਲੇ ਜਹਾਜ 'ਚ ਪਰੋਸੇ ਗਏ 'ਆਮਲੇਟ' 'ਚ ਕਾਕਰੋਚ ਮਿਲਣ ਦੀ ਸ਼ਿਕਾਇਤ ਕੀਤੀ ਹੈ। ਉੱਥੇ ਹੀ ਏਅਰ ਇੰਡੀਆ ਨੇ ਕਿਹਾ ਹੈ ਕਿ ਉਸ ਨੇ ਅੱਗੇ ਦੀ ਜਾਂਚ ਲਈ ਖਾਣ-ਪੀਣ ਸੇਵਾ ਪ੍ਰਦਾਤਾ ਦੇ ਸਾਹਮਣੇ ਇਹ ਮਾਮਲਾ ਚੁੱਕਿਆ ਹੈ। ਏਅਰ ਇੰਡੀਆ ਦੇ ਬੁਲਾਰੇ ਨੇ ਘਟਨਾ 'ਤੇ ਚਿੰਤਾ ਜਾਹਰ ਕਰਦੇ ਹੋਏ ਇਕ ਬਿਆਨ 'ਚ ਕਿਹਾ,"ਅਸੀਂ ਇਕ ਯਾਤਰੀ ਵਲੋਂ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਗਈ ਜਾਣਕਾਰੀ ਤੋਂ ਜਾਣੂ ਹਾਂ, ਜਿਸ 'ਚ 17 ਸਤੰਬਰ 2024 ਨੂੰ ਦਿੱਲੀ ਤੋਂ ਜੇ.ਐੱਫ.ਕੇ. ਜਾਣ ਵਾਲੀ ਏ.ਆਈ.101 ਉਡਾਣ 'ਚ ਉਸ ਨੂੰ ਦਿੱਤੇ ਗਏ ਭੋਜਨ 'ਚ ਕੋਈ ਵਸਤੂ ਮਿਲਣ ਦੀ ਗੱਲ ਕਹੀ ਗਈ ਹੈ।" ਯਾਤਰੀ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਦਿੱਲੀ ਤੋਂ ਨਿਊਯਾਰਕ ਜਾਣ ਵਾਲੇ ਜਹਾਜ 'ਚ ਪਰੋਸੇ ਗਏ ਆਮਲੇਟ 'ਚ ਕਾਕਰੋਚ ਮਿਲਿਆ। ਯਾਤਰੀ ਨੇ ਕਿਹਾ,"ਜਦੋਂ ਸਾਨੂੰ ਇਹ ਪਤਾ ਲੱਗਾ ਉਦੋਂ ਤੱਕ ਮੇਰਾ 2 ਸਾਲ ਦਾ ਬੱਚਾ ਅੱਧੇ ਤੋਂ ਜ਼ਿਆਦਾ ਆਮਲੇਟ ਖਾ ਚੁੱਕਿਆ ਸੀ। ਇਸ ਦੇ ਨਤੀਜੇ ਵਜੋਂ ਉਹ ਬੀਮਾਰ ਹੋ ਗਿਆ।" ਯਾਤਰੀ ਨੇ ਉਡਾਣ ਦੌਰਾਨ ਪਰੋਸੇ ਗਏ ਖਾਣੇ ਦਾ ਇਕ ਛੋਟਾ ਵੀਡੀਓ ਅਤੇ ਤਸਵੀਰ ਵੀ ਸਾਂਝੀ ਕੀਤੀ। ਉਸ ਨੇ ਪੋਸਟ 'ਚ ਏਅਰ ਇੰਡੀਆ, ਹਵਾਬਾਜੀ ਰੈਗੂਲੇਟਰ ਡੀ.ਜੀ.ਸੀ.ਏ. ਅਤੇ ਸ਼ਹਿਰੀ ਹਵਾਬਾਜੀ ਮੰਤਰੀ ਦੇ ਰਾਮਮੋਹਨ ਨਾਇਡੂ ਨੂੰ ਟੈਗ ਕੀਤਾ। ਏਅਰ ਇੰਡੀਆ ਦੇ ਬਿਆਨ 'ਚ ਬੁਲਾਰੇ ਨੇ ਕਿਹਾ ਕਿ ਕੰਪਨੀ ਉਕਤ ਮਾਮਲੇ 'ਚ ਯਾਤਰੀ ਨੂੰ ਹੋਈ ਪਰੇਸ਼ਾਨੀ ਨੂੰ ਲੈ ਕੇ ਚਿੰਤਤ ਹੈ ਅਤੇ ਖਾਣ-ਪੀਣ ਸੇਵਾ ਪ੍ਰਦਾਤਾ ਦੇ ਸਾਹਮਣੇ ਇਹ ਮਾਮਲਾ ਚੁੱਕਿਆ ਹੈ। ਬੁਲਾਰੇ ਨੇ ਕਿਹਾ,"ਅਸੀਂ ਭਵਿੱਖ 'ਚ ਇਸ ਤਰ੍ਹਾਂ ਦੀਆਂ ਘਟਨਾਵਾਂ ਨੂੰ ਮੁੜ ਨਾ ਹੋਣ ਇਸ ਲਈ ਜਰੂਰੀ ਕਾਰਵਾਈ ਕਰਾਂਗੇ।"

# ਫਿਰੋਜਪੁਰ ਦੇ ਸਰਕਾਰੀ ਸਕੂਲ ਵਿਚ ਹੈਰਾਨ ਕਰਨ ਵਾਲੀ ਘਟਨਾ, ਸਾਰੇ ਪਿੰਡ ਵਿਚ ਪੈ ਗਿਆ ਰੌਲਾ

ਫਿਰੋਜਪੁਰ 30 ਨਵੰਬਰ। ਫਿਰੋਜਪੁਰ ਦੇ ਇਕ ਸਕੂਲ ਦਾ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿਸ ਵਿਚ ਕਲਾਸ ਵਿਚ ਇਕ ਬੱਚਾ ਸੁੱਤਾ ਰਿਹਾ ਅਤੇ ਅਧਿਆਪਕ ਸਕੂਲ 'ਚ ਤਾਲਾ ਲਗਾ ਕੇ ਘਰ ਚਲੇ ਗਏ। ਛੁੱਟੀ ਤੋਂ ਬਾਅਦ ਜਦੋਂ ਬੱਚਾ ਘਰ ਨਹੀਂ ਆਇਆ ਤਾਂ ਪਰਿਵਾਰਿਕ ਮੈਂਬਰਾਂ ਨੇ ਉਸਦੀ ਭਾਲ ਕਰਨੀ ਸੁਰੂ ਕਰ ਦਿੱਤੀ। ਬੱਚੇ ਦੇ ਲਾਪਤਾ ਹੋਣ ਦੀ ਖਬਰ ਤੋਂ ਬਾਅਦ ਪਿੰਡ ਵਿਚ ਭਾਜੜਾਂ ਪੈ ਗਈਆਂ। ਇਸ ਦੌਰਾਨ ਕਿਸੇ ਨੂੰ ਸਕੂਲ ਦੇ ਬੰਦ ਕਮਰੇ ਵਿਚੋਂ ਬੱਚੇ ਦੇ ਰੋਣ ਦੀ ਆਵਾਜ ਆਈ ਤਾਂ ਚਾਬੀ ਮੰਗਵਾ ਕੇ ਬੱਚੇ ਨੂੰ ਬਾਹਰ ਕੱਢਿਆ ਗਿਆ। ਬੱਚਾ ਬੇਹੱਦ ਘਬਰਾਇਆ ਹੋਇਆ ਸੀ। ਇਹ ਘਟਨਾ ਫਿਰੋਜਪੁਰ ਦੇ ਪਿੰਡ ਮਾਛੀਵਾਲਾ ਕਮਗਰ ਸਥਿਤ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦੀ ਹੈ। ਦੂਜੇ ਪਾਸੇ ਬੱਚੇ ਦੀ ਦਾਦੀ ਮਨਜੀਤ ਕੌਰ ਨੇ ਦੱਸਿਆ ਕਿ ਉਸ ਦਾ ਪੋਤਾ ਲਵਪ੍ਰੀਤ ਸਕੂਲ ਤੋਂ ਛੁੱਟੀ ਹੋਣ ਮਗਰੋਂ ਜਦੋਂ ਕਾਫੀ ਦੇਰ ਤਕ ਘਰ ਨਹੀਂ ਪਹੁੰਚਿਆ ਤਾਂ ਉਸ ਦੀ ਭਾਲ ਸ਼ੁਰੂ ਕੀਤੀ ਗਈ। ਉਹ ਪਿੰਡ ਦੇ ਗੁਰਦੁਆਰੇ ਵਿਚ ਪੋਤੇ ਨੂੰ ਦੇਖਣ ਪਹੁੰਚੀ ਉਥੇ ਵੀ ਉਹ ਨਹੀਂ ਸੀ ਤਾਂ ਪਿੰਡ ਦੇ ਘਰ-ਘਰ




ਵਿਚ ਬੱਚੇ ਦੀ ਭਾਲ ਕੀਤੀ ਗਈ। ਪਿਤਾ ਗੋਬਿੰਦ ਨੇ ਦੱਸਿਆ ਕਿ ਉਸ ਦੀ ਕਲਾਸ ਵਿਚ ਪੜ੍ਹਨ ਵਾਲੇ ਬੱਚਿਆਂ ਤੋਂ ਪੁੱਛਗਿੱਛ ਕੀਤੀ ਗਈ। ਬੱਚਿਆਂ ਨੇ ਦੱਸਿਆ ਕਿ ਲਵਪ੍ਰੀਤ ਕਲਾਸ ਵਿਚ ਬੈਂਚ 'ਤੇ ਸੁੱਤਾ ਪਿਆ ਸੀ। ਪਿੰਡ ਦੇ ਲੋਕ ਸਕੂਲ ਪਹੁੰਚੇ ਤਾਂ ਕਲਾਸ ਵਿਚ ਸੁੱਤੇ ਬੱਚੇ ਦੀ ਰੋਣ ਦੀ ਆਵਾਜ ਸੁਣੀ। ਬੱਚੇ ਨੂੰ ਕਲਾਸ ਤੋਂ ਬਾਹਰ ਕੱਢਿਆ ਗਿਆ। ਗੋਬਿੰਦ ਨੇ ਦੱਸਿਆ ਕਿ ਉਸ ਦਾ ਪੁੱਤ ਦੂਜੀ ਕਲਾਸ ਵਿਚ ਪੜ੍ਹਦਾ ਹੈ। ਅਧਿਆਪਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਛੁੱਟੀ ਹੋਣ 'ਤੇ ਸਕੂਲ ਦੀ ਹਰ ਕਲਾਸ ਦੀ ਚੈਕਿੰਗ ਕੀਤੀ ਜਾਵੇ। ਇਹ ਅਧਿਆਪਕ ਦੀ ਲਾਪਰਵਾਹੀ ਹੈ, ਲਿਹਾਜਾ ਸਿੱਖਿਆ ਵਿਭਾਗ ਨੂੰ ਅਧਿਆਪਕ 'ਤੇ ਕਾਰਵਾਈ ਕਰਨੀ ਚਾਹੀਦੀ ਹੈ। ਦੂਜੇ ਪਾਸੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਦਾ ਆਖਣਾ ਹੈ ਕਿ ਫਿਲਹਾਲ ਉਨ੍ਹਾਂ ਕੋਲ ਕੋਈ ਸ਼ਿਕਾਇਤ ਨਹੀਂ ਆਈ ਹੈ। ਜੇ ਉਨ੍ਹਾਂ ਕੋਲ ਸ਼ਿਕਾਇਤ ਆਉਂਦੀ ਹੈ ਤਾਂ ਜਾਂਚ ਤੋਂ ਬਾਅਦ ਕਾਰਵਾਈ ਕੀਤੀ ਜਾਵੇਗੀ।


### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.



**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

Punjab Land of Unlimited Opportunities

# ਭਗਵੰਤ ਸਿੰਘ ਮਾਨ ਦਾ ਖ਼ੁਆਬ

## ਨਸ਼ਾ ਮੁਕਤ ਪੰਜਾਬ

ਨਸ਼ਾ ਵਿਰੋਧੀ ਹੈਲਪਲਾਈਨ ਤੇ ਵਟ੍ਹਸਐਪ ਚੈਟਬੋਟ

9779-100-200

"ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਵਿੱਚ ਅਸੀਂ ਕੋਈ ਕਸਰ ਬਾਕੀ ਨਹੀਂ ਛੱਡਾਂਗੇ। ਜਦੋਂ ਪੰਜਾਬ ਦਾ ਹਰ ਨੌਜਵਾਨ ਨਸ਼ੇ ਤੋਂ ਦੂਰ ਰਹੇਗਾ, ਉਦੋਂ ਹੀ ਸਹੀ ਮਾਅਨਿਆਂ ਵਿੱਚ ਰੰਗਲਾ ਪੰਜਾਬ ਬਣ ਸਕੇਗਾ।"

**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਵਟ੍ਹਸਐਪ ਚੈਨਲ ਨਾਲ ਜੁੜੋ

ਇੱਥੇ ਸਕੈਨ ਕਰੋ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਇਟਲੀ ਨੇ ਅੰਤਰਰਾਸ਼ਟਰੀ ਸਰੋਗੇਸੀ 'ਤੇ ਲਾਈ ਪਾਬੰਦੀ



ਲੰਡਨ: ਇਟਲੀ ਦੀ ਸੈਨੇਟ ਨੇ ਹਾਲ ਹੀ 'ਚ ਸਰੋਗੇਸੀ ਨੂੰ ਯੂਨੀਵਰਸਲ ਅਪਰਾਧ ਬਣਾਉਣ ਵਾਲਾ ਇੱਕ ਕਾਨੂੰਨ ਪਾਸ ਕੀਤਾ ਹੈ। ਇੱਕ ਅਜਿਹਾ ਦੇਸ਼ ਜਿੱਥੇ ਸਰੋਗੇਸੀ ਪਹਿਲਾਂ ਹੀ ਗ਼ੈਰ-ਕਾਨੂੰਨੀ ਹੈ ਅਤੇ ਨਿਯਮ 2004 ਤੋਂ ਲਾਗੂ ਹੈ, ਇਹ ਫ਼ੈਸਲਾ ਪਾਬੰਦੀਆਂ ਨੂੰ ਪੂਰੀ ਤਰ੍ਹਾਂ ਨਵੇਂ ਪੱਧਰ 'ਤੇ ਲੈ ਜਾਂਦਾ ਹੈ। ਇਟਾਲੀਅਨ ਕਾਨੂੰਨ ਨੇ ਪਹਿਲਾਂ ਹੀ ਇਟਲੀ ਦੇ ਅੰਦਰ ਸਰੋਗੇਸੀ ਦੀ ਮਨਾਹੀ ਕੀਤੀ ਹੈ। ਨਵੀਂ ਪਾਬੰਦੀ ਇਟਾਲੀਅਨਾਂ ਲਈ ਵਿਦੇਸ਼ਾਂ 'ਚ ਸਰੋਗੇਸੀ ਤਕ ਪਹੁੰਚ ਕਰਨਾ ਇਕ ਅਪਰਾਧ ਬਣਾ ਦੇਵੇਗੀ - ਇੱਥੋਂ ਤਕ ਕਿ ਉਨ੍ਹਾਂ ਦੇਸ਼ਾਂ 'ਚ ਵੀ ਜਿੱਥੇ ਇਹ ਕਾਨੂੰਨੀ ਹੈ। ਪਾਬੰਦੀ ਦਾ ਵਰਣਨ ਕਰਨ ਲਈ ਯੂਨੀਵਰਸਲ ਅਪਰਾਧ (ਰੀਏਟੋ ਯੂਨੀਵਰਸੇਲ) ਸ਼ਬਦ ਦੀ ਵਰਤੋਂ ਨੇ ਹੋਰ ਚਿੰਤਾ ਵਧਾ ਦਿੱਤੀ ਹੈ। ਇਹ ਭਾਸ਼ਾ ਇਤਾਲਵੀ ਅਪਰਾਧਕ ਸੰਹਿਤਾ ਦੇ ਸਬਦਾਂ ਨੂੰ ਇੰਨੇ ਗੰਭੀਰ ਮੰਨੇ ਜਾਂਦੇ ਅਪਰਾਧਾਂ ਲਈ ਉਕਸਾਉਂਦੀ ਹੈ ਕਿ ਉਹ ਸਰਵ-ਵਿਆਪਕ ਮੁੱਲਾਂ ਦੀ ਉਲੰਘਣਾ ਕਰਦੇ ਹਨ। ਇਸ ਲਈ ਇਹ ਸ਼ਬਦ ਸਰੋਗੇਸੀ ਨੂੰ ਨਸਲਕੁਸ਼ੀ ਅਤੇ ਮਨੁੱਖਤਾ ਵਿਰੁੱਧ ਅਪਰਾਧਾਂ ਦੇ ਬਰਾਬਰ ਰੱਖਦਾ ਹੈ। ਬਾਕੀ ਦੇ ਇਸ ਗੱਲ 'ਤੇ ਇਕਸਾਰ ਨਹੀਂ ਕਿ ਸਰੋਗੇਸੀ ਦੀ ਇਜਾਜ਼ਤ ਹੋਣੀ ਚਾਹੀਦੀ ਹੈ ਜਾਂ ਮਨਾਹੀ। ਕਈ ਇਸ ਦੀ ਇਜਾਜ਼ਤ ਦਿੰਦੇ ਹਨ ਹਾਲਾਂਕਿ ਵੱਖ-ਵੱਖ ਪਾਬੰਦੀਆਂ ਅਤੇ ਸੁਰੱਖਿਆ ਉਪਾਵਾਂ ਦੇ ਨਾਲ। ਗ੍ਰੀਸ 'ਚ ਗ਼ੈਰ-ਵਪਾਰਕ ਸਰੋਗੇਸੀ 2002 ਤੋਂ ਕਾਨੂੰਨੀ ਹੈ ਜਿਸ 'ਚ ਇਛੁੱਕ ਮਾਪਿਆਂ ਨੂੰ ਜਨਮ ਸਮੇਂ ਕਾਨੂੰਨੀ ਪਾਲਣ-ਪੋਸ਼ਣ ਦੀ ਆਗਿਆ ਮਿਲਦੀ ਹੈ। ਕੈਲੇਫ਼ੋਰਨੀਆ 'ਚ ਇੱਥੋਂ ਤਕ ਕਿ ਤਥਾਕਥਿਤ ਵਪਾਰਕ ਸਰੋਗੇਸੀ - ਜਿੱਥੇ ਸਰੋਗੇਟ ਨੂੰ ਮੁਆਵਜ਼ਾ ਮਿਲਦਾ ਹੈ - ਦੀ ਇਜਾਜ਼ਤ ਹੈ। ਫ਼ਰਾਂਸ ਅਤੇ ਜਰਮਨੀ ਸਮੇਤ ਹੋਰ ਦੇਸ਼ ਸਰੋਗੇਸੀ 'ਤੇ ਪਾਬੰਦੀ ਲਗਾਉਂਦੇ ਹਨ। ਇਸ ਦਾ ਮਤਲਬ ਹੈ ਕਿ ਜਦੋਂ ਬੱਚੇ ਦਾ ਜਨਮ ਹੁੰਦਾ ਹੈ ਤਾਂ ਸਰੋਗੇਟ ਕਾਨੂੰਨੀ ਮਾਂ ਹੁੰਦੀ ਹੈ, ਪਰ ਉਹ ਅਜੇ ਵੀ ਆਮ ਤੌਰ 'ਤੇ ਇਛੁੱਕ ਮਾਪਿਆਂ ਨੂੰ ਦੂਜੇ ਤਰੀਕਿਆਂ ਨਾਲ ਬੱਚੇ ਨਾਲ ਕਾਨੂੰਨੀ ਬੌਂਡ ਸਥਾਪਿਤ ਕਰਨ ਦੀ ਇਜਾਜ਼ਤ ਦਿੰਦੇ ਹਨ, ਉਦਾਹਰਣ ਲਈ ਸਰੋਗੇਟ ਮਾਂ ਦੇ ਨਾਲ ਜੈਨੇਟਿਕ ਪਿਤਾ ਨੂੰ ਕਾਨੂੰਨੀ ਮਾਨਤਾ ਦੇ ਕੇ ਜਾਂ ਗੋਦ ਲੈਣ ਦੁਆਰਾ ਦੋਵਾਂ ਮਾਪਿਆਂ ਨੂੰ, ਉਨ੍ਹਾਂ ਮਾਮਲਿਆਂ 'ਚ ਜਿੱਥੇ ਵਿਦੇਸ਼ਾਂ 'ਚ ਸਰੋਗੇਸੀ ਦੀ ਮੰਗ ਕੀਤੀ ਗਈ ਹੈ। UK 'ਚ ਸਰੋਗੇਟ ਜਨਮ ਵੇਲੇ ਕਾਨੂੰਨੀ ਮਾਪੇ ਹੁੰਦੇ ਹਨ ਪਰ ਅਦਾਲਤਾਂ ਮਾਪਿਆਂ ਦੇ ਆਦੇਸ਼ ਦੁਆਰਾ ਇੱਕ ਸਰੋਗੇਸੀ-ਵਿਸ਼ੇਸ਼ ਵਿਧੀ ਦੁਆਰਾ ਇਛੁੱਕ ਮਾਤਾ-ਪਿਤਾ ਨੂੰ ਮਾਤਾ-ਪਿਤਾ ਦਾ ਤਬਾਦਲਾ ਕਰ ਸਕਦੀਆਂ ਹਨ ਜੋ ਗੋਦ ਲੈਣ ਨਾਲੋਂ ਘੱਟ ਬੋਝਲ ਹੋਣ ਲਈ ਤਿਆਰ ਕੀਤੀ ਗਈ ਹੈ।

ਇਟਲੀ ਦੇ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ ਨੇ ਨਵੀਂ ਸਰੋਗੇਸੀ ਪਾਬੰਦੀ ਨੂੰ ਆਮ ਸਮਝ ਕਿਹਾ ਅਤੇ ਇਸ ਨੂੰ ਔਰਤਾਂ ਅਤੇ ਬੱਚਿਆਂ ਨੂੰ ਵਸਤੂਕਰਣ ਤੋਂ ਬਚਾਉਣ ਵਜੋਂ ਦੱਸਿਆ। ਦੂਸਰੇ ਲੋਕ ਇਸ ਪਾਬੰਦੀ ਨੂੰ ਔਰਤਾਂ ਅਤੇ ਬੱਚਿਆਂ ਦੀ ਸੁਰੱਖਿਆ ਦੇ ਉਲਟ ਦੇਖਦੇ ਹਨ ਜਦੋਂ ਕਿ ਕਾਨੂੰਨੀ ਵਿਦਵਾਨ ਅਤੇ ਕਾਰਕੁਨ ਸਵਾਲ ਕਰਦੇ ਹਨ ਕਿ ਕੀ ਕਾਨੂੰਨ ਕਾਨੂੰਨੀ ਜਾਂਚ ਨੂੰ ਰੋਕ ਸਕਦਾ ਹੈ ਜਾਂ ਇਸ ਨੂੰ ਅਭਿਆਸ 'ਚ ਕਿਵੇਂ ਲਾਗੂ ਕੀਤਾ ਜਾਵੇਗਾ, ਸਮਲਿੰਗੀ ਮਾਪੇ ਡਰ ਜ਼ਾਹਿਰ ਕਰਦੇ ਹਨ ਕਿ ਉਨ੍ਹਾਂ ਨੂੰ ਦੋ ਅਸੰਭਵ ਵਿਕਲਪਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ: ਆਪਣੇ ਦੇਸ ਨੂੰ ਅਣਮਿੱਥੇ ਸਮੇਂ ਲਈ ਛੱਡੋ ਜਾਂ ਇਟਲੀ 'ਚ ਰਹੋ ਅਤੇ ਜੇਲ੍ਹ ਦਾ ਸਾਹਮਣਾ ਕਰੋ। ਨਵੇਂ ਕਾਨੂੰਨ ਤਹਿਤ ਉਨ੍ਹਾਂ ਨੂੰ ਦੋ ਸਾਲ ਤਕ ਦੀ ਕੈਦ ਅਤੇ ਇੱਕ ਮਿਲੀਅਨ ਯੂਰੋ ਤਕ ਦਾ ਜੁਰਮਾਨਾ ਹੋ ਸਕਦਾ ਹੈ। ਲੋਕਪ੍ਰਿਯ ਰਾਜਨੀਤੀ ਦੇ ਯੁੱਗ 'ਚ ਇਟਲੀ ਦੀ ਸਰੋਗੇਸੀ ਪਾਬੰਦੀ ਸਾਇਦ ਕੋਈ ਹੈਰਾਨੀ ਵਾਲੀ ਗੱਲ ਨਹੀਂ ਜਿੱਥੇ LGBTQ+ ਅਤੇ ਔਰਤਾਂ ਦੇ ਅਧਿਕਾਰਾਂ ਨੂੰ ਵੱਧ ਤੋਂ ਵੱਧ ਹਥਿਆਰ ਬਣਾਇਆ ਜਾ ਰਿਹਾ ਹੈ, ਪਰ ਇਸ 'ਤੇ ਸਾਨੂੰ ਅਜੇ ਵੀ ਚਿੰਤਾ ਕਰਨੀ ਚਾਹੀਦੀ ਹੈ।

# ਕੈਨੇਡਾ 'ਚ ਬੱਚਿਆਂ ਦਾ ਢਿੱਡ ਭਰਨ ਲਈ 25% ਮਾਪੇ ਭੁੱਖੇ ਰਹਿਣ ਲਈ ਮਜਬੂਰ



ਔਟਵਾ: ਜਸਟਿਨ ਟਰੂਡੋ ਦੇ ਸ਼ਾਸ਼ਨ 'ਚ ਕੈਨੇਡਾ ਵੱਡੇ ਆਰਥਿਕ ਸੰਕਟ 'ਚੋਂ ਗੁਜ਼ਰ ਰਿਹਾ ਹੈ। ਇਹ ਸੰਕਟ ਕਿੰਨਾ ਵੱਡਾ ਹੈ, ਇਸ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਕੈਨੇਡਾ 'ਚ ਰਹਿੰਦੇ 25 ਪ੍ਰਤੀਸ਼ਤ ਮਾਪੇ ਆਪਣੇ ਬੱਚਿਆਂ ਨੂੰ ਲੋੜੀਂਦਾ ਭੋਜਨ ਮੁਹੱਈਆ ਕਰਵਾਉਣ ਲਈ ਆਪਣੇ ਭੋਜਨ 'ਚ ਕਟੌਤੀ ਕਰ ਰਹੇ ਹਨ। ਇੱਕ ਸੰਸਥਾ ਦੀ ਰਿਪੋਰਟ 'ਚ ਖੁਲਾਸਾ ਹੋਇਆ ਹੈ ਕਿ ਕੈਨੇਡੀਅਨ ਹਾਊਸਿੰਗ, ਨੌਕਰੀਆਂ ਅਤੇ ਮਹਿੰਗਾਈ ਦੇ ਮਾਮਲੇ 'ਚ ਸਭ ਤੋਂ ਖ਼ਰਾਬ ਸੰਕਟ ਦਾ ਸਾਹਮਣਾ ਕਰ ਰਹੇ ਹਨ। ਇਸ 'ਚ ਕਿਹਾ ਗਿਆ ਹੈ ਕਿ ਚਾਰ 'ਚੋਂ ਇੱਕ ਮਾਤਾ-ਪਿਤਾ ਆਪਣੇ ਬੱਚੇ ਨੂੰ ਚੰਗੀ ਤਰ੍ਹਾਂ ਖੁਆਉਣ ਲਈ ਖ਼ੁਦ ਭੁੱਖੇ ਰਹਿ ਰਹੇ ਹਨ। ਗ਼ੈਰ-ਲਾਭਕਾਰੀ ਸੰਗਠਨ ਸਾਲਵੇਸ਼ਨ ਆਰਮੀ ਨੇ 21 ਨਵੰਬਰ ਨੂੰ ਆਪਣੀ ਰਿਪੋਰਟ ਜਾਰੀ ਕੀਤੀ। ਇਸ ਮੁਤਾਬਿਕ 90 ਫ਼ੀਸਦੀ ਤੋਂ ਵੱਧ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੇ ਹੋਰ ਤਰਜੀਹਾਂ ਲਈ ਪੈਸੇ ਬਚਾਉਣ ਲਈ ਕਰਿਆਨੇ 'ਤੇ ਖ਼ਰਚ ਘੱਟ ਕੀਤਾ ਹੈ। ਇਹ ਰਿਪੋਰਟ ਅਜਿਹੇ ਸਮੇਂ 'ਚ ਆਈ ਹੈ ਜਦੋਂ ਕੈਨੇਡਾ 'ਚ ਲੋਕਾਂ ਦੀ ਖਰੀਦ ਸਕਤੀ ਘੱਟ ਗਈ ਹੈ। ਇਸ ਸਮੱਸਿਆ ਨੂੰ ਘੱਟ ਕਰਨ ਲਈ ਟਰੂਡੋ ਸਰਕਾਰ ਵਲੋਂ ਕੁੱਝ ਜ਼ਰੂਰੀ ਵਸਤਾਂ 'ਤੇ ਗੁੱਡਜ਼ ਐਂਡ ਸਰਵਿਸਿਜ਼ ਟੈਕਸ (GST) 'ਚ ਛੋਟ ਦਾ ਐਲਾਨ ਕੀਤੇ ਜਾਣ ਦੀ ਉਮੀਦ ਹੈ। ਰਿਪੋਰਟ ਅਨੁਸਾਰ ਸਰਵੇਖਣ ਕੀਤੇ ਗਏ 24 ਪ੍ਰਤੀਸ਼ਤ ਮਾਪਿਆਂ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਭੋਜਨ ਦੇਣ ਲਈ ਆਪਣੇ ਭੋਜਨ ਦੀ ਖਪਤ ਨੂੰ ਘਟਾ ਦਿੱਤਾ ਹੈ। 90 ਫ਼ੀਸਦੀ ਤੋਂ ਵੱਧ ਨੇ ਕਿਹਾ ਕਿ ਉਨ੍ਹਾਂ ਨੇ ਹੋਰ ਲੋੜਾਂ ਲਈ ਗਰੋਸਰੀ ਦੇ ਬਿੱਲਾਂ 'ਤੇ ਕਟੌਤੀ ਕੀਤੀ ਹੈ। ਬਹੁਤ ਸਾਰੇ ਲੋਕ ਘੱਟ ਪੌਸ਼ਟਿਕ ਭੋਜਨ ਖਰੀਦ ਰਹੇ ਹਨ ਕਿਉਂਕਿ ਇਹ ਸਸਤਾ ਹੈ।

**ਲੋਕਾਂ ਲਈ ਗੁਜ਼ਾਰਾ ਕਰਨਾ ਹੋਇਆ ਔਖਾ:** ਇਹ ਰਿਪੋਰਟ ਅਜਿਹੇ ਸਮੇਂ 'ਚ ਆਈ ਹੈ ਜਦੋਂ ਕੈਨੇਡਾ 'ਚ ਫ਼ੂਡ ਬੈਂਕਾਂ 'ਚ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ 'ਚੋਂ ਕੁੱਝ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵਾਪਿਸ ਭੇਜਣ ਦਾ ਫ਼ੈਸਲਾ ਕੀਤਾ ਹੈ ਜਿਨ੍ਹਾਂ 'ਚ ਭਾਰਤੀ ਵੀ ਸ਼ਾਮਿਲ ਹੋ ਸਕਦੇ ਹਨ। ਦੇਸ਼ ਦੇ ਬਹੁਤ ਸਾਰੇ ਲੋਕਾਂ ਲਈ ਜ਼ਰੂਰੀ ਵਸਤੂਆਂ ਨਾਲ ਸਮਝੌਤਾ ਕੀਤੇ ਬਿਨਾਂ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਗਿਆ ਹੈ। ਇਹ ਰਿਪੋਰਟ ਜਸਟਿਨ ਟਰੂਡੋ ਲਈ ਬੁਰੀ ਖ਼ਬਰ ਹੈ। ਖਾਸ ਕਰ ਕੇ ਜਦੋਂ ਕੈਨੇਡਾ 'ਚ ਇੱਕ ਸਾਲ ਦੇ ਅੰਦਰ ਚੋਣਾਂ ਹੋਣ ਜਾ ਰਹੀਆਂ ਹਨ। ਕੈਨੇਡੀਅਨ ਮੀਡੀਆ ਆਊਟਲੈੱਟ CBC ਦੀ ਇੱਕ ਰਿਪੋਰਟ ਅਨੁਸਾਰ ਮਾਪਿਆਂ ਨੂੰ ਰਹਿਣ-ਸਹਿਣ ਦੇ ਖ਼ਰਚਿਆਂ ਨਾਲ ਸਬੰਧਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਲਵੇਸ਼ਨ ਆਰਮੀ ਦੇ ਬੁਲਾਰੇ ਜੋਹਨ ਮਰੇ ਨੇ ਕਿਹਾ, "ਅਸਲੀਅਤ ਇਹ ਹੈ ਕਿ ਬਹੁਤ ਸਾਰੇ ਕੈਨੇਡੀਅਨਾਂ ਨੂੰ ਆਪਣੇ ਲਈ ਅਤੇ ਸਭ ਤੋਂ ਮਹੱਤਵਪੂਰਣ ਆਪਣੇ ਬੱਚਿਆਂ ਲਈ ਆਪਣੀਆਂ ਰੋਜ਼ਾਨਾ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ 'ਚ ਮੁਸ਼ਕਿਲ ਆ ਰਹੀ ਹੈ।" ਇਹ ਦੇਸ਼ 'ਚ ਇੱਕ ਵੱਡੇ ਸੰਕਟ ਦਾ ਸੰਕੇਤ ਹੈ।

# ਚੋਣਾਂ ਦੇ ਮੱਦੇਨਜ਼ਰ ਲੱਖਾਂ ਕੈਨੇਡੀਅਨਾਂ ਨੂੰ ਲੁਭਾਉਣ 'ਚ ਲੱਗਾ ਟਰੂਡੋ



ਹੈਲੀਫ਼ੈਕਸ: ਅਗਲੇ ਸਾਲ ਹੋਣ ਵਾਲੀਆਂ ਚੋਣਾਂ ਲਈ ਟਰੂਡੋ ਨੇ ਆਪਣੇ ਪੱਧਰ 'ਤੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਨੇ ਕਈ ਵਸਤੂਆਂ ਤੋਂ ਸੰਘੀ ਵਿਕਰੀ ਟੈਕਸ ਨੂੰ ਅਸਥਾਈ ਤੌਰ 'ਤੇ ਹਟਾਉਣ ਅਤੇ ਉਨ੍ਹਾਂ ਲੱਖਾਂ ਕੈਨੇਡੀਅਨਾਂ ਨੂੰ ਚੈੱਕ ਭੇਜਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਜੋ ਵੱਧਦੀਆਂ ਲਾਗਤਾਂ ਨਾਲ ਨਜਿੱਠ ਰਹੇ ਹਨ। ਇਹ ਐਲਾਨ ਅਜਿਹੇ ਸਮੇਂ 'ਚ ਕੀਤਾ ਗਿਆ ਹੈ ਜਦੋਂ ਵੱਧਦੀਆਂ ਲਾਗਤਾਂ ਕਾਰਨ ਵੋਟਰ ਟਰੂਡੋ ਤੋਂ ਨਾਖ਼ੁਸ਼ ਹਨ।

ਯੋਜਨਾ ਤਹਿਤ 2023 'ਚ 1.5 ਲੱਖ ਡਾਲਰ ਤੋਂ ਘੱਟ ਕਮਾਈ ਕਰਨ ਵਾਲੇ ਕੈਨੇਡੀਅਨਾਂ ਨੂੰ 250 ਕੈਨੇਡੀਅਨ ਡਾਲਰ ਦਾ ਚੈੱਕ ਮਿਲੇਗਾ। ਟਰੂਡੋ ਨੇ ਕਿਹਾ ਕਿ ਜ਼ਿਆਦਾ ਕਮਾਈ ਕਰਨ ਵਾਲੇ ਲੋਕ ਵੀ ਆਪਣਾ ਗੁਜ਼ਾਰਾ ਕਰਨ ਲਈ ਸੰਘਰਸ਼ ਕਰ ਰਹੇ ਹਨ। ਅੰਦਾਜ਼ਨ 18.7 ਮਿਲੀਅਨ ਕੈਨੇਡੀਅਨ ਇੱਕ ਵਾਰ ਦਾ ਚੈੱਕਸ ਪ੍ਰਾਪਤ ਕਰਨਗੇ।

ਸਰਕਾਰ ਨੇ ਕਿਹਾ ਕਿ ਕਰਿਆਨੇ ਦਾ ਸਾਮਾਨ, ਬੱਚਿਆਂ ਦੇ ਕੱਪੜਿਆਂ ਅਤੇ ਹੋਰ ਜ਼ਰੂਰੀ ਵਸਤਾਂ ਅਤੇ ਤੋਂ ਮੁਕਤ ਹੋਣਗੀਆਂ। ਮਤਲਬ ਇਹ ਚੀਜ਼ਾਂ ਹੁਣ ਟੈਕਸ ਮੁਕਤ ਹੋ ਗਈਆਂ ਹਨ। ਇਹ ਫ਼ੈਸਲਾ 14 ਦਸੰਬਰ ਤੋਂ ਲਾਗੂ ਹੋਵੇਗਾ ਅਤੇ ਇਹ ਚੀਜ਼ਾਂ ਅਗਲੇ ਦੋ ਮਹੀਨਿਆਂ ਲਈ ਟੈਕਸ ਮੁਕਤ ਹੋਣਗੀਆਂ। ਅਜਿਹਾ ਹੋਣ 'ਤੇ ਇਹ ਚੀਜ਼ਾਂ ਸਸਤੀਆਂ ਹੋ ਜਾਣਗੀਆਂ ਅਤੇ ਲੋਕਾਂ ਨੂੰ ਸਿੱਧੀ ਰਾਹਤ ਮਿਲੇਗੀ। ਟਰੂਡੋ ਨੇ ਕਿਹਾ ਹੈ ਕਿ ਉਹ ਅਗਲੀਆਂ ਚੋਣਾਂ 'ਚ ਆਪਣੀ ਲਿਬਰਲ ਪਾਰਟੀ ਦੀ ਅਗਵਾਈ ਕਰਨਗੇ।

# ਦੁਨੀਆਂ ਦੀ ਸਭ ਤੋਂ ਨਿੱਕੀ ਅਤੇ ਲੰਬੀ ਔਰਤ ਨੇ ਕੀਤੀ ਮੁਲਾਕਾਤ



ਲੰਡਨ: ਹਾਲ ਹੀ 'ਚ ਇੰਟਰਨੈੱਟ 'ਤੇ ਵਾਇਰਲ ਹੋਈਆਂ ਕੁੱਝ ਤਸਵੀਰਾਂ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਨ੍ਹਾਂ ਤਸਵੀਰਾਂ ਨੇ ਦੁਨੀਆਂ ਦੀ ਸਭ ਤੋਂ ਲੰਬੀ ਔਰਤ ਅਤੇ ਸਭ ਤੋਂ ਛੋਟੀ ਔਰਤ ਨੂੰ ਇੱਕੋ ਫ਼ਰੇਮ 'ਚ ਲਿਆਂਦਾ ਹੈ। ਇਨ੍ਹਾਂ ਤਸਵੀਰਾਂ ਨੂੰ ਸੋਸ਼ਲ ਮੀਡੀਆ 'ਤੇ ਕਾਫ਼ੀ ਸ਼ੇਅਰ ਕੀਤਾ ਜਾ ਰਿਹਾ ਹੈ। ਦੋਵਾਂ ਨੇ ਲੰਡਨ ਦੇ ਟਾਵਰ ਬ੍ਰਿਜ ਸਾਹਮਣੇ ਖੜ੍ਹੇ ਹੋ ਕੇ ਫ਼ੋਟੋ ਵੀ ਕਲਿੱਕ ਕਰਵਾਈ।

ਗਿਨੀਜ਼ ਬੁੱਕ ਵਰਲਡ ਰਿਕਾਰਡਜ਼ ਨੇ ਦੁਨੀਆਂ ਦੀ ਸਭ ਤੋਂ ਲੰਮੀ ਔਰਤ ਰੁਮੇਸਾ ਗੇਲਗੀ ਅਤੇ ਦੁਨੀਆਂ ਦੀ ਸਭ ਤੋਂ ਛੋਟੀ ਔਰਤ ਜੋਤੀ ਅਮਗੇ ਦੀਆਂ ਫ਼ੋਟੋਆਂ ਅਤੇ ਵੀਡੀਓਜ਼ ਸਾਂਝੀਆਂ ਕੀਤੀਆਂ ਹਨ। ਦੋਵਾਂ ਔਰਤਾਂ ਨੇ ਇਕੱਠੇ ਚਾਹ ਪੀਤੀ ਅਤੇ ਪਿੱਜ਼ਾ ਵੀ ਖਾਧਾ। ਦੁਨੀਆਂ ਦੀ ਸਭ ਤੋਂ ਲੰਬੀ ਔਰਤ ਰੁਮੇਸਾ ਗੇਲਗੀ ਤੁਰਕੀ ਦੀ ਰਹਿਣ ਵਾਲੀ ਹੈ। ਉਸ ਦਾ ਕੱਦ 7 ਫ਼ੁੱਟ ਤੋਂ ਵੱਧ ਹੈ। ਵੀਵਰ ਸਿੰਡਰੋਮ ਨਾਮਕ ਇੱਕ ਦੁਰਲੱਭ ਸਥਿਤੀ ਕਾਰਨ ਗੇਲਗੀ ਦੀ ਉਚਾਈ 7 ਫ਼ੁੱਟ 0.7 ਇੰਚ (215.16 ਸੈਂਟੀਮੀਟਰ) ਤਕ ਪਹੁੰਚ ਗਈ ਹੈ। ਗੇਲਗੀ ਦਾ ਨਾਂ ਗਿਨੀਜ਼ ਵਰਲਡ ਰਿਕਾਰਡ 'ਚ ਦਰਜ ਹੈ। ਗੇਲਗੀ ਸਭ ਤੋਂ ਲੰਬੀ ਜੀਵਤ ਔਰਤ ਦਾ ਖ਼ਿਤਾਬ ਰੱਖਦੀ ਹੈ। 24 ਸਾਲਾ ਗੇਲਗੀ ਨੂੰ ਆਪਣੇ ਕੱਦ ਅਤੇ ਵੀਵਰ ਸਿੰਡਰੋਮ ਕਾਰਨ ਜ਼ਿਆਦਾਤਰ ਵ੍ਹੀਲਚੇਅਰ ਦੀ ਵਰਤੋਂ ਕਰਨੀ ਪੈਂਦੀ ਹੈ। ਉਹ ਜੈਨੇਟਿਕ ਡਿਸਔਰਡਰ ਤੋਂ ਪੀੜਤ ਹੈ। ਰੁਮੇਸਾ ਗੇਲਗੀ ਦਾ ਕਹਿਣਾ ਹੈ ਕਿ ਹਰ ਨੁਕਸਾਨ ਤੁਹਾਡੇ ਲਈ ਫ਼ਾਇਦੇ 'ਚ ਬਦਲ ਸਕਦਾ ਹੈ, ਇਸ ਲਈ ਆਪਣੇ ਆਪ ਨੂੰ ਸਵੀਕਾਰ ਕਰੋ ਕਿ ਤੁਸੀਂ ਕੌਣ ਹੋ। ਆਪਣੀ ਸਮਰੱਥਾ ਤੋਂ ਸੁਚੇਤ ਰਹੋ ਅਤੇ ਆਪਣਾ ਸਰਵੋਤਮ ਪ੍ਰਦਰਸ਼ਨ ਕਰੋ। ਦੁਨੀਆਂ ਦੀ ਸਭ ਤੋਂ ਛੋਟੀ ਔਰਤ ਜੋਤੀ ਆਮਗੇ ਮਹਾਰਾਸ਼ਟਰ ਦੇ ਨਾਗਪੁਰ 'ਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਉਸ ਦਾ ਕੱਦ ਦੋ ਫ਼ੁੱਟ ਯਾਨੀ 63 ਸੈਂਟੀਮੀਟਰ ਹੈ। ਉਸ ਨੂੰ ਐਕੌਂਡਰੋਪਲਾਸੀਆ ਨਾਂ ਦੀ ਬੀਮਾਰੀ ਹੈ ਜੋ ਬੌਣੇਪਨ ਦਾ ਕਾਰਨ ਬਣਦੀ ਹੈ। ਉਸ ਦੇ ਪਰਿਵਾਰ 'ਚ ਮਾਤਾ, ਪਿਤਾ, ਭਰਾ ਅਤੇ ਭਰਜਾਈ ਸ਼ਾਮਿਲ ਹਨ। ਜੋਤੀ ਵਿਆਹ ਨਹੀਂ ਕਰਨਾ ਚਾਹੁੰਦੀ, ਉਹ ਕੁਆਰੀ ਹੀ ਰਹਿਣਾ ਚਾਹੁੰਦੀ ਹੈ। ਇੱਕ ਇੰਟਰਵਿਊ 'ਚ ਜੋਤੀ ਨੇ ਕਿਹਾ ਸੀ ਕਿ ਉਹ ਸਾਰਿਆਂ ਨੂੰ ਆਪਣਾ ਦੋਸਤ ਮੰਨਦੀ ਹੈ। ਉਹ ਆਜ਼ਾਦ ਹੋਣਾ ਚਾਹੁੰਦੀ ਹੈ। ਉਹ ਕਿਸੇ ਦਾ ਵੀ ਵਿਘਨ ਪਾਉਣਾ ਪਸੰਦ ਨਹੀਂ ਕਰਦਾ। ਜੋਤੀ ਦੇ 18ਵੇਂ ਜਨਮ ਦਿਨ ਤੋਂ ਬਾਅਦ 16 ਦਸੰਬਰ 2011 ਨੂੰ ਉਸ ਨੂੰ ਗਿਨੀਜ਼ ਦੁਆਰਾ ਦੁਨੀਆਂ ਦੀ ਸਭ ਤੋਂ ਛੋਟੀ ਜੀਵਿਤ ਔਰਤ ਘੋਸ਼ਿਤ ਕੀਤਾ ਗਿਆ ਸੀ। ਉਸ ਨੂੰ ਦੋ ਵਾਰ ਵਿਸ਼ਵ ਰਿਕਾਰਡ ਬੈਜ ਵੀ ਦਿੱਤਾ ਜਾ ਚੁੱਕਾ ਹੈ। ਜੋਤੀ ਦਾ ਜਨਮ 16 ਦਸੰਬਰ 1993 ਨੂੰ ਨਾਗਪੁਰ 'ਚ ਹੋਇਆ ਸੀ। ਜੋਤੀ ਦੀ ਬੀਮਾਰੀ ਹੱਡੀਆਂ 'ਚ ਐਕੌਂਡਰੋਪਲਾਸੀਆ ਹੈ ਜਿਸ ਕਾਰਨ ਕੱਦ ਨਹੀਂ ਵਧਦਾ। ਬਚਪਨ 'ਚ ਜੋਤੀ ਨੂੰ ਉਸ ਦੇ ਛੋਟੇ ਕੱਦ ਕਾਰਨ ਬਹੁਤ ਤੰਗ ਕੀਤਾ ਜਾਂਦਾ ਸੀ ਪਰ ਫ਼ਿਰ ਇਹੀ ਕਮਜ਼ੋਰੀ ਉਸ ਦੀ ਤਾਕਤ ਬਣ ਗਈ।

ਜੋਤੀ ਇਸ ਸਮੇਂ ਐਕਟਿੰਗ ਅਤੇ ਮੌਡਲਿੰਗ ਕਰ ਰਹੀ ਹੈ। ਉਹ ਸ਼ੋਅ ਅਮਰੀਕਨ ਹੌਰਰ ਸਟੋਰੀ 'ਚ ਵੀ ਨਜ਼ਰ ਆ ਚੁੱਕੀ ਹੈ। ਜੋਤੀ ਦਾ ਆਪਣਾ ਯੂਟਿਊਬ ਚੈਨਲ ਵੀ ਹੈ। ਉਹ ਅਕਸਰ ਚੈਨਲ 'ਤੇ ਆਪਣੀ ਜ਼ਿੰਦਗੀ ਨਾਲ ਸਬੰਧਤ ਕੁੱਝ ਵੀਡੀਓਜ਼ ਅਪਲੋਡ ਕਰਦੀ ਰਹਿੰਦੀ ਹੈ। ਜੋਤੀ ਆਮਗੇ ਨੇ ਬਿੱਗ ਬੌਸ 'ਚ ਪ੍ਰਸ਼ੰਸਾ ਜਿੱਤੀ। ਜੋਤੀ ਨੇ ਬਿੱਗ ਬੌਸ 'ਚ ਮਹਿਮਾਨ ਦੇ ਤੌਰ 'ਤੇ ਐਂਟਰੀ ਕੀਤੀ ਸੀ ਅਤੇ 10 ਦਿਨ ਤਕ ਘਰ ਦੇ ਅੰਦਰ ਰਹੀ ਸੀ।

# ਧੀ ਨੇ ਪਿਤਾ ਦੀ ਆਖਰੀ ਇੱਛਾ ਪੂਰੀ ਕਰਨ ਲਈ ਅਸਥੀਆਂ 'ਤੇ ਉਗਾਇਆ ਭੰਗ ਦਾ ਬੂਟਾ

ਨਿਊ ਯੌਰਕ: ਹਰ ਬੱਚਾ ਆਪਣੇ ਮਾਤਾ-ਪਿਤਾ ਦੀ ਆਖਰੀ ਇੱਛਾ ਪੂਰੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਇੱਕ ਧੀ ਨੇ ਆਪਣੇ ਪਿਤਾ ਦੀ ਅਜਿਹੀ ਆਖਰੀ ਇੱਛਾ ਪੂਰੀ ਕੀਤੀ ਜਿਸ ਬਾਰੇ ਜਾਣ ਕੇ ਤੁਸੀਂ ਹੈਰਾਨ ਰਹਿ ਜਾਓਗੇ। ਜਿਸ ਲੜਕੀ ਦੀ ਅਸੀਂ ਗੱਲ ਕਰ ਰਹੇ ਹਾਂ ਉਹ ਇੱਕ ਮਸ਼ਹੂਰ ਯੂਟਿਊਬਰ ਹੈ ਅਤੇ ਉਸ ਦਾ ਨਾਮ ਰੋਸ਼ਾਨਾ ਪੈਨਸੀਨੋ ਹੈ। ਰੋਸ਼ਾਨਾ ਨੇ ਹਾਲ ਹੀ 'ਚ ਇੱਕ ਵੀਡੀਓ 'ਚ ਆਪਣੇ ਪਿਤਾ ਦੀ ਆਖਰੀ ਇੱਛਾ ਬਾਰੇ ਗੱਲ ਕੀਤੀ ਅਤੇ ਦੱਸਿਆ ਕਿ ਕਿਵੇਂ ਉਸ ਨੇ ਆਪਣੇ ਪਿਤਾ ਦੀਆਂ ਅਸਥੀਆਂ 'ਤੇ ਭੰਗ ਦਾ ਬੂਟਾ ਉਗਾਇਆ ਅਤੇ ਫ਼ਿਰ ਉਸ ਪੌਦੇ ਤੋਂ ਭੰਗ ਦੀਆਂ ਸਿਗਰਟਾਂ ਬਣਾਈਆਂ ਅਤੇ ਇਸ ਨੂੰ ਪੀਣਾ ਸ਼ੁਰੂ ਕਰ ਦਿੱਤਾ। ਰੋਸ਼ਾਨਾ ਨੇ ਇੱਕ ਵੀਡੀਓ 'ਚ ਦੱਸਿਆ ਕਿ ਉਸ ਦੇ ਪਿਤਾ ਦੀ ਪੰਜ ਸਾਲ ਪਹਿਲਾਂ ਲਿਊਕੀਮੀਆ (ਬਲੱਡ ਕੈਂਸਰ) ਕਾਰਨ ਮੌਤ ਹੋ ਗਈ ਸੀ। ਉਸ ਤੋਂ ਪਹਿਲਾਂ, ਉਨ੍ਹਾਂ ਨੇ ਆਪਣੀ ਪਤਨੀ ਅਤੇ ਧੀ ਨੂੰ ਕਿਹਾ ਸੀ ਕਿ ਜਦੋਂ ਉਨ੍ਹਾਂ ਦੀ ਮੌਤ ਹੋ ਜਾਵੇਗੀ ਤਾਂ ਉਨ੍ਹਾਂ ਦੀ ਅਸਥੀਆਂ ਨੂੰ ਮਿੱਟੀ 'ਚ ਮਿਲਾ ਕੇ ਉਸ 'ਤੇ ਭੰਗ ਦਾ ਬੂਟਾ ਉਗਾਇਆ ਜਾਵੇ।

ਰੋਸ਼ਾਨਾ ਨੇ ਆਪਣੀ ਵਾਇਰਲ ਵੀਡੀਓ 'ਚ ਕਿਹਾ ਪਹਿਲਾਂ ਉਸ ਦੀ ਮਾਂ ਥੋੜੀ ਝਿਜਕ ਰਹੀ ਸੀ, ਪਰ ਹੁਣ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਸ ਦੇ ਪਿਤਾ ਦੀ ਇੱਛਾ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਉਸ ਮਗਰੋਂ ਰੋਸ਼ਾਨਾ ਨੇ ਆਪਣੀ ਮਾਂ ਨਾਲ ਮਿਲ ਕੇ ਆਪਣੇ ਪਿਤਾ ਦੀ ਆਖਰੀ ਇੱਛਾ ਪੂਰੀ ਕਰਨ ਲਈ ਭੰਗ ਉਗਾਉਣ ਦੇ ਮਾਹਿਰ ਨਾਲ ਸੰਪਰਕ ਕੀਤਾ ਅਤੇ ਘਰ 'ਚ ਹੀ ਪਿਤਾ ਦੀਆਂ ਅਸਥੀਆਂ 'ਤੇ ਭੰਗ ਦਾ ਪੌਦਾ ਲਗਵਾਇਆ। ਉਸ ਨੇ ਇਸ ਪ੍ਰਕਿਰਿਆ ਦੀ ਇੱਕ ਵੀਡੀਓ ਅਤੇ ਫ਼ੋਟੋਆਂ ਵੀ ਲਈਆਂ ਜੋ ਕਿ ਉਸ ਦੇ ਲਈ ਇੱਕ ਬਹੁਤ ਹੀ ਭਾਵਨਾਤਮਕ ਅਤੇ ਵਿਸ਼ੇਸ਼ ਅਨੁਭਵ ਸੀ।

ਹਾਲ ਹੀ 'ਚ ਭੰਗ ਦੇ ਪੌਦੇ ਦੀ ਕਟਾਈ ਕੀਤੀ ਗਈ ਅਤੇ ਹੁਣ ਉਹ ਉਸ ਪੌਦੇ ਤੋਂ ਭੰਗ ਦੀਆਂ ਸਿਗਰਟਾਂ ਬਣਾ ਰਹੇ ਹਨ। ਉਸ ਦੇ ਇੱਕ ਦੋਸਤ ਨੇ ਸਿਗਰਟ ਨੂੰ ਰੋਲ ਕਰਨ 'ਚ ਉਸ ਦੀ ਮਦਦ ਕੀਤੀ। ਇਹ ਸਿਗਰਟਾਂ ਗੁਲਾਬੀ ਰੋਲਿੰਗ ਪੇਪਰ ਤੋਂ ਬਣੀਆਂ ਹਨ, ਜੋ ਇਨ੍ਹਾਂ ਨੂੰ ਹੋਰ ਵੀ ਖਾਸ ਬਣਾਉਂਦੀਆਂ ਹਨ।

# ਜਦੋਂ ਬੇਟੇ ਦੇ ਦੋਸਤ ਦਾ ਆਇਆ ਆਂਟੀ 'ਤੇ ਦਿਲ ਤਾਂ ਝਟ-ਪਟ ਕਰਾ ਲਿਆ ਵਿਆਹ

ਵਾਸ਼ਿੰਗਟਨ: ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਰਿਸ਼ਤੇ ਕਦੋਂ ਅਤੇ ਕਿੱਥੇ ਵੱਧਣਗੇ। ਖਾਸ ਤੌਰ 'ਤੇ ਜੇਕਰ ਅਸੀਂ ਮਨੁੱਖੀ ਰਿਸ਼ਤਿਆਂ ਦੀ ਗੱਲ ਕਰੀਏ ਤਾਂ ਤੁਹਾਨੂੰ ਅਜਿਹੀਆਂ ਉਦਾਹਰਣਾਂ ਦੇਖਣ ਨੂੰ ਮਿਲਣਗੀਆਂ ਜਿਨ੍ਹਾਂ ਬਾਰੇ ਤੁਸੀਂ ਕਦੇ ਸੋਚਿਆ ਵੀ ਨਹੀਂ ਹੋਵੇਗਾ। ਉਦਾਹਰਣ ਦਹੇ ਤੌਰ 'ਤੇ, ਇੱਕ ਲੜਕੀ ਆਪਣੀ ਉਮਰ ਤੋਂ ਦੋ-ਤਿੰਨ ਗੁਣੀ ਉਮਰ ਦੇ ਆਦਮੀ ਨਾਲ ਪਿਆਰ 'ਚ ਪੈ ਜਾਂਦੀ ਹੈ ਜਦੋਂ ਕਿ ਕਈ ਵਾਰ ਇੱਕ ਔਰਤ ਨੂੰ ਆਪਣੇ ਤੋਂ ਬਹੁਤ ਛੋਟੇ ਲੜਕੇ ਨਾਲ ਪਿਆਰ ਹੋ ਜਾਂਦਾ ਹੈ।

ਅਜਿਹਾ ਹੀ ਕੁੱਝ ਇੱਕ ਔਰਤ ਨਾਲ ਹੋਇਆ ਜਿਸ ਨੂੰ ਆਪਣੇ ਬੇਟੇ ਦੇ ਦੋਸਤ ਨਾਲ ਪਿਆਰ ਹੋ ਗਿਆ। ਤੁਸੀਂ ਸ਼ਾਇਦ ਹੀ ਕਿਸੇ ਮਾਂ ਨੂੰ ਆਪਣੇ ਪੁੱਤਰ ਦੇ ਦੋਸਤ ਨਾਲ ਪਿਆਰ ਕਰਦੇ ਦੇਖਿਆ ਹੋਵੇਗਾ। ਅਜਿਹਾ ਹੀ ਕੁੱਝ ਏਮੀ ਨਾਂ ਦੀ ਔਰਤ ਨਾਲ ਹੋਇਆ ਅਤੇ ਉਸ ਨੇ ਆਪਣੇ ਬੇਟੇ ਦੇ ਦੋਸਤ ਨੂੰ ਆਪਣੇ ਬੱਚੇ ਦਾ ਮਤਰੇਆ ਪਿਤਾ ਬਣਾ ਲਿਆ। ਇਹ ਕਹਾਣੀ ਬੜੀ ਜਦੋਂ ਤੋਂ ਐਮੀ ਦਾ ਬੇਟਾ 13 ਸਾਲ ਦਾ ਸੀ, ਉਸ ਦਾ ਦੋਸਤ ਘਰ ਆਉਂਦਾ-ਜਾਂਦਾ ਰਹਿੰਦਾ ਸੀ। ਬ੍ਰਾਈਸ ਦਾ ਕਹਿਣਾ ਹੈ ਕਿ ਉਹ 18 ਸਾਲ ਦੀ ਉਮਰ ਤੋਂ ਪਹਿਲਾਂ ਹੀ ਆਂਟੀ ਨੂੰ ਪਸੰਦ ਕਰਨ ਲੱਗ ਪਿਆ ਸੀ। ਹਾਲਾਂਕਿ, ਉਸ ਨੇ 18 ਸਾਲ ਦੀ ਉਮਰ ਤਕ ਏਮੀ ਨੂੰ ਕੁੱਝ ਨਹੀਂ ਕਿਹਾ ਕਿਉਂਕਿ ਉਸ ਨੂੰ ਪਤਾ ਸੀ ਕਿ ਇਹ ਉਸ ਦੀ ਕਾਨੂੰਨੀ ਉਮਰ ਨਹੀਂ। ਆਪਣੇ 18ਵੇਂ ਜਨਮ ਦਿਨ ਤੋਂ ਬਾਅਦ ਹੀ ਉਸ ਨੇ ਏਮੀ ਨੂੰ ਆਪਣੀਆਂ ਭਾਵਨਾਵਾਂ ਦੱਸੀਆਂ ਜਿਸ 'ਤੇ ਏਮੀ ਨੇ ਉਸ ਨੂੰ ਠੁਕਰਾ ਦਿੱਤਾ। ਉਸ ਨੇ ਕਿਹਾ ਕਿ ਉਸ ਨੇ ਉਸ ਨੂੰ ਸਿਰਫ਼ ਇੱਕ ਬੱਚੇ ਦੇ ਰੂਪ 'ਚ ਦੇਖਿਆ ਸੀ ਅਤੇ ਉਹ ਉਸ ਲਈ ਬਹੁਤ ਛੋਟਾ ਸੀ।

ਇਸ ਦਾ ਬ੍ਰਾਈਸ 'ਤੇ ਕੋਈ ਅਸਰ ਨਹੀਂ ਹੋਇਆ ਅਤੇ ਆਖਿਰਕਾਰ ਏਮੀ ਵੀ ਉਸ ਨਾਲ ਪਿਆਰ ਕਰਨ ਲਗ ਗਈ। ਲੜਕੇ ਨੇ ਆਪਣੇ ਦੋਸਤ ਨੂੰ ਇਹ ਵੀ ਦੱਸਿਆ ਕਿ ਉਹ ਉਸ ਦੀ ਮਾਂ ਨੂੰ ਪਸੰਦ ਕਰਦਾ ਹੈ। ਉਨ੍ਹਾਂ ਦੀ ਪਹਿਲੀ ਡੇਟ 'ਤੇ ਏਮੀ ਦਾ ਬੇਟਾ ਵੀ ਉਨ੍ਹਾਂ ਨਾਲ ਗਿਆ। ਦੋ ਸਾਲਾਂ ਬਾਅਦ ਉਨ੍ਹਾਂ ਦਾ ਵਿਆਹ ਹੋ ਗਿਆ ਅਤੇ ਹੁਣ ਏਮੀ, ਉਸ ਦਾ ਬੇਟਾ ਆਇਡਿਨ ਅਤੇ ਬ੍ਰਾਈਸ ਇਕੱਠੇ ਰਹਿੰਦੇ ਹਨ। ਇਹ ਵੱਖਰੀ ਗੱਲ ਹੈ ਕਿ ਸਮਾਜ ਨੂੰ ਉਨ੍ਹਾਂ ਦਾ ਸੈੱਟਅੱਪ ਪਸੰਦ ਨਹੀਂ, ਪਰ ਉਹ ਕਹਿੰਦੇ ਹਨ ਕਿ ਉਹ ਇੱਕ ਜੋੜੇ ਵਜੋਂ ਖ਼ੁਸ਼ ਹਨ ਜਦ ਕਿ ਉਨ੍ਹਾਂ ਦੇ ਪੁੱਤਰ ਨੂੰ ਵੀ ਇਸ ਤੋਂ ਕੋਈ ਪਰੇਸ਼ਾਨੀ ਨਹੀਂ।

# ਲੰਡਨ ਨੂੰ ਲਗਾਤਾਰ 10ਵੇਂ ਸਾਲ ਚੁਣਿਆ ਗਿਆ ਦੁਨੀਆਂ ਦਾ ਸਰਵੋਤਮ ਸਹਿਰ



ਲੰਡਨ: ਲੰਡਨ ਨੂੰ ਲਗਾਤਾਰ 10ਵੇਂ ਸਾਲ ਦੁਨੀਆਂ ਦੇ ਸਰਵੋਤਮ ਸ਼ਹਿਰਾਂ ਦੀ ਸਾਲਾਨਾ ਰੈਂਕਿੰਗ 'ਚ ਸਭ ਤੋਂ ਵਧੀਆ ਸ਼ਹਿਰ ਚੁਣਿਆ ਗਿਆ। ਬ੍ਰਿਟੇਨ ਦੀ ਰਾਜਧਾਨੀ, ਨਿਊ ਯੌਰਕ, ਪੈਰਿਸ ਅਤੇ ਟੋਕੀਓ ਨੂੰ ਪਿੱਛੇ ਛੱਡ ਕੇ ਸਿਖ਼ਰ 'ਤੇ ਬਰਕਰਾਰ ਹੈ। ਰੀਅਲ ਐਸਟੇਟ, ਸੈਰ-ਸਪਾਟਾ ਅਤੇ ਆਰਥਿਕ ਵਿਕਾਸ 'ਚ ਗਲੋਬਲ ਸਲਾਹਕਾਰ ਰੈਜ਼ੋਨੈਂਸ ਵੱਲੋਂ ਤਿਆਰ ਕੀਤੀ ਗਈ ਰੈਂਕਿੰਗ, ਇੱਕ ਮਿਲੀਅਨ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ ਦਾ ਮੁਲਾਂਕਣ ਕਰਦੀ ਹੈ।

ਇੱਕ ਸਮਾਚਾਰ ਏਜੰਸੀ ਦੀ ਰਿਪੋਰਟ ਮੁਤਾਬਿਕ ਰੈਂਕਿੰਗ 'ਚ ਲੰਡਨ ਦਾ ਹਮੇਸ਼ਾ ਦਬਦਬਾ ਰਿਹਾ ਹੈ। ਭਾਵੇਂ ਮੁਲਾਂਕਣ ਦੇ ਮਾਪਦੰਡ ਹਰ ਸਾਲ ਬਦਲਦੇ ਰਹਿੰਦੇ ਹਨ। ਰੈਂਕਿੰਗ ਲੰਡਨ ਦੀ ਵਿਸ਼ਵ-ਵਿਆਪੀ ਅਪੀਲ ਨੂੰ ਦਰਸਾਉਂਦੀ ਹੈ। ਇਹ ਇੱਕ ਅਜਿਹਾ ਸਹਿਰ ਹੈ ਜੋ ਸਭਿਆਚਾਰਕ ਵਿਰਾਸਤ, ਮਜ਼ਬੂਤ ਵਪਾਰਕ ਬੁਨਿਆਦੀ ਢਾਂਚੇ ਦਾ ਪ੍ਰਤੀਕ ਰਿਹਾ ਹੈ। ਇਸ ਸਾਲ ਦੀ ਰੈਂਕਿੰਗ 'ਚ ਜਨਤਕ ਧਾਰਨਾ ਨੂੰ ਸ਼ਾਮਿਲ ਕੀਤਾ ਗਿਆ। ਪਹਿਲੀ ਵਾਰ, 30 ਦੇਸ਼ਾਂ ਦੇ 22 ਹਜ਼ਾਰ ਤੋਂ ਵੱਧ ਲੋਕਾਂ ਦੀਆਂ ਜਾਣਕਾਰੀਆਂ ਨੂੰ ਸ਼ਾਮਿਲ ਕੀਤਾ ਗਿਆ ਅਤੇ ਵਿਸ਼ਲੇਸ਼ਣ 'ਚ ਧਾਰਨਾ-ਆਧਾਰਿਤ ਡੇਟਾ ਸ਼ਾਮਿਲ ਕੀਤਾ ਗਿਆ।

ਮੁਲਾਂਕਣ 'ਚ ਕਈ ਹੋਰ ਕਾਰਕਾਂ 'ਤੇ ਵਿਚਾਰ ਕੀਤਾ ਗਿਆ ਜਿਨ੍ਹਾਂ 'ਚ ਵਾਤਾਵਰਣ ਦੀ ਗੁਣਵੱਤਾ, ਸਭਿਆਚਾਰਕ ਜੀਵਨ, ਭੋਜਨ, ਨਾਈਟ ਲਾਈਫ਼, ਖਰੀਦਦਾਰੀ ਅਤੇ ਵਪਾਰਕ ਬੁਨਿਆਦੀ ਢਾਂਚਾ ਸ਼ਾਮਿਲ ਹੈ। ਇਸ 'ਚ ਖੇਤਰੀ ਹਵਾਈ ਅੱਡੇ ਦੀ ਕੋਨੈਕਟੀਵਿਟੀ ਅਤੇ ਯੂਨੀਵਰਸਿਟੀਆਂ ਦੀ ਗੁਣਵੱਤਾ ਦਾ ਵੀ ਮੁਲਾਂਕਣ ਕੀਤਾ ਗਿਆ। ਰੇਜ਼ੋਨੈਂਸ ਦੇ ਪ੍ਰਧਾਨ ਅਤੇ CEO ਕ੍ਰਿਸ ਫ਼ੇਅਰ ਕਿਹਾ ਕਿ ਲੋਕ ਅੱਗੇ ਵੱਧ ਰਹੇ ਹਨ ਅਤੇ ਪਲਾਇਨ ਕਰ ਰਹੇ ਹਨ। ਮਹਾਂਮਾਰੀ ਦੌਰਾਨ ਇਹ ਰੁਝਾਨ ਹੋਰ ਵੱਧ ਗਿਆ। ਲੋਕ ਨਾ ਸਿਰਫ਼ ਕਿਫ਼ਾਇਤੀ ਸਗੋਂ ਮਨਮੋਹਕ ਸਥਾਨਾਂ ਦੀ ਵੀ ਤਲਾਸ਼ ਕਰ ਰਹੇ ਹਨ। ਨਤੀਜੇ ਦਰਸਾਉਂਦੇ ਹਨ ਕਿ ਦੁਨੀਆਂ ਭਰ ਦੇ ਲੋਕ ਸਭ ਤੋਂ ਵੱਡੇ ਸ਼ਹਿਰਾਂ 'ਚ ਰਹਿਣ, ਘੁੰਮਣ ਅਤੇ ਕੰਮ ਕਰਨ ਦੀ ਇੱਛਾ ਰੱਖਦੇ ਹਨ।




# ਕੀ ਬੌਡੀ ਬਿਲਡਿੰਗ ਲਈ ਸਟੇਰੌਇਡ ਲੈਣਾ ਠੀਕ ਹੈ ?



**ਅਜੀਤਪਾਲ ਸਿੰਘ ਐਮ.ਡੀ.**

ਸਿਰਫ਼ ਇੱਕ ਮਹੀਨੇ ਵਿੱਚ ਬਣਾਓ ਸਿਕਸ ਪੈਕ ਏਬਸ! ਤੁਸੀਂ ਬਣ ਸਕਦੇ ਹੋ ਆਪਣੇ ਸ਼ਹਿਰ ਦੇ ਜੌਹਨ ਇਬ੍ਰਾਹਮ, ਸਲਮਾਨ ਖਾਨ ਜਾਂ ਅਰਨੋਲਡ ਸਵਾਰਜਨੇਗਰ'! ਇਸ ਤਰ੍ਹਾਂ ਦੀ ਇਸ਼ਤਿਹਾਰਬਾਜ਼ੀ ਪ੍ਰਸਾਰ ਮਾਧਿਅਮਾਂ, ਖਾਸ ਕਰਕੇ ਇੰਟਰਨੈਟ 'ਤੇ ਅਕਸਰ ਵੇਖਣ ਨੂੰ ਮਿਲਦੀ ਹੈ। ਇੱਕ ਜ਼ਮਾਨਾ ਸੀ ਜਦ ਬਾਡੀ ਬਿਲਡਿੰਗ ਹੀ ਮੈਨ ਲੁੱਕ, ਸਿਕਸ ਪੈਕ ਏਬਸ ਆਦਿ ਸ਼ੁਗਲ ਪੱਛਮੀ ਦੇਸ਼ਾਂ ਅਤੇ ਪੇਸ਼ਾਵਰ ਐਥਲੀਟਾਂ, ਮਾਡਲਾਂ, ਹੀਰੋ-ਹੀਰੋਇਨਾਂ ਤੇ ਖਿਡਾਰੀਆਂ ਤਕ ਸੀਮਤ ਸੀ ਪਰ ਹੁਣ ਆਲਮ ਇਹ ਹੈ ਕਿ ਛੋਟੇ ਤੋਂ ਵੱਡੇ ਸ਼ਹਿਰਾਂ ਤਕ 'ਹੀਮੈਨ' ਬਣਾ ਦੇਣ ਦੇ ਦਾਅਵੇ ਕਰਨ ਵਾਲੇ ਜਿਮ ਤੇ ਕਸਰਤ ਸਥਾਨ ਧੜਾਧੜ ਖੁੱਲ੍ਹ ਰਹੇ ਹਨ। ਪਰ ਇਹ ਸਭ ਅਚਾਨਕ ਨਹੀਂ ਹੋਇਆ ਹੈ। ਦਰਅਸਲ ਸ਼ਹਿਰੀ ਮੱਧਵਰਗੀ ਨੌਜਵਾਨਾਂ ਲਈ ਬਾਡੀ ਬਿਲਡਿੰਗ ਫ਼ੈਸ਼ਨ ਦਾ ਰੂਪ ਧਾਰਨ ਕਰ ਚੁੱਕੀ ਹੈ। 'ਹੀ-ਮੈਨ' ਬਣਨ ਦੀ ਚਾਹਤ ਨੂੰ ਪੂਰਾ ਕਰਨ ਲਈ ਉਹ ਬੇਝਿਜਕ ਐਨਾਬੌਲਿਕ ਸਟੀਰਾਇਡ (ਇੱਕ ਰਸਾਇਣਕ ਦਵਾਈ ਜੋ ਪੱਠਿਆਂ ਨੂੰ ਸਖ਼ਤ ਬਣਾਉਂਦੀ ਹੈ) ਦੀ ਵਰਤੋਂ ਕਰ ਰਹੇ ਹਨ। ਪੱਛਮੀ ਦੇਸ਼ਾਂ ਪਿਛੋਂ ਹੁਣ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਵੀ ਇਹ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਪਿੱਛੇ ਜਿਹੇ ਹੀ ਇੰਗਲੈਂਡ ਦੀ ਇੱਕ ਗ਼ੈਰ ਸਰਕਾਰੀ ਸੰਸਥਾ 'ਸੀਆਰਆਈ' ਨੇ ਸਟੇਰੌਇਡ ਦੀ ਵਧਦੀ ਵਰਤੋਂ ਬਾਰੇ ਇੱਕ ਸਰਵੇਖਣ ਕੀਤਾ ਹੈ ਜਿਸ ਮੁਤਾਬਕ ਪਿਛਲੇ ਸਾਲਾਂ ਵਿੱਚ ਇਹ ਹਾਨੀਕਾਰਕ ਡਰੱਗ ਦੀ ਵਰਤੋਂ 'ਚ ਬਹੁਤ ਜ਼ਿਆਦਾ ਇਜ਼ਾਫ਼ਾ ਹੋਇਆ ਹੈ। ਇੱਕੱਲੇ ਇੰਗਲੈਂਡ ਵਿੱਚ 2010 ਤੋਂ 2013 ਦਰਮਿਆਨ ਸਟੇਰੌਇਡ ਵਰਤਣ ਵਾਲਿਆਂ ਦੀ ਤਦਾਦ 'ਚ 645 ਫ਼ੀਸਦੀ ਵਾਧਾ ਹੋਇਆ ਹੈ। ਸੀਆਰਆਈ ਦਾ ਕਹਿਣਾ ਹੈ ਕਿ ਇੰਗਲੈਂਡ 'ਚ ਕਰੀਬ 60 ਹਜ਼ਾਰ ਲੋਕ ਬਾਡੀ ਬਿਲਡਿੰਗ ਲਈ ਐਨਾਬੌਲਿਕ ਸਟੇਰੌਇਡ ਦੀ ਵਰਤੋਂ ਕਰ ਰਹੇ ਹਨ। ਇਹੀ ਕਾਰਨ ਹੈ ਕਿ ਹਾਨੀਕਾਰਕ ਡਰੱਗ ਦੀ ਖ਼ਰੀਦੋ-ਫ਼ਰੋਖ਼ ?ਤ ਤੇ ਇਸ ਦੀ ਵਰਤੋਂ ਨੂੰ ਕੰਟਰੋਲ ਕਰਨ ਵਾਲੀ 'ਨੇਸ਼ਨ ਹੈਲਥ ਐਂਡ ਕੇਅਰ ਐਕਸੇਲੈਂਸ' (ਐਨਆਈਸੀਟੀ) ਨੇ ਪਿੱਛੇ ਜਿਹੇ ਸਟੇਰੌਇਡ ਦੀ ਵਰਤੋਂ ਬਾਰੇ ਹਦਾਇਤਾਂ ਜਾਰੀ ਕੀਤੀਆਂ ਹਨ।

ਐਨਆਈਸੀਟੀ ਦੇ ਅਧਿਕਾਰੀ ਤੇ ਡਰੱਗ ਮਾਹਿਰ ਪ੍ਰੋਫ਼ੈਸਰ ਮਾਈਕ ਕੇਲੀ ਕਹਿੰਦੇ ਹਨ, 'ਸਟੇਰੌਈਡ ਬਾਰੇ ਜੇ ਭਾਰਤ ਦੀ ਗੱਲ ਕਰੀਏ ਤਾਂ ਇਥੇ ਐਨਾਬੌਲਿਕ ਲਿਕਸਟੇਰੌਇਡ ਦੀ ਖ਼ਰੀਦ-ਵਿਕਰੀ ਤੋਂ ਲੈ ਕੇ ਇਸ ਨੂੰ ਵਰਤਣ ਆਦਿ 'ਤੇ ਕੋਈ ਪਾਬੰਦੀ ਨਹੀਂ ਹੈ। ਨਾ ਸਰਕਾਰ ਤੇ ਨਾ ਹੀ ਕਿਸੇ ਹੋਰ ਸੰਸਥਾ ਕੋਲ ਕੋਈ ਰਿਕਾਰਡ ਹੈ ਕਿ ਦੇਸ਼ 'ਚ ਕਿੰਨੇ ਲੋਕ ਗ਼ੈਰ-ਜ਼ਰੂਰੀ ਇਸ ਡਰੱਗ ਦੀ ਵਰਤੋਂ ਕਰਦੇ ਹਨ। ਵੈਸੇ ਛੋਟੇ ਸ਼ਹਿਰਾਂ ਤਕ ਫ਼ੈਲ ਚੁੱਕੇ ਬਾਡੀ ਬਿਲਡਿੰਗ ਦੇ ਫ਼ੈਸ਼ਨ ਨੂੰ ਵੇਖ ਕੇ ਹਾਲਾਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਪੁਣੇ ਸਿਹਤ ਡਰੱਗ ਦੇ ਮਾਹਿਰ ਡਾ. ਅਭੈ ਕੁਮਾਰ ਮੁਤਾਬਿਕ ਪਿਛਲੇ ਕੁਝ ਸਾਲਾਂ 'ਚ ਫ਼ਿਲਮ ਤੇ ਮਨੋਰੰਜਨ ਮੀਡੀਆ ਵਿੱਚ ਸਰੀਰ ਦੀ ਨੁਮਾਇਸ਼ ਦਾ ਰਿਵਾਜ ਤੇਜ਼ੀ ਨਾਲ ਵਧਿਆ ਹੈ। ਇਸ ਨਾਲ ਅਲੜ੍ਹ ਨੌਜਵਾਨ ਵੱਧ ਅਸਰਅੰਦਾਜ਼ ਹੁੰਦੇ ਹਨ। ਉਹ ਜਲਦੀ ਹੀ- ਮੈਨ ਬਣਨ ਦੀ ਚਾਹਤ ਲੈ ਕੇ ਨੇੜੇ ਦੀ ਜਿਮ 'ਚ ਪਹੁੰਚ ਜਾਂਦੇ ਹਨ। ਜ਼ਿਆਦਾਤਰ ਜਿਮ 'ਚ ਯੋਗ ਮਾਸਟਰ ਤੇ ਡਾਕਟਰ ਨਹੀਂ ਹੁੰਦੇ। ਨੌਜਵਾਨ ਡਾਕਟਰਾਂ ਦੀ ਸਲਾਹ ਤੋਂ ਬਿਨਾ ਹੀ ਸਟੇਰੌਇਡ ਦੀ ਵਰਤੋਂ ਸ਼ੁਰੂ ਕਰ ਦਿੰਦੇ ਅਤੇ ਹੌਲੀ ਹੌਲੀ ਇਸ ਦੇ ਆਦੀ ਹੋ ਜਾਂਦੇ ਹਨ।' ਜਿੱਥੋਂ ਤੱਕ ਸਟੇਰੌਇਡ ਦੀ ਖ਼ਰੀਦ-ਵਿਕਰੀ, ਦਰਾਮਦ-ਬਰਾਮਦ ਦੇ ਕਨੂੰਨੀ ਪੱਖ ਦੀ ਗੱਲ ਹੈ, ਇਸ ਬਾਰੇ ਕੌਮਾਂਤਰੀ ਪੱਧਰ 'ਤੇ ਕੌਮੀ ਮਾਪ-ਦੰਡ ਨਹੀਂ। ਕੁਝ ਦੇਸ਼ਾਂ 'ਚ ਇਸ ਦੀ ਬੇਲੋੜੀ ਵਰਤੋਂ 'ਤੇ ਪਾਬੰਦੀ ਲੱਗੀ ਹੋਈ ਹੈ। ਕੁਝ ਦੇਸ਼ਾਂ 'ਚ ਇਹ ਬਗੈਰ ਰੋਕ ਖਰੀਦੇ-ਵੇਚੇ ਅਤੇ ਵਰਤੇ ਜਾ ਸਕਦੇ ਹਨ। ਅਮਰੀਕਾ, ਕੈਨੇਡਾ, ਅਰਜਨਟਾਈਨਾ, ਬ੍ਰਾਜ਼ੀਲ, ਆਸਟ੍ਰੇਲੀਆ, ਪੁਰਤਗਾਲ ਵਰਗੇ ਕਰੀਬ 15 ਪੱਛਮੀ ਦੇਸ਼ਾਂ ਨੇ ਇਸ 'ਤੇ ਸਖ਼ਤੀ ਨਾਲ ਪਾਬੰਦੀ ਲਾ ਰੱਖੀ ਹੈ। ਸਬੰਧਿਤ ਡਾਕਟਰ ਦੀ ਲਿਖਤੀ ਸਲਾਹਬਿਨਾ ਇਨ੍ਹਾਂ ਦੇਸ਼ਾਂ 'ਚ ਸਟੇਰੌਇਡ ਖਰੀਦੇ ਨਹੀਂ ਜਾ ਸਕਦੇ। ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ 'ਚ ਅਜਿਹੀ ਕੋਈ ਸਖ਼ਤ ਪਾਬੰਦੀ ਨਹੀਂ ਹੈ। ਸਾਰੇ ਦੇਸ਼ਾਂ ਦੀਆਂ ਖੇਡ ਸੰਸਥਾਵਾਂ ਨੇ ਖਿਡਾਰੀਆਂ ਉਪਰ ਸਟੇਰੌਇਡ ਦੀ ਵਰਤੋਂ 'ਤੇ ਸਖ਼ਤ ਪਬੰਦੀ ਲਾ ਰੱਖੀ ਹੈ। ਇਸ ਦੇ ਬਾਵਜੂਦ ਹਰ ਸਾਲ ਖਿਡਾਰੀਆਂਵੱਲੋਂ ਸਟੇਰੌਇਡ ਦੀ ਵਰਤੋਂ ਕਰਨ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ।

## ਕੌੜੀ ਨਿੰਮ ਦੇ ਮਿੱਠੇ ਗੁਣ

× ਨਿੰਮ ਦੇ ਪੱਤਿਆਂ ਦਾ ਸ਼ਰਬਤ ਪੇਚਿਸ਼ ਵਿਚ ਫਾਇਦੇਮੰਦ ਹੈ।
× ਨਿੰਮ ਦੀ ਜੜ੍ਹ ਨੂੰ ਪੀਸ ਕੇ ਮੂੰਹ 'ਤੇ ਲਗਾਇਆ ਜਾਵੇ ਤਾਂ ਮੁਹਾਸੇ ਛੇਤੀ ਠੀਕ ਹੋ ਜਾਂਦੇ ਹਨ।
× ਕਬਜ਼ ਹੋਣ ਜਾਂ ਦਸਤ ਸਾਫ਼ ਨਾ ਹੋਣ 'ਤੇ ਨਿੰਮ ਦੇ 4-5 ਫੁੱਲ ਰਾਤ ਨੂੰ ਸੌਣ ਸਮੇਂ ਗਰਮ ਪਾਣੀ ਨਾਲ ਖਾਣ ਨਾਲ ਲਾਭ ਹੁੰਦਾ ਹੈ।
× ਨਿੰਮ ਦੇ ਪੱਤਿਆਂ ਦਾ ਰਸ ਦਿਨ ਵਿਚ ਦੋ ਵਾਰ ਅੱਧਾ-ਅੱਧਾ ਤੋਲਾ ਸੇਵਨ ਕਰਨ ਨਾਲ ਸ਼ੀਤ ਪਿੱਤ ਵਿਚ ਆਰਾਮ ਮਿਲਦਾ ਹੈ।
× ਸਰੀਰ ਵਿਚ ਜਲਣ ਹੋਣ 'ਤੇ ਨਿੰਮ ਦੇ ਕੋਮਲ ਪੱਤਿਆਂ ਨੂੰ ਪੀਸ ਕੇ ਪੂਰੇ ਸਰੀਰ 'ਤੇ ਮਲਣਾ ਚਾਹੀਦਾ ਹੈ।
× ਪੁਰਾਣੇ ਜ਼ਖ਼ਮ 'ਤੇ ਨਿੰਮ ਦੇ ਪੱਤਿਆਂ ਦੀ ਪੁਲਿਟਸ ਬਣਾ ਕੇ ਬੰਨ੍ਹਣ ਨਾਲ ਛੇਤੀ ਲਾਭ ਹੁੰਦਾ ਹੈ ਅਤੇ ਜ਼ਖ਼ਮ ਭਰਨ ਵਿਚ ਆਸਾਨੀ ਹੁੰਦੀ ਹੈ।
× ਨਿੰਮ ਦਾ ਤੇਲ ਫੋੜੇ-ਫਿਨਸੀਆਂ ਨੂੰ ਛੇਤੀ ਠੀਕ ਕਰਦਾ ਹੈ।
× ਨਿੰਮ ਦੇ ਪੱਤਿਆਂ ਨੂੰ ਜਲਾ ਕੇ ਸੁਆਹ ਨੂੰ ਮਿੱਠੇ ਤੇਲ ਦੇ ਨਾਲ ਮਿਲਾ ਕੇ ਲਗਾਉਣ ਨਾਲ ਖੁਜਲੀ ਛੇਤੀ ਹੀ ਠੀਕ ਹੁੰਦੀ ਹੈ।
× ਨਿੰਮ ਦੇ ਪੱਤਿਆਂ ਨੂੰ ਉਬਾਲ ਕੇ ਉਸ ਦੇ ਪਾਣੀ ਨਾਲ ਫੋੜੇ, ਜ਼ਖ਼ਮ ਆਦਿ ਧੋਣ ਨਾਲ ਲਾਭ ਹੁੰਦਾ ਹੈ।
× ਚੇਚਕ ਰੋਗ ਲਈ ਨਿੰਮ ਦੀ ਵਰਤੋਂ ਕਿਸੇ ਰਾਮਬਾਣ ਤੋਂ ਘੱਟ ਨਹੀਂ। ਇਸ ਦੀ ਵਰਤੋਂ ਹਰ ਤਰ੍ਹਾਂ ਨਾਲ ਕੀਤੀ ਜਾ ਸਕਦੀ ਹੈ। ਨਿੰਮ ਦੀ ਗਿਟਕ, ਬਹੇੜੇ ਦੇ ਬੀਜ ਅਤੇ ਹਲਦੀ ਡੇਢ-ਡੇਢ ਮਾਸਾ ਮਿਲਾ ਕੇ ਪੀਸ ਲਓ। 21 ਦਿਨ ਤੱਕ ਠੰਢੇ ਪਾਣੀ ਨਾਲ ਇਸ ਦਾ ਸੇਵਨ ਕਰਨ ਨਾਲ ਚੇਚਕ ਦਾ ਡਰ ਨਹੀਂ ਰਹਿੰਦਾ।

**-ਮੀਨਾ ਜੈਨ ਛਾਬੜਾ**

# ਗੁਰਦੇ ਦਾ ਕੈਂਸਰ



ਡਾ. ਮਨਜੀਤ ਸਿੰਘ ਬੱਲ
MBBS; MD; FICP
0835800237,
09872843491

ਗੁਰਦੇ ਜਾਂ ਕਿਡਨੀ-ਰੋਗਾਂ ਸਬੰਧੀ,ਆਮ ਕਰਕੇ ਪੱਥਰੀਆਂ, ਗਰਦੇ ਫੇਲ੍ਹ ਹੋਣ, ਡਾਇਲੇਸਿਸ ਜਾਂ ਗੁਰਦਾ ਬਦਲੀ (ਟ੍ਰਾਂਸਪਲਾਂਟ) ਬਾਰੇ ਹੀ ਗੱਲ ਹੁੰਦੀ ਹੈ ਜਦ ਕਿ ਗੁਰਦਿਆਂ ਦਾ ਕੈਂਸਰ ਵੀ ਇਕ ਮਹੱਤਵਪੂਰਣ ਵਿਸ਼ਾ ਹੈ । ਇਸ ਦੇ ਰੋਗੀ ਤਾਂ ਕਾਫੀ ਹਨ ਪਰ ਆਮ ਲੋਕਾਂ ਨੂੰ ਇਸ ਬਾਰੇ ਜਾਣਕਾਰੀ ਦੀ ਘਾਟ ਹੈ । ਗੁਰਦੇ ਫੇਲ੍ਹ ਹੋਣਾ, ਜਿਸ ਦੇ ਕਈ ਕਾਰਣ ਹਨ, ਇਕ ਮੈਡੀਕਲ ਸਮੱਸਿਆ ਹੈ ਤੇ ਦੋਹਵੇਂਗੁਰਦੇ 'ਕੱਠੇ ਹੀ ਕਾਬੂ ਆ ਜਾਂਦੇ ਹਨ, ਜਦ ਕਿ ਕੈਂਸਰ ਵਰਗਾ ਰੋਗ, ਭਾਵੇਂ ਹੈ ਤਾਂ ਖ਼ਤਰਨਾਕ, ਪਰ ਇਕ ਹੀ ਗੁਰਦੇ 'ਚ ਹੁੰਦਾ ਹੈ, ਜਿਸ ਦਾ ਓਪ੍ਰੇਸ਼ਨ ਤੇ ਕੈਂਸਰ ਦੇ ਬਾਕੀ ਇਲਾਜ ਕਰਨੇ ਪੈਂਦੇ ਹਨ ।

1980 ਵਾਲੇ ਦਹਾਕੇ ਵਿਚ ਅਲਟਰਾ ਸਾਊਂਡ ਦੇ ਆਉਣ ਨਾਲ ਗੁਰਦੇ ਦੇ ਕੈਂਸਰਾਂ ਬਾਰੇ ਪਤਾ ਲੱਗਾ ਸੱਕਣ ਕਰਕੇ ਇਹਦੇ ਅੰਕੜਿਆਂ ਵਿਚ ਕਾਫੀ ਵਾਧਾ ਹੋਇਆ ਹੈ ਕਿਉਂਕਿ ਇਸ ਤੋਂ ਪਹਿਲਾਂ ਪਤਾ ਹੀ ਨਹੀਂ ਸੀ ਲਗਦਾ ਕਿ ਗੁਰਦੇ ਦਾ ਕੈਂਸਰ ਹੈ ਤੇ ਇਲਾਜਤੋਂ ਬਿਨਾਂ ਰੋਗੀ ਦੀ ਮੌਤ ਹੋ ਜਾਇਆ ਕਰਦੀ ਸੀ। 2012 ਦੇ ਅੰਕੜਿਆਂ ਮੁਤਾਬਿਕ ਕੁੱਲ ਦੁਨੀਆਂ ਵਿਚ, ਗੁਰਦੇ ਦੇ ਕੈਂਸਰ ਦੇ ਸਲਾਨਾ 33700 ਮਰੀਜ਼ ਆਉਂਦੇ ਹਨ । ਇਹ ਕੈਂਸਰ, ਔਰਤਾਂ 'ਚ ਇਹ 14ਵਾਂ ਤੇ ਮਰਦਾਂ 'ਚ ਨੌਵਾਂ ਮਹੱਤਵਪੂਰਣ ਕੈਂਸਰ ਹੈ ਤੇ ਬਾਕੀਆਂ ਨਾਲੋਂ ਅਫਰੀਕੀ ਉਪ ਮਹਾਦੀਪਾਂ 'ਚ ਘੱਟ ਹੈ ।

ਮੁੱਖ ਰੂਪ ਵਿਚ ਗੁਰਦੇ ਦਾ ਕੈਂਸਰ ਦੋ ਤਰ੍ਹਾਂ ਦਾ ਹੈ,

1) ਵੱਡਿਆਂ ਜਾਂ ਬਾਲਗਾਂ ਵਿਚ ਹੋਣ ਵਾਲਾ (ਰੀਨਲ ਸੈਲ ਕਾਰਸੀਨੋਮਾ) ਅਤੇ

2) ਬੱਚਿਆਂ 'ਚ ਹੋਣ ਵਾਲਾ (ਵਿਲਮਸ ਟਿਊਮਰ ਜਾਂ ਨੈਫਰੋ-ਬਲਾਸਟੋਮਾ)

ਵੱਡਿਆਂ ਜਾਂ ਬਾਲਗਾਂ ਵਿਚ ਹੋਣ ਵਾਲਾ: ਗੁਰਦੇ ਦੇ ਕੈਂਸਰਾਂ 'ਚੋਂ ਰੀਨਲ ਸੈਲ ਕਾਰਸੀਨੋਮਾ ਸਭ ਤੋਂ ਵੱਧ (85-0 ) ਕੇਸਾਂ 'ਚ ਹੁੰਦਾ ਹੈ।ਗੁਰਦਿਆਂ ਦਾ ਮੁੱਖ ਕੰਮ ਹੁੰਦਾ ਹੈ ਖ਼ੂਨ ਨੂੰ ਛਾਣ ਕੇ, ਜ਼ਹਿਰੀਲੇ ਤੇ ਫਾਲਤੂ ਪਦਾਰਥ ਕੱਢ ਕੇ ਪਿਸ਼ਾਬ ਬਨਾਉਣਾਂ। ਇਸ ਕਾਰਜ ਵਾਸਤੇ ਪਤਲੀਆਂ-ਪਤਲੀਆਂ ਨਾਲੀਆਂ ਦੇ ਸੈਲਾਂ ਤੋਂ ਉਤਪੰਨ ਹੁੰਦਾ ਹੈ ਇਹ ਕੈਂਸਰ । ਮਸਾਨੇ (ਬਲੈਡਰ) ਤੇ ਉਸ ਦੀਆਂ ਨਾਲੀਆਂ ਦੇ ਸੈਲਾਂ ਵਾਲਾ ਕੈਂਸਰ 'ਟ੍ਰਾਂਜ਼ੀਸ਼ਨਲ ਸੈਲ ਕੈਂਸਰ' ਵੀ ਗੁਰਦੇ 'ਚ ਹੋ ਸਕਦਾ ਹੈ ਪਰ ਘੱਟ ਹੁੰਦਾ ਹੈ ।

ਲੱਛਣ: ਪਿਸ਼ਾਬ 'ਚ ਖ਼ੂਨ, ਅਸਰ ਅਧੀਨ ਵਾਲੇ ਪਾਸੇ (ਖੱਬੇ ਜਾਂ ਸੱਜੇ) ਲੱਕ 'ਚ ਭਾਰੀਪਣ ਤੇ ਪੀੜ, ਕਮਜ਼ੋਰੀ, ਪੀਲਾ-ਪਣ, ਕੰਮ ਕਰਨਨੂੰ ਚਿੱਤ ਨਾ ਕਰਨਾ, ਭਾਰ ਤੇ ਭੁੱਖ ਦਾ ਘਟਣਾ, ਹਾਈ ਬਲੱਡ ਪ੍ਰੈਸ਼ਰ, ਕਦੀ ਕਦੀ ਲੱਤਾਂ ਤੇ ਗਿੱਟਿਆਂ ਤੇ ਸੋਜ, ਮਰਦਾਂ ਦੇ ਪਤਾਲੂਆਂ ਦੀਆਂ ਨਾੜੀਆਂ ਦਾ ਗੁੱਛਾ ਜਿਹਾ ਬਣ ਜਾਣਾ ਆਦਿ ।

ਇਨਵੈਸਟੀਗੇਸ਼ਨਜ਼: ਪਿਸ਼ਾਬ ਦੀ ਜਾਂਚ, ਐਕਸ-ਰੇਅ, ਅਲਟਰਾ ਸਾਊਂਡ, ਸੀ.ਟੀ. ਸਕੈਨ, ਬਾਰੀਕ ਸੂਈ ਵਾਲਾ ਸਾਇਟਾਲੋਜੀ ਟੈਸਟ (ਫਾਇਨ ਨੀਡਲ ਐਸਪੀਰੇਸ਼ਨ ਸਾਇਟਾਲੋਜੀ/ਐਫ.ਐਨ.ਏ.ਸੀ.)

ਇਲਾਜ: ਮੁਕੰਮਲ ਜਾਂਚ ਤੋਂ ਬਾਅਦ, ਬਿਨਾਂ ਦੇਰੀ ਦੇ ਓਪ੍ਰੇਸ਼ਨ ਰਾਹੀਂ ਗੁਰਦਾ ਕੱਢਣਾ ਪੈਂਦਾ ਹੈ । ਕਿਉਂਕਿ ਇਹ ਕੈਂਸਰ ਖ਼ੂਨ ਦੇ ਵਹਾ ਰਾਹੀਂ ਦੂਸਰੇ ਅੰਗਾਂ ਵਿਚ ਫੈਲਦਾ ਹੈ ਇਸ ਲਈ ਦੇਰੀ ਕਰਨ ਨਾਲ ਇਹ ਕਈ ਥਾਂਈਂ ਫੈਲ ਸਕਦਾ ਹੈ ।

**ਰੀਨਲ ਸੈਲ ਕਾਰਸੀਨੋਮਾ ਬਾਲਗਾਂ ਵਾਲਾ ਕਿਡਨੀ ਕੈਂਸਰ**






ਬੱਚਿਆਂ ਵਿਚ ਹੋਣ ਵਾਲਾ ਕਿਡਨੀ ਜਾਂ ਗੁਰਦੇ ਦਾ ਕੈਂਸਰ "ਨੈਫਰੋ-ਬਲਾਸਟੋਮਾ"

ਇਹ ਇਕ ਖ਼ਤਰਨਾਕ ਕਿਸਮ ਦੀ ਬੀਮਾਰੀ ਹੈ । ਜਰਮਨੀ ਦੇ ਸਰਜਨ, ਡਾ. ਮੈਕਸ ਵਿਲਮਸ (1867-1918), ਜਿਸ ਨੇ ਸਭ ਤੋਂ ਪਹਿਲੀ ਵਾਰ "ਨੈਫਰੋ-ਬਲਾਸਟੋਮਾ" ਬਾਰੇ ਗੁਰਦੇ ਦਾ ਕੈਂਸਰ ਹੈ ਪਰ ਅਲਟਰਾ ਸਾਊਂਡ, ਸੀ.ਟੀ. ਸਕੈਨ ਤੇ ਪਿਸ਼ਾਬ ਦੇ ਟੈਸਟਾਂ ਨਾਲ ਰੋਗ ਦਾ ਪੱਕਾ ਪਤਾ ਲਗਦਾ ਹੈ । ਓਪ੍ਰੇਸ਼ਨ ਤੋਂ ਪਹਿਲਾਂ, ਬਾਰੀਕ ਸੂਈ ਵਾਲਾ ਸਾਇਟਾਲੋਜੀ ਟੈਸਟ (ਫਾਇਨ ਨੀਡਲ ਐਸਪੀਰੇਸ਼ਨ ਸਾਇਟਾਲੋਜੀ/ਐਫ.ਐਨ.ਏ.ਸੀ.) ਜਾਂ ਪਿਸ਼ਾਬ ਦੇ ਸੈਂਪਲ 'ਚੋਂ ਕੈਂਸਰ ਸੈਲਾਂ ਦੀ ਜਾਂਚ (ਯੂਰਿਨ ਸਾਟਿਲੋਜੀ), ਕੈਂਸਰ ਦਾ ਪੱਕਾ ਪਤਾ ਦੇ ਸੈਲਾਂ ਦੀ ਕਿਸਮ ਬਾਰੇ ਦਰਸਾਉਂਦਾ ਹੈ ।

ਇਹਦੇ ਇਲਾਜ ਵਾਸਤੇ ਵੀ ਸਰਜਰੀ, ਕਿਰਣਉਪਚਾਰ (ਕੀਮੋਥੈਰਾਪੀ), ਤੇ ਰੇਡੀਓਥੈਰਪੀ ਵਰਤੀ ਜਾਂਦੀ ਹੈ । ਪਾਠਕਾਂ ਦੀ ਜਾਣਕਾਰੀ ਲਈ - ਬਾਲੀਵੁਡ ਦੇ ਮਸ਼ਹੂਰ ਹੀਰੋ ਇਮਰਾਨ ਹਾਸ਼ਮੀ ਦੇ ਸੰਨ 2010 ਵਿਚ ਜਨਮੇਂ, ਬੇਟੇ 'ਆਯਾਨ'ਨੂੰ 2014 ਵਿਚ, ਨੈਫਰੋਬਲਾਸਟੋਮਾ ਕੈਂਸਰ ਹੋ ਗਿਆ ਸੀ ਜਿਸ ਕਰਕੇ ਉਹਦੇ ਪਰਿਵਾਰ ਨੇ ਬੜੇ ਮੁਸ਼ਕਲ ਦਿਨ ਗ਼ੁਜ਼ਾਰ ਰਿਹਾ ਹੈ । ਇਸ ਦੌਰਾਨ ਹਾਸ਼ਮੀ ਨੇ ਭਾਵਨਾਵਾਂ ਤੇ ਜਜ਼ਬਿਆਂ ਨੂੰ ਛੋਹੰਦੀ, "ਦ ਕਿੱਸ ਆਫ ਲਾਇਫ" ਨਾਂ ਦੀ ਕਿਤਾਬ ਲਿਖੀ ਹੈ ।

ਕੰਮਪਿਊਟਰ ਦੀਆਂ ਕਈ ਵੈਬਸਾਇਟਸ ਮਸ਼ਹੂਰੀ ਕਰ ਰਹੀਆਂ ਹਨ ਕਿ ਗਾਂ ਦੇ ਪਿਸ਼ਾਬ ਨਾਲ ਇਹਦਾ ਇਲਾਜ ਸੰਭਵ ਹੈ ।ਪਰ ਜਿਵੇਂ ਕਿ ਅਸੀਂ ਦੇਖਿਆ ਹੈ ਕਿ, ਪਿਸ਼ਾਬ ਭਾਵੇ ਮਨੁਖੀ ਹੋਵੇ ਤੇ ਭਾਵੇਂ ਕਿਸੇ ਜਾਨਵਰ ਦਾ; ਗੁਰਦੇ ਖ਼ੂਨ ਨੂੰ ਛਾਣ ਕੇ, ਫਾਲਤੂ ਤੇ ਜ਼ਹਿਰੀਲੇ ਪਦਾਰਥਾਂ ਨੂੰ ਪਿਸ਼ਾਬ ਦੇ ਰੂਪ ਵਿਚ ਬਾਹਰ ਕਢਦੇ ਹਨ । ਸੋ ਵਿਗਿਆਨਕ ਤੌਰ 'ਤੇ ਪਿਸ਼ਾਬ (ਭਾਵੇਂ ਗਾਂ ਦਾ ਹੋਵੇ), ਕਿਸੇ ਤਰ੍ਹਾਂ ਵੀ ਕੈਂਸਰ ਦੇ ਇਲਾਜ ਵਾਸਤੇ ਸਹਾਈ ਨਹੀਂ ਹੋ ਸਕਦਾ । ਇਸ ਬਾਰੇ ਜਾਗਰੂਕ ਹੋਣ ਦੀ ਲੋੜ ਹੈ । ਕੈਂਸਰ ਕਿਸੇ ਵੀ ਅੰਗ ਦਾ ਹੋਵੇ, ਲਾਗ ਵਾਲੀ ਬੀਮਾਰੀ ਨਹੀਂ ਹੈ । ਮੁਕੰਮਲ ਮੁਆਇਨੇ ਤੇ ਪੂਰੀ ਜਾਂਚ ਤੋਂ ਬਾਅਦ ਹੀ ਇਸ ਦਾ ਇਲਾਜ ਸੰਭਵ ਹੁੰਦਾ ਹੈ ਜਿਸ ਵਾਸਤੇ ਸੂਬਾ ਪੱਧਰ 'ਤੇ, ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਵੱਡੇ ਵੱਡੇ ਸੰਸਥਾਨ ਬਣੇ ਹੋਏ ਹਨ ਜੋ ਨਵੀਆਂ ਨਵੀਆਂ ਖੋਜਾਂ ਤੇ ਤਕਨੀਕਾਂ ਲੱਭ ਕੇ ਇਲਾਜ ਕਰਦੇ ਹਨ ।

**ਬੱਚਿਆਂ ਵਾਲਾ ਕਿਡਨੀ ਕੈਂਸਰ-ਨੈਫਰੋਬਲਾਸਟੋਮਾ**



# 30 ਸਾਲ ਤੋਂ ਬਾਅਦ ਔਰਤਾਂ ਤੇ ਮਰਦਾਂ ਨੂੰ ਘੇਰ ਸਕਦੀਆਂ ਨੇ ਬਿਮਾਰੀਆਂ !



30 ਸਾਲ ਦੀ ਉਮਰ ਤੋਂ ਬਾਅਦ ਸਿਰਫ਼ ਔਰਤਾਂ ਹੀ ਨਹੀਂ, ਮਰਦਾਂ ਦੇ ਸਰੀਰ 'ਚ ਵੀ ਕਾਫ਼ੀ ਤਬਦੀਲੀ ਹੁੰਦੀ ਹੈ। ਜ਼ਿਕਰ ਕਰਾਂਗੇ ਮਰਦਾਂ 'ਚ 30 ਸਾਲ ਦੀ ਉਮਰ ਤੋਂ ਬਾਅਦ ਹੋਣ ਵਾਲੀਆਂ ਵੱਡੀਆਂ ਤਬਦੀਲੀਆਂ ਬਾਰੇ।

**ਪ੍ਰੋਸਟੇਟ ਗ੍ਰੰਥੀ ਦੇ ਕੈਂਸਰ ਦਾ ਖਤਰਾ**

ਕੁਝ ਮਰਦਾਂ 'ਚ ਇਸ ਦੇ ਲੱਛਣ ਦਿਸਣੇ ਸ਼ੁਰੂ ਹੋ ਜਾਂਦੇ ਹਨ। ਜਿਵੇਂ ਕਿ ਪਿਸ਼ਾਬ 'ਚ ਜਲਨ, ਨਿਪੁੰਸਕਤਾ ਅਤੇ ਰਾਤ ਨੂੰ ਪਿਸ਼ਾਬ ਵਧੇਰੇ ਆਉਣਾ। ਇਸ ਦਾ ਪਤਾ ਲਗਾਉਣ ਲਈ ਸਿਰਫ਼ ਇਹ ਲੱਛਣ ਹੀ ਕਾਫ਼ੀ ਨਹੀਂ ਹਨ ਪਰ ਇਨ੍ਹਾਂ ਨੂੰ ਨਜ਼ਰ ਅੰਦਾਜ਼ ਕਰਨਾ ਖਤਰਨਾਕ ਸਿੱਧ ਹੋ ਸਕਦਾ ਹੈ। ਜੇਕਰ ਸ਼ੁਰੂਆਤ 'ਚ ਹੀ ਇਸ ਦਾ ਪਤਾ ਲਗਾ ਲਿਆ ਜਾਵੇ ਤਾਂ ਬੀਮਾਰੀ 'ਤੇ ਕਾਬੂ ਪਾਇਆ ਜਾ ਸਕਦਾ ਹੈ।

**ਮਾਸਪੇਸ਼ੀਆਂ ਦੀ ਜਕੜਨ**

30 ਦੀ ਉਮਰ ਤੋਂ ਬਾਅਦ ਮਰਦਾਂ 'ਚ ਮਾਸਪੇਸ਼ੀਆਂ ਦੇ ਸੈੱਲ ਆਪਣੀ ਲਚਕ ਗੁਆਉਣ ਲੱਗਦੇ ਹਨ ਅਤੇ ਇਹ ਸੁੰਗੜਨ ਵੀ ਲੱਗਦੇ ਹਨ। ਇਸ ਤੋਂ ਬਚਣ ਲਈ ਇਸ ਤਰ੍ਹਾਂ ਦੀ ਕਸਰਤ ਕਰੋ, ਜਿਸ ਨਾਲ ਸਰੀਰ 'ਚ ਹਰਕਤ ਹੋਵੇ ਅਤੇ ਸਰੀਰ ਹਰ ਦਿਸ਼ਾ 'ਚ ਝੁਕੇ। ਯੋਗਾ ਇਸ ਤੋਂ ਬਚਣ ਦਾ ਕਾਰਗਰ ਤਰੀਕਾ ਹੈ।

**ਹੱਡੀਆਂ ਕਮਜ਼ੋਰ ਹੋਣ ਲੱਗਦੀਆਂ ਹਨ**

ਇਸ ਉਮਰ 'ਚ ਹੱਡੀਆਂ ਕਮਜ਼ੋਰ ਹੋਣ ਲੱਗਦੀਆਂ ਹਨ ਅਤੇ ਕਈ ਹੱਡੀਆਂ ਨਸ਼ਟ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ, ਜਿਸ ਨਾਲ ਇਨ੍ਹਾਂ ਦੇ ਟੁੱਟਣ ਦੀ ਸੰਭਾਵਨਾ ਵੱਧ ਜਾਂਦੀ ਹੈ। ਐਕਸ-ਰੇਅ ਜਾਂ ਸਕੈਨਿੰਗ ਨਾਲ ਇਨ੍ਹਾਂ ਦੀ ਜਾਂਚ ਕਰਵਾਉਂਦੇ ਰਹੋ। ਇਸ 'ਚ ਵਧੇਰੇ ਮਾਤਰਾ 'ਚ ਕੈਲਸ਼ੀਅਮ ਅਤੇ ਵਿਟਾਮਿਨ ਡੀ ਲੈਣ ਅਤੇ ਭਾਰ ਚੁੱਕਣ ਦੀ ਸਲਾਹ ਦਿੱਤੀ ਜਾਂਦੀ ਹੈ।

**ਵੱਧ ਸਕਦੈ ਪੇਟ**

ਇਸ ਉਮਰ 'ਚ ਲੱਕ ਦਾ ਆਕਾਰ ਵੱਧ ਸਕਦਾ ਹੈ। ਜਿਵੇਂ-ਜਿਵੇਂ ਉਮਰ ਵਧਦੀ ਹੈ, ਸਰੀਰ 'ਚ ਕੈਲੋਰੀਜ਼ ਦੀ ਖਪਤ ਘਟਣ ਲੱਗਦੀ ਹੈ, ਜਿਸ ਕਾਰਨ ਪੇਟ ਦਾ ਮੋਟਾਪਾ ਵੱਧ ਜਾਂਦਾ ਹੈ। ਆਪਣੀਆਂ ਸਰਗਰਮੀਆਂ 'ਤੇ ਨਜ਼ਰ ਰੱਖੋ ਅਤੇ ਖਾਣਾ ਹਿਸਾਬ ਨਾਲ ਹੀ ਖਾਓ।

**ਤਣਾਅ**

ਉਮਰ ਦੇ ਇਸ ਪੜਾਅ 'ਤੇ ਜ਼ਿਆਦਾਤਰ ਲੋਕਾਂ 'ਚ ਤਣਾਅ ਇਕ ਆਮ ਸਮੱਸਿਆ ਹੁੰਦੀ ਹੈ, ਜਿਸ ਨਾਲ ਸਰੀਰ 'ਚ ਕਈ ਤਬਦੀਲੀਆਂ ਹੁੰਦੀਆਂ ਹਨ। ਡਾਕਟਰ ਤੋਂ ਸਲਾਹ ਲਓ। ਇਸ ਤੋਂ ਪਹਿਲਾਂ ਕਿ ਤਣਾਅ ਤੁਹਾਡੇ 'ਤੇ ਹਾਵੀ ਹੋ ਜਾਵੇ, ਇਸ ਦਾ ਇਲਾਜ ਕੀਤਾ ਜਾ ਸਕਦਾ ਹੈ।

**ਦਿਲ ਸੰਬੰਧੀ ਸਮੱਸਿਆਵਾਂ**

ਇਸ ਦੌਰਾਨ ਤੁਹਾਡੇ ਦਿਲ ਦੀ ਕਾਰਜ ਸਮਰੱਥਾ ਘੱਟ ਜਾਂਦੀ ਹੈ ਅਤੇ ਖ਼ੂਨ ਦੀ ਪੰਪਿੰਗ ਘੱਟ ਜਾਂਦੀ ਹੈ, ਜਿਸ ਨਾਲ ਧਮਨੀਆਂ 'ਚ ਕੋਲੈਸਟ੍ਰਾਲ ਇੱਕਠਾ ਹੋ ਜਾਂਦਾ ਹੈ ਅਤੇ ਬਲੱਡ ਪ੍ਰੈਸ਼ਰ ਵੱਧ ਜਾਂਦਾ ਹੈ। ਦਿਲ ਦੀ ਤੰਦਰੁਸਤੀ ਲਈ ਸਿਹਤ ਵਧਾਊ ਖਾਣਾ ਖਾਓ ਅਤੇ ਹਲਕੀ ਕਸਰਤ ਕਰੋ।

**ਘੱਟ ਜਾਂਦੈ ਟੀ ਲੈਵਲ**

ਟੀ ਲੈਵਲ ਭਾਵ ਟੈਸਟੋਸਟੇਰੋਨ ਇਸ ਉਮਰ 'ਚ ਘਟਣ ਲੱਗਦਾ ਹੈ। ਇੱਕ ਜਾਂਚ ਰਾਹੀਂ ਇਸ ਦਾ ਪਤਾ ਲਗਾਇਆ ਜਾ ਸਕਦਾ ਹੈ। ਜੇਕਰ ਤੁਹਾਡੀ ਕਾਮ ਇੱਛਾ ਘਟਣ ਲੱਗਦੀ ਹੈ ਅਤੇ ਤੁਸੀਂ ਤਣਾਅਗ੍ਰਸਤ ਰਹਿਣ ਲੱਗਦੇ ਹੋ ਤਾਂ ਡਾਕਟਰ ਤੋਂ ਸਲਾਹ ਲਓ। ਇੰਝ ਤੁਹਾਡਾ ਟੀ ਲੈਵਲ ਫ਼ਿਰ ਵੱਧ ਜਾਵੇਗਾ।

**ਅੰਡੇਦਾਨੀ ਦਾ ਕੈਂਸਰ**

ਇਸ ਸਮੇਂ ਅੰਡੇਦਾਨੀ ਭਾਵ ਟੈਸਟੀਕਲਸ ਦੇ ਕੈਂਸਰ ਦਾ ਖਤਰਾ ਵੀ ਵੱਧ ਜਾਂਦਾ ਹੈ। ਜੇਕਰ ਤੁਹਾਡੇ ਟੈਸਟੀਕਲਸ 'ਚ ਦਰਦ ਰਹਿੰਦਾ ਹੈ ਤਾਂ ਡਾਕਟਰ ਦੀ ਸਲਾਹ ਲਓ ਕਿਉਂਕਿ ਇਸ ਤਰ੍ਹਾਂ ਦੇ ਕੈਂਸਰ ਦਾ ਪਤਾ ਜੇਕਰ ਸ਼ੁਰੂਆਤ ਤੋਂ ਲੱਗ ਜਾਏ ਤਾਂ ਇਸ ਦਾ ਇਲਾਜ ਕੀਤਾ ਜਾ ਸਕਦਾ ਹੈ।

# ਨੀਂਦ ਨਾ ਆਉਣ ਦੀ ਸਮੱਸਿਆ ਨੂੰ ਦੂਰ ਕਰਨ ਦੇ ਉਪਾਅ

ਰਾਤ ਦਿਨ ਕੰਮ ਦੀਆਂ ਜ਼ਿੰਮੇਦਾਰੀਆਂ ਅਤੇ ਕੰਮ ਵਿੱਚ ਬਿਜੀ ਹੋਣ ਦੇ ਕਾਰਨ ਆਰਾਮ ਕਰਨ ਦਾ ਸਮਾਂ ਨਹੀਂ ਹੁੰਦਾ। ਸਿਰਫ਼ ਰਾਤ ਦਾ ਹੀ ਸਮਾਂ ਹੈ ਜਦੋਂ ਲੋਕ ਆਰਾਮ ਦੀ ਨੀਂਦ ਨਾਲ ਦਿਨ ਭਰ ਦੀ ਥਕਾਵਟ ਨੂੰ ਦੂਰ ਕਰ ਸਕਦੇ ਹਨ ਪਰ ਕਈ ਵਾਰ ਕੁਝ ਵਜ੍ਹਾ ਨਾ ਹੁੰਦੇ ਹੋਏ ਵੀ ਸਾਰੀ ਰਾਤ ਨੀਂਦ ਨਹੀਂ ਆਉਂਦੀ। ਜਿਸ ਕਾਰਨ ਅਸੀਂ ਹੋਰ ਵੀ ਪ੍ਰੇਸ਼ਾਨ ਹੋ ਜਾਂਦੇ ਹਾਂ।

ਇਸ ਦੇ ਪਿੱਛੇ ਦੀ ਵਜ੍ਹਾ ਸਾਡਾ ਗਲਤ ਤਰੀਕੇ ਨਾਲ ਖਾਦਾ ਭੋਜਨ ਵੀ ਹੋ ਸਕਦਾ ਹੈ।

ਕੁਝ ਆਹਾਰ ਅਜਿਹੇ ਹੁੰਦੇ ਹਨ ਜੋ ਰਾਤ ਦੇ ਸਮੇਂ ਖਾਣ ਨਾਲ ਨੀਂਦ ਵਿੱਚ ਪ੍ਰੇਸ਼ਾਨੀ ਪਾਉਂਦੇ ਹਨ। ਆਓ ਜਾਣਦੇ ਹਾਂ ਰਾਤ ਦੇ ਸਮੇਂ ਕਿਸ ਤਰ੍ਹਾਂ ਦਾ ਖਾਣਾ ਖਾਣ ਨਾਲ ਤੁਸੀਂ ਚੰਗੀ ਨੀਂਦ ਲੈ ਸਕਦੇ ਹੋ।



**1. ਕੇਲਾ**

ਕੇਲਾ ਕੈਲਸ਼ੀਅਮ ਅਤੇ ਕਾਰਬੋਹਾਈਡ੍ਰੇਟ ਨਾਲ ਭਰਪੂਰ ਹੁੰਦਾ ਹੈ ਜੋ ਸਰੀਰ ਵਿੱਚ ਟ੍ਰਿਪਟੋਫ਼ੇਨ ਬਣਾਉਣ ਦਾ ਕੰਮ ਕਰਦਾ ਹੈ। ਇਸ ਨਾਲ ਦਿਮਾਗ ਨੂੰ ਆਰਾਮ ਮਿਲਦਾ ਹੈ ਅਤੇ ਨੀਂਦ ਦਿਵਾਉਣ ਵਿੱਚ ਵੀ ਮਦਦਗਾਰ ਹੈ। ਇਸ ਤੋਂ ਇਲਾਵਾ ਕੇਲੇ ਵਿੱਚ ਸ਼ਾਮਲ ਮੈਗਨੀਸ਼ੀਅਮ ਨਾਲ ਮਸਲਸ ਨੂੰ ਆਰਾਮ ਮਿਲਦਾ ਹੈ।

**2. ਦੁੱਧ**

ਰਾਤ ਨੂੰ ਸੋਣ ਤੋਂ ਪਹਿਲਾਂ ਦੁੱਧ ਦੀ ਵਰਤੋਂ ਕਰਨਾ ਚੰਗਾ ਮੰਨਿਆ ਜਾਂਦਾ ਹੈ। ਇਸ ਵਿੱਚ ਬਹੁਤ ਸਾਰਾ ਕੈਲਸ਼ੀਅਮ ਹੁੰਦਾ ਹੈ ਜੋ ਨੀਂਦ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਲ ਨਹੀਂ ਬਣਨ ਦਿੰਦਾ ਜੇ ਤੁਹਾਨੂੰ ਵੀ ਰਾਤ ਦੇ ਸਮੇਂ ਨੀਂਦ ਨਾ ਆਉਣ ਦੀ ਪ੍ਰੇਸ਼ਾਨੀ ਹੈ ਤਾਂ ਸੋਂਣ ਤੋਂ ਪਹਿਲਾਂ ਇੱਕ ਗਲਾਸ ਗਰਮ ਦੁੱਧ ਜ਼ਰੂਰ ਪੀ ਲਓ।

**3. ਬਾਦਾਮ**

ਬਾਦਾਮ ਖਾਣਾ ਹਰ ਕਿਸੇ ਨੂੰ ਪਸੰਦ ਹੁੰਦਾ ਹੈ। ਇਸ ਵਿੱਚ ਫ਼ੈਟ, ਮੈਗਨੀਸ਼ੀਅਮ, ਆਇਰਨ, ਅਮੀਨੋ ਐਸਿਡ ਚੰਗੀ ਨੀਂਦ ਲਈ ਲਾਭਕਾਰੀ ਹੁੰਦੇ ਹਨ। ਰਾਤ ਦੇ ਸਮੇਂ ਬਾਦਾਮ ਦੀ ਵਰਤੋਂ ਜ਼ਰੂਰ ਕਰੋ। ਤੁਸੀਂ ਬਾਦਾਮ ਦੇ ਨਾਲ ਦੁੱਧ ਅਤੇ ਸ਼ਹਿਦ ਵੀ ਲੈ ਸਕਦੇ ਹੋ।

**4. ਸ਼ਹਿਦ**

ਸ਼ਹਿਦ ਐਂਟੀਬੈਕਟੀਰੀਅਲ, ਐਂਟੀਆਕਸੀਡੇਂਟ ਅਤੇ ਐਂਟੀਫ਼ੰਗਲ ਗੁਣਾਂ ਨਾਲ ਭਰਪੂਰ ਹੁੰਦਾ ਹੈ। ਰਾਤ ਦੇ ਸਮੇਂ ਇਸ ਨੂੰ ਡਾਈਟ ਵਿੱਚ ਜ਼ਰੂਰ ਸ਼ਾਮਲ ਕਰੋ।

**5. ਦਲੀਆ**

ਦਲੀਆ ਪੋਸ਼ਣ ਨਾਲ ਭਰਪੂਰ ਹਲਕਾ ਆਹਾਰ ਹੈ। ਇਹ ਆਸਾਨੀ ਨਾਲ ਪਚ ਵੀ ਜਾਂਦਾ ਹੈ। ਤੁਸੀਂ ਰਾਤ ਨੂੰ ਦੁੱਧ , ਸ਼ਹਿਦ, ਕੇਲੇ ਅਤੇ ਬਾਦਾਮ ਦੇ ਨਾਲ ਇਸ ਨੂੰ ਖਾ ਸਕਦੇ ਹੋ। ਰਾਤ ਨੂੰ ਸੋਣ ਤੋਂ ਪਹਿਲਾਂ ਇੱਕ ਕੋਲੀ ਦਲੀਆ ਜ਼ਰੂਰ ਖਾਓ।

# ਦੰਦ ਦਾ ਦਰਦ ਦੂਰ ਕਰਨ ਦੇ ਅਸਰਦਾਰ ਨੁਸਖ਼ੇ

ਦੰਦਾਂ ਵਿੱਚ ਦਰਦ ਹੋਣਾ ਅੱਜਕਲ ਆਮ ਸਮੱਸਿਆ ਹੋ ਗਈ ਹੈ। ਪਹਿਲਾਂ ਤਾਂ ਸਿਰਫ਼ ਇਹ ਸਮੱਸਿਆ ਵੱਡੇ ਲੋਕਾਂ ਵਿੱਚ ਦੇਖਣ ਨੂੰ ਮਿਲਦੀ ਸੀ ਪਰ ਹੁਣ ਤਾਂ ਅੱਜਕਲ ਛੋਟੇ ਛੋਟੇ ਬੱਚਿਆਂ ਅਤੇ ਘੱਟ ਉਮਰ ਦੇ ਲੋਕਾਂ ਦੇ ਦੰਦਾਂ ਵਿੱਚ ਵੀ ਦਰਦ ਹੋਣ ਲੱਗਦਾ ਹੈ। ਇਸ ਦਾ ਕਾਰਨ ਜ਼ਿਆਦਾ ਮਿੱਠਾ ਖਾਣਾ, ਦੰਦਾਂ ਦੀ ਸਾਫ਼-ਸਫ਼ਾਈ ਨਾ ਰੱਖਣਾ ਅਤੇ ਸਰੀਰ ਵਿੱਚ ਕੈਲਸ਼ੀਅਮ ਦੀ ਕਮੀ ਹੋਣਾ ਹੈ। ਦੰਦਾਂ ਵਿੱਚ ਦਰਦ ਹੋਣ 'ਤੇ ਕਾਫ਼ੀ ਪ੍ਰੇਸ਼ਾਨੀ ਹੁੰਦੀ ਹੈ ਅਤੇ ਲੋਕ ਡੈਂਟਿਸਟ ਕੋਲ ਜਾਂਦੇ ਹਨ ਪਰ ਕੁਝ ਘਰੇਲੂ ਨੁਸਖਿਆ ਕਰਕੇ ਵੀ ਦੰਦਾਂ ਦੇ ਦਰਦ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਆਓ ਜਾਣਦੇ ਹਾਂ ਅਜਿਹੇ ਹੀ ਕੁਝ ਆਸਾਨ ਨੁਸਖਿਆ ਬਾਰੇ



1. ਆਈਸ ਕਿਊਬ

ਦੰਦ ਦਰਦ ਹੋਣ 'ਤੇ ਬਰਫ਼ ਦੇ ਛੋਟੇ-ਛੋਟੇ ਟੁਕੜਿਆਂ ਨੂੰ ਕਿਸੇ ਰੁਮਾਲ ਵਿੱਚ ਬੰਨ ਕੇ ਸੇਕ ਕਰੋ। ਇਸ ਨਾਲ ਦਰਦ ਕਰਨ ਵਾਲੇ ਦੰਦ ਦੇ ਬਾਹਰੀ ਹਿੱਸੇ 'ਤੇ ਸੇਂਰ ਕਰੋ ਅਤੇ ਉਦੋਂ ਤੱਕ ਕਰਦੇ ਰਹੋ ਜਦੋਂ ਤੱਕ ਦੰਦ ਦਰਦ ਵਿੱਚ ਆਰਾਮ ਨਾ ਮਿਲ ਜਾਵੇ।

2. ਲੌਂਗ

ਇਸ ਲਈ ਲੌਂਗ ਦੇ ਇੱਕ ਟੁੱਕੜੇ ਨੂੰ ਦੰਦਾਂ ਵਿੱਚ ਰੱਖ ਲਓ ਅਤੇ ਕੁਝ ਦੇਰ ਇੰਝ ਹੀ ਰਹਿਣ ਦਿਓ। ਇਸ ਨਾਲ ਦੰਦ ਦਰਦ ਠੀਕ ਹੋ ਜਾਵੇਗਾ। ਇਸ ਤੋਂ ਇਲਾਵਾ ਉਂਗਲੀ ਦੀ ਮਦਦ ਨਾਲ ਲੌਂਗ ਦੇ ਤੇਲ ਨੂੰ ਵੀ ਦਰਦ ਕਰ ਰਹੇ ਦੰਦ 'ਤੇ ਲਗਾ ਸਕਦੇ ਹੋ।

3. ਨਮਕ ਦਾ ਪਾਣੀ

ਦੰਦ ਦਰਦ ਹੋਣ 'ਤੇ ਨਮਕ ਵਾਲੇ ਪਾਣੀ ਨਾਲ ਕੁਰਲੀ ਵੀ ਕਰ ਸਕਦੇ ਹੋ। ਇਸ ਲਈ 1ਗਲਾਸ ਪਾਣੀ ਨੂੰ ਹਲਕੇ ਕੋਸਾ ਕਰੋ। ਫ਼ਿਰ ਇਸ ਪਾਣੀ ਨਾਲ ਘੱਟੋ ਘੱਟ 7-8 ਮਿੰਟ ਲਈ ਮੂੰਹ ਵਿੱਚ ਰੱਖ ਕੇ ਘੁੰਮਾਓ।

4. ਪੀਨਟ ਬਟਰ

ਇਸ ਲਈ ਪੀਨਟ ਬਟਰ ਨੂੰ ਉਂਗਲੀ ਵਿੱਚ ਲੈ ਕੇ ਦਰਦ ਕਰ ਰਹੇ ਦੰਦ 'ਤੇ ਲਗਾਓ ਅਤੇ ਹਲਕੀ ਮਸਾਜ ਕਰੋ। ਇਸ ਨੂੰ ਕੁਝ ਦੇਰ ਦੰਦਾਂ 'ਤੇ ਲਗਾ ਕੇ ਛੱਡ ਦਿਓ। ਇਸ ਨਾਲ ਆਰਾਮ ਮਿਲਦਾ ਹੈ।

5. ਪਿਆਜ

ਪਿਆਜ ਵਿੱਚ ਮੌਜੂਦ ਐਂਟੀਬੈਕਟੀਰੀਅਲ ਗੁਣ ਕਿਸੇ ਵੀ ਤਰ੍ਹਾਂ ਨਾਲ ਦਰਦ ਤੋਂ ਰਾਹਤ ਦਿਵਾਉਂਦਾ ਹੈ। ਦੰਦ ਦਰਦ ਹੋਣ 'ਤੇ ਕੱਚੇ ਪਿਆਜ ਦੀ ਇੱਕ ਸਲਾਇਸ ਨੂੰ ਕੱਟ ਕੇ ਉਸ ਨੂੰ ਦੰਦਾਂ ਨਾਲ ਚਬਾਓ। ਇਸ ਨਾਲ ਜੋ ਰਸ ਨਿਕਲਦਾ ਹੈ ਉਸ ਨਾਲ ਦੰਦਾਂ ਦਾ ਦਰਦ ਦੂਰ ਹੋਵੇਗਾ।

# ਅੱਖਾਂ ਦੀ ਵੀ ਸਫ਼ਾਈ ਜ਼ਰੂਰੀ



ਅੱਖਾਂ ਸਾਡੀ ਅਨਮੋਲ ਖਜ਼ਾਨਾ ਹਨ। ਇਨ੍ਹਾਂ ਦੀ ਵੀ ਸਾਨੂੰ ਸਮੇਂ-ਸਮੇਂ ਸਿਰ ਸਫਾਈ ਅਤੇ ਦੇਖਭਾਲ ਕਰਨੀ ਚਾਹੀਦੀ ਹੈ। ਮੌਸਮੀ ਫਲ-ਫੁੱਲ, ਸਬਜ਼ੀ ਅਤੇ ਦੁੱਧ ਦੀ ਵਰਤੋਂ ਕਰਨੀ ਚਾਹੀਦੀ ਹੈ। ਨਜ਼ਰ ਦੀ ਕਮਜ਼ੋਰੀ ਦੂਰ ਕਰਨ ਦੇ ਉਪਾਅ ਕਰੋ। ਚਸ਼ਮਾ ਪਹਿਨੋ। ਸਮੇਂ-ਸਮੇਂ 'ਤੇ ਅੱਖਾਂ ਅਤੇ ਨਿਗ੍ਹਾ ਦੀ ਜਾਂਚ ਕਰਵਾਓ। ਤੇਜ਼ ਪ੍ਰਕਾਸ਼ ਤੋਂ ਬਚੋ। ਘੱਟ ਰੌਸ਼ਨੀ ਵਿਚ ਕੰਮ ਨਾ ਕਰੋ। ਅੱਖਾਂ ਰਾਹੀਂ ਬੀ.ਪੀ. ਅਤੇ ਸ਼ੂਗਰ ਦਾ ਪ੍ਰਭਾਵ ਵੀ ਪਤਾ ਲਗਦਾ ਹੈ। ਇਸ ਲਈ ਹਰ ਸਾਲ ਅਜਿਹੇ ਮਰੀਜ਼ ਜ਼ਰੂਰ ਜਾਂਚ ਕਰਵਾਓ ਅਤੇ ਭਾਰੀ ਪ੍ਰੇਸ਼ਾਨੀ ਤੋਂ ਬਚੋ। ਦੋਵਾਂ ਬਿਮਾਰੀਆਂ ਨਾਲ ਅੱਖਾਂ ਦੀ ਨਿਗ੍ਹਾ ਪ੍ਰਭਾਵਿਤ ਹੁੰਦੀ ਹੈ। ਧੂੜ, ਧੂੰਏਂ ਤੋਂ ਬਚੋ। ਕਾਜਲ, ਸੁਰਮਾ ਨਾ ਪਾਓ। ਅੱਖਾਂ ਨੂੰ ਮਸਲੋਂ ਨਾ। ਅੱਖਾਂ ਨੂੰ ਸਾਫ਼ ਕਰਨ ਲਈ ਆਪਣਾ ਵਿਅਕਤੀਗਤ ਤੌਲੀਆ, ਰੁਮਾਲ ਵਰਤੋ। ਡਾਕਟਰ ਤੋਂ ਪੁੱਛੇ ਬਿਨਾਂ ਕੋਈ ਵੀ ਚੀਜ਼ ਅੱਖਾਂ ਵਿਚ ਨਾ ਪਾਓ।

# ਯੂਥ ਮੇਲਿਆਂ ਦਾ ਵਿਦਿਆਰਥੀਆਂ ਦੀ ਜ਼ਿੰਦਗੀ ’ਚ ਹੁੰਦਾ ਹੈ ਬਹੁਤ ਮਹੱਤਵ: ਬਰਿੰਦਰ ਕੁਮਾਰ ਗੋਇਲ

**ਚੰਡੀਗੜ੍ਹ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਥ ਮੇਲਿਆਂ ਦਾ ਵਿਦਿਆਰਥੀਆਂ ਦੀ ਜ਼ਿੰਦਗੀ ’ਚ ਬਹੁਤ ਮਹੱਤਵ ਹੁੰਦਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਖਾਣਾਂ ਅਤੇ ਭੂ-ਵਿਗਿਆਨ, ਜਲ ਸਰੋਤ, ਭੂਮੀ ਦੀ ਸੰਭਾਲ ਅਤੇ ਜਲ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਸਥਾਨਕ ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਟ ਵਿਖੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ.ਆਰ.ਐੱਸ. ਪੀ.ਟੀ.ਯੂ.) ਵਲੋਂ ਕਰਵਾਏ ਗਏ ਯੂਥ ਫੈਸਟੀਵਲ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਅਤੇ ਜ਼ਿਲ੍ਹਾ ਪੁਲਿਸ ਮੁਖੀ ਮੈਡਮ ਅਮਨੀਤ ਕੌਂਡਲ ਵਿਸ਼ੇਸ਼ ਤੌਰ ’ਤੇ ਮੌਜੂਦ ਰਹੇ।



ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ.ਆਰ.ਐੱਸ. ਪੀ.ਟੀ.ਯੂ.) ਦੀ ਸਰਪ੍ਰਸਤੀ ਹੇਠ ਕਰਵਾਏ ਗਏ ਇਸ 9ਵੇ ਅੰਤਰ-ਜ਼ੋਨਲ ਯੁਵਕ ਮੇਲਾ, ਹੱਸਦਾ ਨੱਚਦਾ ਪੰਜਾਬ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਹੋ ਜਿਹੇ ਮੇਲੇ ਜਿੱਥੇ ਕਲਾ ਦੇ ਜੌਹਰ ਦਿਖਾਉਣ ਦੇ ਮੌਕੇ ਪ੍ਰਦਾਨ ਕਰਦੇ ਹਨ ਉੱਥੇ ਹੀ ਇੱਕ ਦੂਜੇ ਨੂੰ ਸਮਝਣ ਦਾ ਸਮਾਂ ਵੀ ਦਿੰਦੇ ਹਨ। ਇਸ ਮੌਕੇ ਉਹਨਾਂ ਇਹ ਵੀ ਕਿਹਾ ਕਿ ਵਿਦਿਆਰਥੀਆਂ ਦੀ ਕਲਾ ਨਿਖਾਰਨ ’ਚ ਯੂਥ ਮੇਲਿਆਂ ਦਾ ਬਹੁਤ ਅਹਿਮ ਰੋਲ ਹੁੰਦਾ ਹੈ।

ਇਸ ਦੋ ਰੋਜ਼ਾ ਯੂਥ ਫੈਸਟੀਵਲ ਵਿੱਚ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ (ਐੱਮ.ਆਰ.ਐੱਸ.ਪੀ.ਟੀ.ਯੂ.) ਅਧੀਨ ਪੈਂਦੇ 25 ਮਾਨਤਾ ਪ੍ਰਾਪਤ ਕਾਲਜਾਂ ਦੇ ਕਰੀਬ 700 ਦੇ ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਭਾਗ ਲਿਆ, ਜਿਹਨਾਂ ਵੱਲੋਂ ਗਿੱਧਾ, ਡੁਏਟ ਡਾਂਸ, ਅਤੇ ਹਿੰਦੀ ਸੋਲੋ ਡਾਂਸ, ਮਿਮਿਕਰੀ, ਨਾਟਕ, ਪੇਂਟਿੰਗ, ਮਹਿੰਦੀ, ਕਲੇਅ ਮਾਡਲਿੰਗ, ਕਾਰਟੂਨਿੰਗ, ਫੋਟੋਗ੍ਰਾਫੀ, ਰਚਨਾਤਮਕ ਲੇਖਣੀ (ਨਿਬੰਧ ਅਤੇ ਛੋਟੀ ਕਹਾਣੀ) ਸੰਗੀਤਕ ਮੁਕਾਬਲੇ ਫੋਕ ਆਰਕੈਸਟਰਾ, ਲਾਈਟ ਵੋਕਲ (ਭਾਰਤੀ), ਫੋਕ ਇੰਸਟਰੂਮੈਂਟਲ ਸੋਲੋ, ਕਲਾਸੀਕਲ ਵੋਕਲ ਅਤੇ ਇੰਸਟਰੂਮੈਂਟਲ ਆਦਿ ਆਪੋ-ਆਪਣੀਆਂ ਕਲਾਵਾਂ ਦੇ ਜ਼ੋਰ ਦਿਖਾਏ। ਇਸ ਦੌਰਾਨ ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਤ ਵੀ ਕੀਤਾ ਗਿਆ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੂੰ ਪੁਲਿਸ ਦੀ ਟੁਕੜੀ ਵਲੋਂ ਗਾਰਡ ਆਫ ਆਨਰ ਨਾਲ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਡਾ. ਸੰਦੀਪ ਕੌਂਸਲ, ਚੇਅਰਮੈਨ ਪੰਜਾਬ ਮੀਡੀਅਮ ਇੰਡਸਟਰੀਜ਼ ਡਿਵੈਲਪਮੈਂਟ ਬੋਰਡ ਸ੍ਰੀ ਨੀਲ ਗਰਗ, ਚੇਅਰਮੈਨ ਆਬਕਾਰੀ ਅਤੇ ਕਰ ਵਿਭਾਗ ਸ਼੍ਰੀ ਅਨਿੱਲ ਠਾਕੁਰ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ੍ਰੀ ਅੰਮ੍ਰਿਤ ਲਾਲ ਅਗਰਵਾਲ, ਵਧੀਕ ਡਿਪਟੀ ਕਮਿਸ਼ਨਰ ਵਿਕਾਸ ਡਾ ਆਰਪੀ ਸਿੰਘ, ਬਾਬਾ ਫਰੀਦ ਗਰੁੱਪ ਆਫ ਇੰਸਟੀਚਿਊਸ਼ਨ ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਅਤੇ ਡਿਪਟੀ ਡਾਇਰੈਕਟਰ ਸ. ਹਰਪਾਲ ਸਿੰਘ ਤੋਂ ਇਲਾਵਾ ਹੋਰ ਪ੍ਰਮੁੱਖ ਸ਼ਖਸ਼ੀਅਤਾਂ ਆਦਿ ਹਾਜ਼ਰ ਸਨ।

# 68ਵੀਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਕਬੱਡੀ ਨੈਸ਼ਨਲ ਸਟਾਈਲ (ਲੜਕੀਆਂ) ਸ਼ਾਨੋ ਸ਼ੌਕਤ ਨਾਲ ਸਮਾਪਤ



**ਰੂਪ ਨਗਰ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਲ੍ਹਾ ਸਿੱਖਿਆ ਅਫ਼ਸਰ ਰੂਪਨਗਰ ਸੈਕੰਡਰੀ ਸਿੱਖਿਆ ਅਫ਼ਸਰ ਸ੍ਰੀ ਸੰਜੀਵ ਗੌਤਮ ਦੇ ਦਿਸ਼ਾ ਨਿਰਦੇਸ਼ ਹੇਠ ਕਬੱਡੀ ਨੈਸ਼ਨਲ ਸਟਾਈਲ ਅੰਡਰ 19 ਲੜਕੇ/ ਲੜਕੀਆਂ ਸਥਾਨ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਰੂਪਨਗਰ ਵਿੱਚ ਅਰੰਭ ਹੋਈਆਂ ਸਨ । ਇਸ ਸਬੰਧੀ ਖੇਡਾਂ ਦੀ ਜਾਣਕਾਰੀ ਦਿੰਦੇ ਹੋਏ ਸ੍ਰੀ ਮਤੀ ਸ਼ਰਨਜੀਤ ਕੌਰ ਖੇਡ ਕੋਆਰਡੀਨੇਟਰ ਰੂਪਨਗਰ ਨੇ ਦੱਸਿਆ ਕਿ ਖੇਡਾਂ ਦੇ ਦੂਜੇ ਦਿਨ ਦੇ ਮੁਕਾਬਲਿਆਂ ਵਿੱਚ ਸ੍ਰੀ ਫ਼ਤਹਿਗੜ੍ਹ ਸਾਹਿਬ ਜਿਲ੍ਹੇ ਨੇ ਪਹਿਲਾ ਸਥਾਨ, ਪਟਿਆਲੇ ਜਿਲੇ ਨੇ ਦੂਜਾ ਸਥਾਨ, ਫਿਰੋਜ਼ਪੁਰ ਜ਼ਿਲ੍ਹੇ ਨੇ ਤੀਜਾ ਸਥਾਨ, ਰੂਪਨਗਰ ਜ਼ਿਲ੍ਹੇ ਨੇ ਚੋਥਾ ਸਥਾਨ ਪ੍ਰਾਪਤ ਕੀਤਾ।

ਇਸ ਅੰਤਰ ਜਿਲ੍ਹਾ ਸਕੂਲ ਖੇਡਾਂ ਵਿੱਚ ਇਨਾਮਾ ਦੀ ਵੰਡ ਪ੍ਰਿੰਸੀਪਲ ਜਗਤਾਰ ਸਿੰਘ ਸਕੂਲ ਆਫ ਐਮਿਨੇਂਸ ਫਾਰ ਗਰਲਜ਼ ਸ੍ਰੀ ਚਮਕੌਰ ਸਾਹਿਬ, ਸ੍ਰੀ ਮਤੀ ਸ਼ਰਨਜੀਤ ਕੌਰ ਖੇਡ ਕੋਆਰਡੀਨੇਟਰ ਜਿਲ੍ਹਾ ਰੂਪਨਗਰ ਨੇ ਕੀਤੀ । ਇਸ ਮੌਕੇ ਸ੍ਰੀ ਸੁਰਿੰਦਰਪਾਲ ਸਿੰਘ ਡਿਪਟੀ ਜਿਲ੍ਹਾ ਸਿੱਖਿਆ ਅਫ਼ਸਰ, ਪ੍ਰਿੰਸੀਪਲ ਜਗਤਾਰ ਸਿੰਘ ਜਨਰਲ ਸਕੱਤਰ ਜ਼ਿਲ੍ਹਾ ਟੂਰਨਾਮੈਂਟ ਕਮੇਟੀ , ਪ੍ਰਿੰਸੀਪਲ ਕੁਲਵਿੰਦਰ ਸਿੰਘ, ਪ੍ਰਿੰਸੀਪਲ ਸ਼ਰਨਜੀਤ ਸਿੰਘ, ਪ੍ਰਿੰਸੀਪਲ ਮੇਜਰ ਸਿੰਘ, ਮੁੱਖ ਅਧਿਆਪਕ ਰਮੇਸ਼ ਸਿੰਘ, ਲੈਕ. ਦਵਿੰਦਰ ਸਿੰਘ, ਹਰਮਨ ਸਿੰਘ ਸੰਧੂ ਖੇਡ ਕੰਡਕਟ ਇੰਚਾਰਜ, ਖੇਡ ਆਬਜ਼ਰਵਰ ਕੁਲਦੀਪ ਸਿੰਘ,ਹਰਪ੍ਰੀਤ ਸਿੰਘ ਲੌਂਗੀਆ, ਸੁਖਵਿੰਦਰਪਾਲ ਸਿੰਘ ਸੁੱਖੀ, ਗੁਰਜੀਤ ਸਿੰਘ, ਅਵਤਾਰ ਸਿੰਘ, ਗੁਰਿੰਦਰ ਸਿੰਘ, ਪਰਮਜੀਤ ਸਿੰਘ, ਸਰਬਜੀਤ ਸਿੰਘ, ਰਣਬੀਰ ਕੌਰ, ਨਰਿੰਦਰ ਸੈਣੀ, ਰਾਜਿੰਦਰ ਕੌਰ, ਗੁਰਦੀਪ ਸਿੰਘ , ਨਰਿੰਦਰ ਸਿੰਘ, ਸੰਦੀਪ ਭੱਟ, ਅਮਰਜੀਤ ਪਾਲ ਸਿੰਘ, ਬਖਸ਼ੀ ਰਾਮ, ਗੁਰਪ੍ਰਤਾਪ ਸਿੰਘ, ਗੁਰਵਿੰਦਰ ਸਿੰਘ, ਸੁਰਮੁੱਖ ਸਿੰਘ, ਅਸ਼ਵਨੀ ਕੁਮਾਰ, ਪੁਨੀਤ ਲਾਲੀ ਅਤੇ ਮਨਿੰਦਰ ਸਿੰਘ ਹਾਜ਼ਰ ਸਨ।

# ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਜ਼ਿਲ੍ਹੇ ’ਚ ਵੱਖ-ਵੱਖ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

## ➢ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਪਲੇਠੀ ਮੀਟਿੰਗ, ਵਿਕਾਸ ਕਾਰਜਾਂ ਦਾ ਹਰ ਮਹੀਨੇ ਹੋਵੇਗਾ ਰੀਵਿਊ
## ➢ ਯੋਗ ਵਿਅਕਤੀਆਂ ਨੂੰ ਭਲਾਈ ਸਕੀਮਾਂ ਦਾ ਲਾਭ ਪਹੁੰਚਾਉਣ, ਚੱਲ ਰਹੇ ਕਾਰਜਾਂ ’ਚ ਤੇਜ਼ੀ ਲਿਆਉਣ ਦੇ ਨਿਰਦੇਸ਼

**ਚੰਡੀਗੜ੍ਹ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਵਿਚ ਚੱਲ ਰਹੇ ਵੱਖ-ਵੱਖ ਵਿਕਾਸ ਕਾਰਜਾਂ, ਭਲਾਈ ਸਕੀਮਾਂ ਅਤੇ ਪ੍ਰਸ਼ਾਸਨਿਕ ਸੇਵਾਵਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਭਲਾਈ ਸਕੀਮਾਂ ਦਾ ਲਾਭ ਹਰੇਕ ਯੋਗ ਵਿਅਕਤੀ ਤੱਕ ਪੁੱਜਦਾ ਕਰਨ ਅਤੇ ਚੱਲ ਰਹੇ ਕਾਰਜਾਂ ਵਿਚ ਤੇਜ਼ੀ ਲਿਆਉਣ ਦੀ ਲੋੜ ’ਤੇ ਜ਼ੋਰ ਦਿੱਤਾ।

ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਐਡਵੋਕੇਟ ਕਰਮਵੀਰ ਸਿੰਘ ਘੁੰਮਣ, ਵਿਧਾਇਕ ਡਾ. ਇਸ਼ਾਂਕ ਕੁਮਾਰ, ਮੇਅਰ ਸੁਰਿੰਦਰ ਕੁਮਾਰ ਅਤੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਮੌਜੂਦਗੀ ਵਿਚ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਮਿਊਂਸਪਲ ਡਿਵੈਲਪਮੈਂਟ ਫੰਡਾਂ, ਪੰਜਾਬ ਸ਼ਹਿਰੀ ਵਾਤਾਵਰਣ ਸੁਧਾਰ ਪ੍ਰੋਗਰਾਮ-ਫੇਜ਼ 3, 15ਵੇਂ ਵਿੱਤ ਕਮਿਸ਼ਨ ਦੀਆ ਗ੍ਰਾਂਟਾਂ, ਵਿਕਾਸ ਸਕੀਮਾਂ, ਐਮ.ਪੀ.ਲੈਡ ਪ੍ਰੋਜੈਕਟਾਂ ਅਤੇ ਪੰਜਾਬ ਨਿਰਮਾਣ ਪ੍ਰੋਗਰਾਮ ਤਹਿਤ ਚੱਲ ਰਹੇ ਅਤੇ ਸ਼ੁਰੂ ਹੋਣ ਵਾਲੇ ਕਾਰਜਾਂ ਦੀ ਸਮੀਖਿਆ ਕੀਤੀ।

ਸਥਾਨਕ ਸਰਕਾਰਾਂ ਮੰਤਰੀ ਨੇ ਕਿਹਾ ਕਿ ਵਿਧਾਇਕਾਂ ਸਮੇਤ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਉਹ ਹਰ ਮਹੀਨੇ ਸਮੀਖਿਆ ਮੀਟਿੰਗ ਵੀ ਕਰਿਆ ਕਰਨਗੇ ਜਿਸ ਵਿਚ ਵਿਕਾਸ ਕਾਰਜਾਂ ਅਤੇ ਭਲਾਈ ਸਕੀਮਾਂ ਦੀ ਮਹੀਨਾਵਾਰ ਪ੍ਰਗਤੀ ਦਾ ਜਾਇਜ਼ਾ ਲਿਆ ਜਾਵੇਗਾ।

ਜ਼ਿਲ੍ਹੇ ਵਿਚ ਲਿੰਕ ਸੜਕਾਂ ਦੀ ਮੁਰੰਮਤ ਅਤੇ ਸਾਂਭ-ਸੰਭਾਲ ਦਾ ਜਾਇਜ਼ਾ ਲੈਂਦਿਆਂ ਡਾ. ਰਵਜੋਤ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੜਕਾਂ ਦੀ ਲੋੜੀਂਦੀ ਮੁਰੰਮਤ ਨੂੰ ਜਲਦ ਤੋਂ ਜਲਦ ਯਕੀਨੀ ਬਣਾਇਆ ਜਾਵੇ ਅਤੇ ਆਉਂਦੇ ਧੁੰਦ-ਸਰਦੀਆਂ ਦੇ ਮੌਸਮ ਦੇ ਮੱਦੇਨਜ਼ਰ ਚਿੱਟੀਆਂ ਪੱਟੀਆਂ, ਰੇਡੀਅਮ ਇਸ਼ਾਰੇ, ਰਿਫਲੈਕਟਰ ਆਦਿ ਲਗਾਏ ਜਾਣ। ਉਨ੍ਹਾਂ ਕਿਹਾ ਕਿ ਪੁਲ ਬਨਾਉਣ, ਕਲਵਲਟ ਆਦਿ ਲਾਉਣ ਤੋਂ ਇਲਾਵਾ ਸੜਕਾਂ ਦੀ ਅਪਗ੍ਰੇਡੇਸ਼ਨ ਦੇ ਕੰਮ ਵਿਚ ਵੀ ਤੇਜ਼ੀ ਲਿਆਂਦੀ ਜਾਵੇ। ਉਨ੍ਹਾਂ ਨੇ ਜ਼ਿਲ੍ਹੇ ਵਿਚ ਬਣ ਰਹੀਆਂ ਵੱਖ-ਵੱਖ ਸਰਕਾਰੀ ਬਿਲਡਿੰਗਾਂ ਦੇ ਕੰਮ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਇਸ ਦੌਰਾਨ ਦੱਸਿਆ ਗਿਆ ਕਿ ਮੁਕੇਰੀਆਂ ਵਿਖੇ ਜੁਡੀਸ਼ੀਅਲ ਕੋਰਟ ਕੰਪਲੈਕਸ, ਹਾਜੀਪੁਰ ਵਿਖੇ ਸਬ-ਤਹਿਸੀਲ ਕੰਪਲੈਕਸ ਅਤੇ ਹੁਸ਼ਿਆਰਪੁਰ ਵਿਖੇ ਜੁਡੀਸ਼ੀਅਲ ਅਧਿਕਾਰੀਆਂ ਦੀਆਂ ਰਿਹਾਇਸ਼ਾਂ ਤਿਆਰ ਹੋ ਚੁੱਕੀਆਂ ਹਨ ਜਦਕਿ ਸਰਕਾਰੀ ਡਿਗਰੀ ਕਾਲਜ, ਮੁਖਲਿਆਣਾ ਦਾ ਕਾਰਜ ਜਾਰੀ ਹੈ।



ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ।

ਸਥਾਨਕ ਸਰਕਾਰਾਂ ਮੰਤਰੀ ਨੇ ਜ਼ਿਲ੍ਹੇ ਵਿਚ ਚੱਲ ਰਹੇ ਠੋਸ ਰਹਿੰਦ-ਖੂੰਹਦ ਪ੍ਰਬੰਧਨ, ਤਰਲ ਰਹਿੰਦ-ਖੂੰਹਦ ਪ੍ਰਬੰਧਨ ਦੇ ਕੰਮਾਂ, ਆਵਾਸ ਯੋਜਨਾ, ਮਗਨਰੇਗਾ ਦੇ ਕੰਮਾਂ, ਜਲ ਸਪਲਾਈ ਤੇ ਸੈਨੀਟੇਸ਼ਨ ਕਾਰਜਾ ਦਾ ਵੀ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਇਨ੍ਹਾਂ ਕੰਮਾਂ ਦੀ ਰਫ਼ਤਾਰ ’ਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਸੀਵਰੇਜ ਬੋਰਡ ਨਾਲ ਸਬੰਧਤ ਕੰਮਾਂ ਦੀ ਸਮੀਖਿਆ ਕਰਦਿਆਂ ਹੁਸ਼ਿਆਰਪੁਰ, ਗੜ੍ਹਦੀਵਾਲਾ, ਗੜ੍ਹਸ਼ੰਕਰ, ਮਾਹਿਲਪੁਰ, ਤਲਵਾੜਾ ਆਦਿ ਵਿਖੇ ਚੱਲ ਰਹੇ ਕੰਮਾਂ ਦੀ ਵੀ ਸਮੀਖਿਆ ਕੀਤੀ। ਪੰਜਾਬ ਸਰਕਾਰ ਦੀ ਆਸ਼ੀਰਵਾਦ ਸਕੀਮ ਬਾਰੇ ਦੱਸਿਆ ਗਿਆ ਕਿ ਅਗਸਤ ਮਹੀਨੇ ਤੱਕ ਦੇ ਬਿਨੈਕਾਰਾਂ ਨੂੰ ਜਲਦ ਹੀ ਸਕੀਮ ਤਹਿਤ ਬਣਦੀ ਰਾਸ਼ੀ ਦਾ ਲਾਭ ਦਿੱਤਾ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਉਦਯੋਗ ਵਿਭਾਗ, ਮੱਛੀ ਪਾਲਣ ਵਿਭਾਗ, ਸਿੱਖਿਆ ਵਿਭਾਗ, ਸਿਹਤ ਵਿਭਾਗ ਵੱਲੋਂ ਲੋਕਾਂ ਲਈ ਕੀਤੇ ਜਾ ਰਹੇ ਕਾਰਜਾਂ ਦੀ ਸਮੀਖਿਆ ਕੀਤੀ।

ਮੀਟਿੰਗ ਦੌਰਾਨ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਅਤੇ ਵਿਧਾਇਕਾਂ ਨੇ ਆਪਣੇ ਹਲਕਿਆਂ ਨਾਲ ਸਬੰਧਤ ਵਿਕਾਸ ਪ੍ਰੋਜੈਕਟਾਂ ਬਾਰੇ ਵੀ ਅਧਿਕਾਰੀਆਂ ਤੋਂ ਜਾਣਕਾਰੀ ਲਈ ਅਤੇ ਵੱਧ ਤੋਂ ਵੱਧ ਯੋਗ ਵਿਅਕਤੀਆਂ ਨੂੰ ਭਲਾਈ ਸਕੀਮਾਂ ਦਾ ਲਾਭ ਪਹੁੰਚਾਉਣ ਦਾ ਸੱਦਾ ਦਿੱਤਾ। ਇਸ ਮੌਕੇ ਡਿਪਟੀ ਮੇਅਰ ਪ੍ਰਵੀਨ ਸੈਣੀ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਹਰਮੀਤ ਸਿੰਘ ਔਲਖ, ਗਊ ਸੇਵਾ ਕਮਿਸ਼ਨ ਦੇ ਮੈਂਬਰ ਜਸਪਾਲ ਚੇਚੀ ਤੋਂ ਇਲਾਵਾ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨਿਕਾਸ ਕੁਮਾਰ, ਵਧੀਕ ਡਿਪਟੀ ਕਮਿਸ਼ਨਰ (ਜ) ਰਾਹੁਲ ਚਾਬਾ, ਸਮੂਹ ਐਸ.ਡੀ.ਐਮਜ਼ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਸੁਨਾਮ ਚੀਮਾਂ ਰੋਡ ਤੇ ਕਾਰਾਂ ਦਾ ਹੋਇਆ ਐਕਸੀਡੈਂਟ, ਜਾਨੀ ਨੁਕਸਾਨ ਤੋਂ ਰਿਹਾ ਬਚਾਅ

**ਸੁਨਾਮ, 30 ਨਵੰਬਰ/ਅਸ਼ੋਕ ਬਾਂਸਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਨਾਮ ਚੀਮਾਂ ਰੋਡ ਤੇ ਦੋ ਕਾਰਾਂ ਦਾ ਐਕਸੀਡੈਂਟ ਹੋ ਗਿਆ ਜਿਸ ਨਾਲ ਕਾਰਾਂ ਕਾਫੀ ਨੁਕਸਾਨੀ ਗਈਆਂ ਅਤੇ ਮੌਕੇ ਤੇ ਐਂਬੂਲੈਂਸ ਰਾਹੀ ਮਰੀਜ਼ਾਂ ਨੂੰ ਹਸਪਤਾਲ ਲੈ ਕੇ ਜਾਇਆ ਗਿਆ। ਇਸ ਸਬੰਧੀ ਉੱਥੇ ਮੌਜੂਦ ਲੋਕਾਂ ਨੇ ਦੱਸਿਆ ਕਿ ਇਹ ਦੋਵੇਂ ਕਾਰਾਂ ਦਾ ਐਕਸੀਡੈਂਟ ਹੋ ਗਿਆ, ਹਾਦਸਾ ਬੜਾ ਭਿਆਨਕ ਸੀ। ਇੱਥੇ ਮੌਕੇ ਤੇ ਸੜਕ ਸੁਰੱਖਿਆ ਫੋਰਸ ਦੇ ਮੁਲਾਜ਼ਮ ਵੀ ਪੁੱਜੇ ਸੀ ਅਤੇ ਜਖਮੀਆਂ ਨੂੰ ਹਸਪਤਾਲ ਦੇ ਵਿੱਚ ਲੈ ਜਾਂਦਾ ਗਿਆ। ਕਿਸੇ ਵੀ ਪ੍ਰਕਾਰ ਦਾ ਅਜੇ ਤੱਕ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਇਆ।

# ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਫਨਲੈਂਡ ਪ੍ਰੋਗਰਾਮ ਦਾ ਆਯੋਜਨ

**ਲੁਧਿਆਣਾ, 30 ਨਵੰਬਰ**
**-ਕੁਲਦੀਪ ਦੁੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਦੀ ਦਿਸ਼ਾ ਵਿੱਚ ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਈਸਾ ਨਗਰੀ ਪੁਲੀ ਨੇੜੇ, ਡਾਇਰੈਕਟਰ ਰਾਜੀਵ ਕੁਮਾਰ ਲਵਲੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਕੂਲ ਵਿੱਚ ਪ੍ਰਾਇਮਰੀ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਫ਼ਨਲੈਂਡ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ, ਜਿਵੇਂ ਕਿ ਝੂਲਾ ਚੰਡੋਲ, ਟਰੇਨ, ਜ਼ੋਰਾ ਬਾਲ, ਜੰਪਿੰਗ, ਮਿਕੀ ਮਾਊਸ ਆਦਿ ਦਾ ਆਯੋਜਨ ਕੀਤਾ ਗਿਆ।

ਇਸ ਦੌਰਾਨ ਵਿਸ਼ੇਸ਼ ਤੌਰ ’ਤੇ ਆਯੋਜਿਤ ਜਾਦੂ ਦੀ ਖੇਡ ਨੇ ਬੱਚਿਆਂ ਦਾ ਮਨ ਜਿੱਤ ਲਿਆ। ਉਥੇ ਹੀ, ਬੱਚਿਆਂ ਨੇ ਝੂਲਿਆਂ ਅਤੇ ਹੋਰ ਗਤੀਵਿਧੀਆਂ ਦਾ ਖੂਬ ਆਨੰਦ ਮਾਣਿਆ। ਇਸ ਤੋਂ ਇਲਾਵਾ, ਬੱਚਿਆਂ ਲਈ ਰਿਫਰੈਸ਼ਮੈਂਟ ਪਾਰਟੀ ਵੀ ਕਰਵਾਈ ਗਈ।

ਇਸ ਮੌਕੇ ਸਕੂਲ ਦੇ ਡਾਇਰੈਕਟਰ ਰਾਜੀਵ ਕੁਮਾਰ ਲਵਲੀ ਨੇ ਦੱਸਿਆ ਕਿ ਸਕੂਲ ਵਿੱਚ ਪੜ੍ਹਾਈ ਦੇ ਨਾਲ-ਨਾਲ ਹੋਰ ਗਤੀਵਿਧੀਆਂ ਰਾਹੀਂ ਬੱਚਿਆਂ ਦੇ ਸਰਵਪੱਖੀ ਵਿਕਾਸ ’ਤੇ ਜ਼ੋਰ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਗਤੀਵਿਧੀਆਂ ਆਪਸੀ ਤਾਲਮੇਲ ਅਤੇ ਬੱਚਿਆਂ ਵਿੱਚ ਕੁਝ ਨਵਾਂ ਸਿੱਖਣ ਦੀ ਇੱਛਾ ਨੂੰ ਉਤਸ਼ਾਹਿਤ ਕਰਦੀਆਂ ਹਨ। ਉਨ੍ਹਾਂ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਕੂਲ ਦੇ ਪ੍ਰਿੰਸੀਪਲ ਮਨੀਸ਼ਾ ਗਾਬਾ ਸਮੇਤ ਸਮੂਹ ਸਟਾਫ਼ ਦੀ ਸ਼ਲਾਘਾ ਵੀ ਕੀਤੀ। ਜਿੱਥੇ ਹੋਰਨਾਂ ਤੋਂ ਇਲਾਵਾ, ਅਮਿਤਾ ਰਾਜਨ, ਹਰਸ਼, ਸੋਨੀਆ, ਗੁਰਪ੍ਰੀਤ, ਦਮਨਜੋਤ ਕੌਰ, ਸਿੰਪੀ, ਗੀਤਿਕਾ, ਮਿਤਿਕਾ, ਖੁਸ਼ਬੂ, ਸਿਮਰਨ, ਰੀਟਾ ਮੋਂਗਾ, ਸੁਮਨ, ਪੂਨਮ ਗਿੱਲ, ਨੇਹਾ ਆਦਿ ਵੀ ਹਾਜ਼ਰ ਸਨ।

# ਲੋਨ ਮੇਲੇ ਵਿੱਚ ਵਿੱਚ ਸਵੈ ਸਹਾਇਤਾ ਸਮੂਹਾਂ ਨੂੰ 5 ਕਰੋੜ 20 ਲੱਖ ਦੇ ਲੋਨ ਮਨਜ਼ੂਰ

## ➢ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਨੇ ਵੰਡੇ ਮਨਜ਼ੂਰੀ ਪੱਤਰ ਅਜੋਕੇ ਸਮੇਂ ਪੇਂਡੂ ਔਰਤਾਂ ਤਾ ਸਵੈ ਨਿਰਭਰ ਹੋਣਾ ਬੇਹੱਦ ਜ਼ਰੂਰੀ

**ਬਠਿੰਡਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਤਹਿਤ ਬਣੇ ਸਵੈ ਸਹਾਇਤਾ ਸਮੂਹਾਂ ਨੂੰ ਕਰਜਾ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਪ੍ਰੀਸ਼ਦ ਬਠਿੰਡਾ ਵਿਖੇ ਇੱਕ ਲੋਨ ਮੇਲਾ ਲਗਾ ਕੇ 87 ਸਵੈ ਸਹਾਇਤਾ ਸਮੂਹਾਂ ਦੇ ਮੈਂਬਰਾਂ ਨੂੰ 5 ਕਰੋੜ 23 ਲੱਖ ਰੁਪਏ ਦੇ ਲੋਨ ਮਨਜ਼ੂਰੀ ਪੱਤਰ ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ ਸ਼੍ਰੀ ਰੁਪਿੰਦਰਪਾਲ ਸਿੰਘ ਵੱਲੋਂ ਵੰਡੇ ਗਏ। ਇਸ ਮੌਕੇ ਏ.ਡੀ.ਸੀ. ਨੇ ਸੰਬੋਧਨ ਕਰਦਿਆ ਜ਼ਿਲ੍ਹੇ ਭਰ ਤੋਂ ਪੁਜੇ ਸਵੈ ਸਹਾਇਤਾ ਸਮੂਹ ਮੈਂਬਰਾਂ ਨੂੰ ਪ੍ਰਾਪਤ ਰਾਸ਼ੀ ਨੂੰ ਢੁੱਕਵੇਂ ਤਰੀਕੇ ਨਾਲ ਵਰਤਣ ਦੀ ਸਲਾਹ ਦਿੱਤੀ। ਉਹਨਾ ਕਿਹਾ ਕਿ ਮੌਜੂਦਾ ਸਮੇਂ ਘਰ ਦੇ ਸਿਰਫ ਪੁਰਸ਼ ਮੈਂਬਰ ਦੇ ਕੰਮ ਕਰਨ ਦੇ ਨਾਲ ਔਰਤਾ ਦਾ ਕੰਮ ਕਰਨਾ ਵੀ ਬਹੁਤ ਜ਼ਰੂਰੀ ਹੋ ਗਿਆ ਹੈ।



ਉਹਨਾ ਕਿਹਾ ਕਿ ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਔਰਤਾਂ ਤੇ ਉਹਨਾਂ ਦੇ ਪਰਿਵਾਰਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਲਗਾਤਾਰ ਸ਼ਲਾਘਾਯੋਗ ਕੰਮ ਰਿਹਾ ਹੈ ਅਤੇ ਅਜੋਕੇ ਸਮੇਂ ਪੇਂਡੂ ਔਰਤਾਂ ਦਾ ਸਵੈ ਨਿਰਭਰ ਹੋਣਾ ਬੇਹੱਦ ਜਰੂਰੀ ਹੈ। ਉਹਨਾਂ ਜਿਲ੍ਹੇ ਅੰਦਰ ਸਵੈ ਸਹਾਇਤਾ ਸਮੂਹ ਦੀਆਂ ਔਰਤਾਂ ਵੱਲੋਂ ਸ਼ੁਰੂ ਕੀਤੇ ਕੰਮਾਂ ਦਾ ਵਿਸ਼ੇਸ਼ ਤੌਰ ਤੇ ਜਿਕਰ ਕੀਤਾ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆ ਜ਼ਿਲ੍ਹਾ ਪ੍ਰੋਗਰਾਮ ਮੈਨੇਜ਼ਰ ਸੁਖਵਿੰਦਰ ਸਿੰਘ ਚੱਠਾ ਨੇ ਦੱਸਿਆ ਹੈ ਕਿ ਇਸ ਲੋਨ ਮੇਲੇ ਵਿੱਚ ਜਿਲ੍ਹੇ ਦੇ ਵੱਖ-ਵੱਖ ਬਲਾਕਾਂ ਤੋਂ ਪੁੱਜੇ ਸਵੈ ਸਹਾਇਤਾ ਸਮੂਹਾਂ ਦੇ ਮੈਂਬਰਾਂ ਵਿੱਚੋਂ ਸਟੇਟ ਬੈਂਕ ਆਫ ਇੰਡੀਆਂ ਨੇ 74 ਸਵੈ ਸਹਾਇਤਾ ਸਮੂਹਾਂ ਨੂੰ 4 ਕਰੋੜ 44 ਲੱਖ ਰੁਪਏ ਦੇ ਸੀ.ਸੀ.ਐਲ ਸਬੰਧੀ ਮਨਜੂਰੀ ਪੱਤਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਪੰਜਾਬ ਨੈਸ਼ਨਲ ਬੈਂਕ ਵੱਲੋਂ 3 ਸਵੈ ਸਹਾਇਤਾ ਸਮੂਹਾਂ ਨੂੰ 18 ਲੱਖ ਰੁਪਏ, ਪੰਜਾਬ ਗ੍ਰਾਮੀਣ ਬੈਂਕ ਵੱਲੋਂ 5 ਸਵੈ ਸਹਾਇਤਾ ਸਮੂਹਾਂ ਨੂੰ 30 ਲੱਖ ਰੁਪਏ, ਸੈਂਟਰਲ ਬੈਂਕ ਆਫ ਇੰਡਿਆ ਵੱਲੋਂ 4 ਸਵੈ ਸਹਾਇਤਾ ਸਮੂਹਾਂ ਨੂੰ 24 ਲੱਖ ਅਤੇ ਯੂਨੀਅਨ ਬੈਂਕ ਵੱਲੋਂ ਵੱਲੋਂ 1 ਸਵੈ ਸਹਾਇਤਾ ਸਮੂਹ ਨੂੰ 6 ਲੱਖ ਰੁਪਏ ਦੇ ਮੰਨਜੂਰੀ ਪੱਤਰ ਜਾਰੀ ਕੀਤੇ ਗਏ ਹਨ।

ਉਹਨਾਂ ਦੱਸਿਆ ਕਿ ਸਵੈ ਸਹਾਇਤਾ ਸਮੂਹ 6 ਲੱਖ ਦੀ ਇਸ ਲਿਮਟ ਰਾਸ਼ੀ ਵਿੱਚੋ ਪਹਿਲੀ ਚਰਨ ਵਿੱਚ ਡੇਢ ਲੱਖ ਰੁਪਏ, ਦੂਜੀ ਚਰਨ ਵਿੱਚ 3 ਲੱਖ ਰੁਪਏ ਅਤੇ ਤੀਜੀ ਚਰਨ ਵਿੱਚ 6 ਲੱਖ ਰੁਪਏ ਆਪਣੇ ਰੁਜ਼ਗਾਰ ਨੂੰ ਚਲਾਉਣ ਜਾਂ ਵਧਾਉਣ ਲਈ ਵਰਤ ਸਕਦੇ ਹਨ।ਇਸ ਮੌਕੇ ਲੀਡ ਬੈਂਕ ਮੈਨੇਜ਼ਰ ਸ਼੍ਰੀਨਵੀਨ ਕੁਮਾਰ ਨੇ ਕਿਹਾ ਕਿ ਸਟੇਟ ਬੈਂਕ ਆਫ ਇੰਡੀਆਂ, ਬਠਿੰਡਾ ਜਿਲ੍ਹਾ ਦੀ ਲੀਡ ਬੈਂਕ ਹੈ ਜਿਸ ਵਿੱਚ ਸਵੈ ਸਹਾਇਤਾ ਸਮੂਹਾਂ ਦੀ 543 ਸੀ.ਸੀ.ਐਲ਼ ਫਾਇਲਾ ਅਜੇ ਬਕਾਇਆ ਪਈਆਂ ਹਨ ਜਿਹਨਾਂ ਦਾ ਪਹਿਲ ਦੇ ਨਿਪਟਾਰਾ ਕਰਵਾਇਆ ਜਾਵੇਗਾ। ਉਹਨਾਂ ਨੇ ਬਾਕੀ ਬੈਂਕਾਂ ਨੂੰ ਵੀ ਸਵੈ ਸਹਾਇਤਾ ਸਮੂਹਾਂ ਦੇ ਲੋਨ ਪਾਸ ਕਰਨ ਦੀ ਅਪੀਲ ਕੀਤੀ।

ਇਸ ਤੋਂ ਇਲਾਵਾ ਸੁਖਵਿੰਦਰ ਸਿੰਘ ਚੱਠਾ (ਡੀ.ਪੀ.ਐਮ), ਵਿੱਤੀ ਕਾਊਂਸਲਰ ਗੀਤੂ ਰਾਣੀ, ਮਨਦੀਪ ਲੂਨਾ (ਡੀ.ਸੀ.ਓ) ਪੰਜਾਬ ਗ੍ਰਾਮੀਣ ਬੈਂਕ, ਨਵਨੀਤ ਸਿੰਘ (ਫੀਲਡ ਅਫਸਰ) ਸੈਂਟਰਲ ਬੈਂਕ ਆਫ ਇੰਡੀਆਂ, ਗਗਨ ਦੀਪ (ਜਿਲ੍ਹਾ ਐਮ.ਆਈ.ਐਸ), ਰਣਦੀਪ ਸਿੰਘ (ਬੀ.ਪੀ.ਐਮ), ਕਰਮਜੀਤ ਕੌਰ (ਬੀ.ਪੀ.ਐਮ.) ਪ੍ਰਵੀਨ ਕੁਮਾਰ (ਸੀ.ਸੀ), ਨੀਤਿਸ਼ ਕੁਮਾਰ (ਸੀ.ਸੀ), ਪਰਮਜੀਤ ਕੌਰ (ਸੀ.ਸੀ), ਸਵਰਨਜੀਤ ਕੌਰ (ਐਮ.ਆਈ.ਐਸ) ਅਤੇ ਸਵੈ ਸਹਾਇਤਾ ਸਮੂਹਾਂ ਦੇ ਮੈਬਰ ਅਤੇ ਬੈਂਕ ਸਖੀਆਂ ਵੀ ਹਾਜ਼ਰ ਸਨ।

# ਕਾਲਜ ਵਿੱਚ ਨਸ਼ਿਆਂ ਬਾਰੇ ਜਾਗਰੂਕਤਾ ਸੈਮੀਨਾਰ



ਪਟੇਲ ਕਾਲਜ ਵਿੱਚ ਨਸ਼ੇ ਨਾ ਕਰਨ ਦੀ ਸਹੁੰ ਚੁੱਕਦੇ ਹੋਏ ਐਨਸੀਸੀ ਕੈਡੇਟ

**ਰਾਜਪੁਰਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਪਟੇਲ ਮੈਮੋਰੀਅਲ ਨੈਸ਼ਨਲ ਕਾਲਜ ਵਿੱਚ 5 ਪੰਜਾਬ ਬਟਾਲੀਅਨ ਐਨਸੀਸੀ ਪਟਿਆਲਾ ਤੋਂ ਲੈਫ਼ਟੀਨੈਂਟ ਡਾ. ਜੈਦੀਪ ਸਿੰਘ ਦੀ ਅਗਵਾਈ ਹੇਠ ਐਨਸੀਸੀ ਦਿਵਸ ਮਨਾਇਆ ਗਿਆ।ਇਸ ਦਿਹਾੜੇ ਦੇ ਸਬੰਧ ਵਿੱਚ ਕਾਲਜ ਦੇ ਐਨਸੀਸੀ ਵਿੰਗ ਵੱਲੋਂ ਨਸ਼ਿਆਂ ਬਾਰੇ ਜਾਗਰੂਕਤਾ ਸਬੰਧੀ ਸੈਮੀਨਾਰ ਵੀ ਕਰਵਾਇਆ ਗਿਆ। ਲੈਫ਼ਟੀਨੈਂਟ ਡਾ. ਜੈਦੀਪ ਸਿੰਘ ਨੇ ਐਨਸੀਸੀ ਕੈਡੇਟਾਂ ਅਤੇ ਕਾਲਜ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਕਿਹਾ ਤੇ ਵਿਦਿਆਰਥੀਆਂ ਨੂੰ ਦੇਸ਼ ਸੇਵਾ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਡਾ. ਚੰਦਰ ਪ੍ਰਕਾਸ਼ ਨੇ ਸਮਾਜ ਦੇ ਹਰ ਨੌਜਵਾਨ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਆਪਣੀ ਸਿਹਤ ਨੂੰ ਤੰਦਰੁਸਤ ਬਣਾਉਣਾ ਵੱਲ ਧਿਆਨ ਦੇਣ ਦਾ ਸੁਨੇਹਾ ਦਿੱਤਾ। ਸੈਮੀਨਾਰ ਤੋਂ ਬਾਅਦ 42 ਐਨਸੀਸੀ ਕੈਡੇਟਾਂ ਨੇ ਨਸ਼ਿਆਂ ਨੂੰ ਨਾਂਹ ਦੇ ਨਾਅਰੇ ਹੇਠ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰੱਖਣ ਵਿੱਚ ਯੋਗਦਾਨ ਪਾਉਣ ਦਾ ਪ੍ਰਣ ਵੀ ਲਿਆ।

ਇਸ ਮੌਕੇ ਡਾ. ਮਨਦੀਪ ਕੌਰ, ਡਾ. ਤਰਨਜੀਤ ਸਿੰਘ, ਡਾ. ਸ਼ੇਰ ਸਿੰਘ, ਡਾ. ਗੁਰਪ੍ਰੀਤ ਸਿੰਘ ਅਤੇ ਕੋਚ ਹਰਪ੍ਰੀਤ ਸਿੰਘ ਵੀ ਮੌਜੂਦ ਸਨ।

# ਸਾਂਝਾ ਅਧਿਆਪਕ ਮੋਰਚਾ ਨੇ ਪਹਿਲੀ ਦਸੰਬਰ ਦੇ ਵਿਸ਼ਾਲ ਰੈਲੀ ਤੇ ਰੋਸ ਪ੍ਰਦਰਸ਼ਨ ਸਬੰਧੀ ਕੀਤੀ ਅਹਿਮ ਮੀਟਿੰਗ

**ਸ੍ਰੀ ਆਨੰਦਪੁਰ ਸਾਹਿਬ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਕ ਦਸੰਬਰ ਨੂੰ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ ਕੀਤੀ ਜਾ ਰਹੀ ਵਿਸ਼ਾਲ ਰੈਲੀ ਅਤੇ ਰੋਸ ਮਾਰਚ ਦੇ ਸਬੰਧ ਵਿੱਚ ਬਲਾਕ ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੀਆ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਦੀ ਇੱਕ ਮੀਟਿੰਗ ਸੂਬਾਈ ਆਗੂ ਗੁਰਵਿੰਦਰ ਸਿੰਘ ਸਸਕੌਰ ਦੀ ਪ੍ਰਧਾਨਗੀ ਦੇ ਵਿੱਚ ਕੀਤੀ ਗਈ

ਇਸ ਮੌਕੇ ਬੋਲਦਿਆਂ ਵਿਕਾਸ ਸੋਨੀ ,ਅਜੇ ਬੈਂਸ ,ਹਰਭਜਨ ਸਿੰਘ ਬੀਕਾਪੁਰ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਦੇ ਸੰਬੰਧ ਦੇ ਵਿੱਚ ਕੀਤੇ ਐਲਾਨ ਤੋਂ ਦੋ ਸਾਲ ਬੀਤ ਜਾਣ ਤੋਂ ਬਾਅਦ ਵੀ ਪੁਰਾਣੀ ਪੈਨਸ਼ਨ ਬਹਾਲ ਨਹੀਂ ਕੀਤੀ ਗਈ ਜਿਸ ਦੇ ਕਾਰਨ ਸੂਬੇ ਦੇ 2 ਲੱਖ ਦੇ ਕਰੀਬ ਮੁਲਾਜ਼ਮਾਂ ਦੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਇਸ ਦੇ ਨਾਲ ਹੀ ਉਹਨਾਂ ਨੇ ਕਿਹਾ ਕਿ ਲੰਬੇ ਸਮੇਂ ਬਾਅਦ ਹੋਈਆਂ ਲੈਕਚਰਾਰਾਂ ਦੀਆਂ ਪ੍ਰਮੋਸ਼ਨਾਂ ਵਿੱਚ ਵਿਭਾਗ ਨੇ ਆਪਣੀ ਮਨਮਾਨੀ ਨਾਲ ? ਅਧਿਆਪਕਾਂ ਨੂੰ ਦੂਰ ਦੁਰਾਡੇ ਸਟੇਸ਼ਨ ਦਿੱਤੇ, ਜਿਸ ਕਾਰਨ ਪੂਰੇ ਅਧਿਆਪਕ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।



ਮੋਰਚੇ ਵੱਲੋਂ ਹਰ ਵਰਗ ਦੀਆਂ ਰਹਿੰਦੀਆਂ ਤਰੱਕੀਆਂ ਸਬੰਧੀ, 2018 ਤੋਂ ਪ੍ਰਾਇਮਰੀ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ, ਸੀ ਐਂਡ ਵੀ ਤੋਂ ਮਾਸਟਰ ਕਾਡਰ ਤਰੱਕੀਆਂ, 873 ਡੀਪੀਈ ਭਰਤੀ ਵਿੱਚੋਂ ਰਹਿੰਦੇ ਉਮੀਦਵਾਰਾਂ ਨੂੰ ਜਲਦ ਆਰਡਰ ਦੇਣ ਸਬੰਧੀ, ਪੰਚਾਇਤੀ ਚੋਣਾਂ ਵਿੱਚ ਅਧਿਆਪਕਾਂ ਦੀ ਹੋਈ ਖੱਜਲ ਖੁਆਰੀ ਸਬੰਧੀ ਸਿੱਖਿਆ ਵਿਭਾਗ ਦੇ ਕਿਸੇ ਵੀ ਅਧਿਕਾਰੀ ਜਾਂ ਸਿੱਖਿਆ ਮੰਤਰੀ ਨੇ ਕੋਈ ਨੋਟਿਸ ਨਹੀਂ ਲਿਆ। ਸਗੋਂ ਸੀ ਐਂਡ ਵੀ ਕਾਡਰ ਦੇ ਪੀ ਟੀ ਆਈਜ਼ / ਆਰਟ ਐਂਡ ਕਰਾਫਟ ਟੀਚਰਜ਼ ਤੋਂ ਰਿਕਵਰੀ ਦਾ ਪੱਤਰ ਮੁੜ ਜਾਰੀ ਕੀਤਾ ਗਿਆ ਹੈ। ਸੀ ਈ ਪੀ ਤਹਿਤ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸਿੱਖਿਆ ਤੋਂ ਹਟਾ ਕੇ ਫਰਜ਼ੀ ਰਿਕਾਰਡ ਬਣਾਉਣ ਲਈ ਉਲਝਾਇਆ ਜਾ ਰਿਹਾ ਹੈ। ਦੂਜੇ ਪਾਸੇ ਇਹ ਫਰਜੀ ਰਿਕਾਰਡ ਚੈਕ ਕਰਨ ਲਈ ਟੀਮਾਂ ਅਧਿਆਪਕਾਂ ਨੂੰ ਅਲੱਗ ਪ੍ਰੇਸ਼ਾਨ ਕਰ ਰਹੀਆਂ ਹਨ। ਪਹਿਲ ਾ ਅਧਿਆਪਕ ਸਮਰੱਥ ਪ੍ਰੋਜੈਕਟ ਵਿੱਚ ਲੱਗੇ ਹੋਏ ਸਨ, ਹੁਣ ਸੀ ਈ ਪੀ ਕਰਨ ਵਿੱਚ ਲੱਗੇ ਹੋਏ ਹਨ। ਜਿਸ ਕਾਰਨ ਅਧਿਆਪਕ ਵਰਗ ਵਿੱਚ ਵਿੱਚ ਭਾਰੀ ਰੋਸ ਹੈ।

ਉਪਰੋਕਤ ਮੰਗਾਂ ਤੋਂ ਇਲਾਵਾ ਬਹੁਤ ਸਾਰੀਆਂ ਵਿਭਾਗੀ ਮੰਗਾਂ ਅਤੇ ਵਿੱਤੀ ਮੰਗਾਂ ਤਨਖਾਹ ਦੁਹਰਾਈ ਸਰਵਿਸ ਰੂਲ 2018 ਰੱਦ ਕੀਤੇ ਜਾਣ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਅਤੇ ਬਕਾਏ, ਪੇਂਡੂ ਭੱਤੇ ਸਮੇਤ 37 ਭੱਤਿਆਂ ਦੀ ਬਹਾਲੀ ਆਦਿ ਅਜਿਹੀਆਂ ਮੰਗਾਂ ਹਨ, ਜਿਸ ਪ੍ਰਤੀ ਵਿਭਾਗ ਸੁਹਿਰਦ ਨਹੀਂ ਹੈ,

ਇਸ ਮੀਟਿੰਗ ਵਿੱਚ ਰੈਲੀ ਦੇ ਪ੍ਰਬੰਧਾਂ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ ਅਤੇ ਬਲਾਕ ਸ਼੍ਰੀ ਅਨੰਦਪੁਰ ਸਾਹਿਬ ਅਤੇ ਬਲਾਕ ਕੀਰਤਪੁਰ ਸਾਹਿਬ ਤੋਂ ਸਮੂਹ ਅਧਿਆਪਕਾਂ ਦੀ ਭਰਮੀ ਸ਼ਮੂਲੀਅਤ ਦੇ ਲਈ ਵੀ ਰੂਪ ਰੇਖਾ ਤਿਆਰ ਕੀਤੀ ਗਈ,

ਇਸ ਮੌਕੇ ਕਮਲ ਸਹਿਗਲ ,ਨਰੇਸ਼ ਕੁਮਾਰ ,ਮਿਹਮਲ ਸਿੰਘ, ਜਸਕਰਨ ਸਿੰਘ ,ਮਨੀਸ਼ ਕੁਮਾਰ ,ਅਨਿਲ ਕੁਮਾਰ, ਬਲਜਿੰਦਰ ਸਿੰਘ ਢਿੱਲੋਂ ,ਯੋਗੇਸ਼ ਕੁਮਾਰ, ਬਲਵਿੰਦਰ ਸਿੰਘ ਲੋਦੀਪੁਰ,ਸੁਸ਼ੀਲ ਕੁਮਾਰ , ਸਰਬਜੀਤ ਸਿੰਘ , ਗੁਲਜਾਰ ਸਿੰਘ , ਹਰਮੀਤ ਸਿੰਘ ਸੀ ਐਚ ਟੀ ,ਹਰਪ੍ਰੀਤ ਸਿੰਘ , ਜਗਪਾਲ ਸਿੰਘ ,ਮੈਡਮ ਅੰਜੂ ਬਾਲਾ , ਨੀਲਮ ਕੁਮਾਰੀ ,ਰਜਨੀ ਬਾਲਾ, ਕੁਲਵਿੰਦਰ ਕੌਰ, ਹਰਮੀਤ ਕੌਰ ਆਦਿ ਹਾਜਰ ਸਨ ।

# ਟ੍ਰਾਈਡੈਂਟ ਦੀ ਪਹਿਲਕਦਮੀ ਨੇ 2000 ਏਕੜ ਤੋਂ ਜ਼ਿਆਦਾ ਖੇਤੀਬਾੜੀ ਜ਼ਮੀਨ ’ਤੇ ਪਰਾਲੀ ਸਾੜਨ ਤੋਂ ਰੋਕਿਆ

## ਉੱਤਰੀ ਭਾਰਤ ਦੇ ਏ. ਕਿਊ.ਆਈ ਨੂੰ ਪ੍ਰਭਾਵਿਤ ਕਰਨ ਵਾਲੇ ਖਤਰਨਾਕ ਨਿਕਾਸ ਨੂੰ ਕੀਤਾ ਘੱਟ

**ਬਰਨਾਲਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰ ਸਾਲ ਕਿਸਾਨਾਂ ਦੁਆਰਾ ਖੇਤਾਂ ਵਿੱਚ ਝੋਨੇ ਦੀ ਪਰਾਲੀ ਸਾੜਨ ਨਾਲ ਪਰਟੀਕੁਲੇਟ ਮੈਟਰ ਦੀ ਬਹੁਤ ਜ਼ਿਆਦਾ ਮਾਤਰਾ ਨਿੱਕਲਦੀ ਹੈ। ਜਿਸ ਕਰਕੇ ਪੰਜਾਬ, ਹਰਿਆਣਾ ਅਤੇ ਦਿੱਲੀ ਐੱਨ.ਸੀ.ਆਰ ਵਰਗੇ ਖੇਤਰਾਂ ਵਿੱਚ ਹਵਾ ਦੀ ਗੁਣਵੱਤਾ ਕਾਫੀ ਖਰਾਬ ਹੋ ਜਾਂਦੀ ਹੈ ਅਤੇ ਏਅਰ ਕੁਆਲਟੀ ਇੰਡੈਕਸ (ਏ.ਕਊ.ਆਈ) “ਗੰਭੀਰ” ਪੱਧਰ ’ਤੇ ਪਹੁੰਚ ਜਾਂਦਾ ਹੈ। ਇਹ ਪ੍ਰਦੂਸ਼ਕ ਨਾ ਸਿਰਫ ਹਵਾ ਦੀ ਗੁਣਵੱਤਾ ਨੂੰ ਖ਼ਰਾਬ ਕਰਦੇ ਹਨ, ਬਲਕਿ ਮੌਸਮੀ ਸਿਹਤ ਸੰਕਟਾਂ ਦੇ ਵਾਧੇ ਵਿੱਚ ਵੀ ਵੱਡਾ ਯੋਗਦਾਨ ਦਿੰਦੇ ਹਨ। ਇੱਕ ਪਰਿਵਰਤਨਕਾਰੀ ਕਦਮ ਦੇ ਰੂਪ ਵਿੱਚ ਟ੍ਰਾਈਡੈਂਟ ਗਰੁੱਪ ਨੇ ਅਪਣੇ ਉਦਯੋਗਿਕ ਬਾਇਲਰਾਂ ਵਿੱਚ ਈਂਧਨ ਸ਼ਰੋਤ ਦੇ ਰੂਪ ਵਿੱਚ ਪਰਾਲੀ ਦੀ ਵਰਤੋਂ ਨੂੰ ਅਪਣਾਇਆ ਹੈ ਜਿਸ ਨਾਲ ਲਗਭਗ ਇਸ ਖੇਤਰ ਦੇ 2000 ਏਕੜ ਤੋਂ ਜ਼ਿਆਦਾ ਖੇਤਾਂ ਵਿੱਚ ਪਰਾਲੀ ਨੂੰ ਸਾੜਨ ਤੋਂ ਰੋਕਿਆ ਜਾ ਰਿਹਾ ਹੈ। ਰਵਾਇਤੀ ਰੂਪ ਤੋਂ ਫਸਲ ਕਟਾਈ ਤੋਂ ਬਾਅਦ ਖੇਤਾਂ ਨੂੰ ਸਾਫ ਕਰਨ ਲਈ ਪਰਾਲੀ ਨੂੰ ਸਾੜਨਾ ਇੱਕ ਆਸਾਨ ਤਰੀਕਾ ਮੰਨਿਆ ਜਾਂਦਾ ਰਿਹਾ ਹੈ ਪਰ ਅਜਿਹੇ ਅਭਿਆਸ ਉੱਤਰੀ ਭਾਰਤ ਵਿੱਚ ਹਵਾ ਪ੍ਰਦੂਸ਼ਣ ਨੂੰ ਵਧਾਉਣ ਦਾ ਮੁੱਖ ਕਾਰਕ ਬਣ ਗਏ ਹਨ, ਅਤੇ ਏਅਰ ਕੁਆਲਿਟੀ ਇੰਡੈਕਸ ਨੂੰ ਖਤਰਨਾਕ ਪੱਧਰ ਤੱਕ ਲਿਜਾਣ ਲਈ ਜ਼ਿੰਮੇਵਾਰ ਹਨ। ਦਿੱਲੀ ਵਰਗੇ ਸ਼ਹਿਰ ਵਿੱਚ ਪੀਕ ਸੀਜਨ ਦੌਰਾਨ ਏਅਰ ਕੁਆਲਿਟੀ ਇੰਡੈਕਸ ਦਾ ਗੇਡਿੰਗ 400 ਤੋਂ ਜ਼ਿਆਦਾ ਹੋ ਜਾਂਦਾ ਹੈ- ਅਤੇ ਇਹ ਪੱਧਰ ਜਨਤਕ ਸਿਹਤ ਲਈ “ਗੰਭੀਰ” ਅਤੇ ਖਤਰਨਾਕ ਮੰਨਿਆ ਜਾਂਦਾ ਹੈ। ਰਵਾਇਤੀ ਪਰਾਲੀ ਸਾੜਨ ਨਾਲ ਪ੍ਰਦੂਸ਼ਣ ਦੇ ਕਣ ਨਿੱਕਲਦੇ ਹਨ ਜੋ ਸਾਂਹ ਸੰਬੰਧੀ ਸਮੱਸਿਆਵਾਂ, ਕਾਲੀ ਧੁੰਧ ਅਤੇ ਪੰਜਾਬ, ਹਰਿਆਣਾ ਅਤੇ ਦਿੱਲੀ ਐੱਨ.ਸੀ.ਆਰ ਵਿੱਚ ਪ੍ਰਦੂਸ਼ਣ ਦੇ ਵਾਧੇ ਵਿੱਚ ਯੋਗਦਾਨ ਦਿੰਦੇ ਹਨ। ਲਗਾਤਾਰ ਨਿੱਕਲਣ ਵਾਲਾ ਧੂੰਆ ਦਿੱਲੀ ਦੇ ਮੌਸਮੀ ਪ੍ਰਦੂਸ਼ਣ ਵਿੱਚ 44% ਤੋਂ ਜ਼ਿਆਦਾ ਦੇ ਵਾਧੇ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਹੈ, ਜਿਸ ਨਾਲ ਪਰਾਲੀ ਦਾ ਸੜਨਾ ਇੱਕ ਮਹੱਤਵਪੂਰਨ ਵਾਤਾਵਰਣਕ ਅਤੇ ਜਨਤਕ ਸਿਹਤ ਮੁੱਦਾ ਬਣ ਗਯਾ ਹੈ। ਟ੍ਰਾਈਡੈਂਟ ਵਲੋਂ ਪਰਾਲੀ ਨੂੰ ਇੱਕ ਸਥਾਈ ਈਂਧਨ ਦੇ ਰੂਪ ਵਿੱਚ ਉਪਯੋਗ ਕਰਨਾ ਪਰਟੀਕੁਲੇਟ ਮੈਟਰ ਦੀ ਨਿਕਾਸੀ ਨੂੰ ਘੱਟ ਕਰਦੇ ਹੋਏ ਹਵਾ ਦੇ ਪ੍ਰਦੂਸ਼ਣ ਨੂੰ ਘੱਟ ਕਰਨਾ ਹੈ ਅਤੇ ਇੱਕ ਸਰਕੂਲਰ ਇਕੋਨਾਮੀ ਨੂੰ ਲੈ ਕੇ ਲੋਕਾਂ ਦੀ ਸੋਚ ਨੂੰ ਉਤਸਾਹਿਤ ਕਰਨ ਦੀ ਦਿਸ਼ਾ ਵਿੱਚ ਇੱਕ ਵਡਾ ਕਦਮ ਹੈ। ਪਰਾਲੀ ਨੂੰ ਊਰਜਾ ਵਿੱਚ ਪਰਿਵਰਤਿਤ ਕਰਕੇ, ਟ੍ਰਾਈਡੈਂਟ ਇੱਕ ਅਜਿਹੇ ਹੱਲ ਦਾ ਉਦਾਹਰਣ ਪੇਸ਼ ਕਰਦਾ ਹੈ ਜੋ ਵਾਤਾਵਰਣਕ ਸਸਟੇਨੇਬਿਲਿਟੀ ਅਤੇ ਜਨਤਕ ਸਿਹਤ ਦੋਵਾਂ ਨੂੰ ਸੰਬੋਧਿਤ ਕਰਦਾ ਹੈ, ਅਤੇ ਜ਼ਿੰਮੇਵਾਰ ਉਦਯੋਗਿਕ ਅਭਿਆਸ ਦੇ ਲਈ ਇੱਕ ਮਾਪਦੰਡ ਸਥਾਪਿਤ ਕਰਦਾ ਹੈ।



# ਤੇਜ ਕੁਮਾਰ ਮਹਿਮਾ ਸਰਜਾ ਨੇ ਸਿਲਵਰ ਮੈਡਲ ਜਿੱਤਿਆ

**ਗੋਨੇਆਣਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੇ ਖੇਡ ਵਿਭਾਗ ਵੱਲੋਂ ÷ਪੈਰਾ ਖੇਡਾਂ ਵਤਨ ਪੰਜਾਬ ਦੀਆਂ÷ ਲੁਧਿਆਣਾ ਦੇ ਸ਼੍ਰੀ ਗੁਰੂ ਨਾਨਕ ਦੇਵ ਜੀ ਖੇਡ ਸਟੇਡੀਅਮ ਵਿਖੇ ਬੀਤੇ ਦਿਨ ਅਥਲੈਟਿਕਸ, ਦੌੜਾਂ,ਲੰਬੀ ਛਾਲ, ਸ਼ਾਰਟਪੁਟ,ਉੱਚੀ ਛਾਲ, ਜੈਵਲਿਨ ਥਰੋ ਅਤੇ ਹੋਰ ਖੇਡਾਂ ਦੇ ਮੁਕਾਬਲੇ ਕਰਵਾਏ ਗਏ।ਉਕਤ ਮੁਕਾਬਲਿਆਂ ਵਿੱਚੋਂ ਜੈਵਲਨ ਥਰੋ ਖੇਡ ਦੇ ਮੁਕਾਬਲਿਆਂ ਵਿੱਚੋਂ ਤੇਜ ਕੁਮਾਰ ਪੁੱਤਰ ਰਾਮਜੀਤ ਦਾਸ ਮਹਿਮਾ ਸਰਜਾ (ਬਠਿੰਡਾ) ਨੇ ਸੂਬੇ ਭਰ ਵਿੱਚੋਂ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਜਿੱਤਕੇ ਪਿੰਡ ਮਹਿਮਾ ਸਰਜਾ ਦਾ ਨਾਮ ਰੋਸ਼ਨ ਕੀਤਾ ਹੈ। ਤੇਜ਼ ਕੁਮਾਰ ਇਸ ਸਮੇਂ ਆਈਟੀਆਈ ਕਾਲਜ ਬਠਿੰਡਾ ਵਿਖੇ ਜੂਨੀਅਰ ਸਹਾਇਕ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਸੂਬੇ ਭਰ ਵਿੱਚੋਂ ਦੂਜਾ ਸਥਾਨ ਹਾਸਲ ਕਰਨ ਕਰਕੇ ਤੇਜ ਕੁਮਾਰ ਨੂੰ ਡਿਪਟੀ ਕਮਿਸ਼ਨਰ ਬਠਿੰਡਾ ਸ਼ੌਕਤ ਅਹਿਮਦ ਪਰੇ, ਜਿਲਾ ਖੇਡ ਅਫਸਰ ਪਰਮਿੰਦਰ ਸਿੰਘ, ਗੁਰਪ੍ਰੀਤ ਕੌਰ ਗਿੱਲ ਡਿਪਟੀ ਡਾਇਰੈਕਟਰ ਪ੍ਰਿੰਸੀਪਲ ਸਰਕਾਰੀ ਆਈਟੀਆਈ ਬਠਿੰਡਾ ਨੇ ਉਹਨਾਂ ਨੂੰ ਸਨਮਾਨਿਤ ਕੀਤਾ ਅਤੇ ਵਧਾਈ ਦਿੱਤੀ।

ਤੇਜ਼ ਕੁਮਾਰ ਨੇ ਨੌਜਵਾਨਾਂ ਅਤੇ ਹਰ ਵਰਗ ਦੇ ਉਮਰ ਦੇ ਵਿਅਕਤੀਆਂ ਨੂੰ ਅਪੀਲ ਕੀਤੀ ਕਿ ਤੁਸੀਂ ਆਪਣੀ ਰੁਚੀ ਮੁਤਾਬਕ ਕਿਸੇ ਵੀ ਖੇਡ ਵਿੱਚ ਹਿੱਸਾ ਲਵੋ ਤੇ ਰੋਜ਼ਾਨਾ ਖੇਡ ਨੂੰ ਖੇਡਿਆ ਕਰੋ, ਤਾਂ ਕਿ ਸਾਡਾ ਸਰੀਰ ਤੰਦਰੁਸਤ ਰਹੇ ਅਤੇ ਅਸੀਂ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਕਿਸੇ ਨਾ ਕਿਸੇ ਪੁਜੀਸ਼ਨ ਨੂੰ ਹਾਸਿਲ ਕਰਕੇ ਆਪਣਾ, ਪਰਿਵਾਰ, ਪਿੰਡ ਅਤੇ ਸੂਬੇ ਦਾ ਨਾਮ ਰੋਸ਼ਨ ਕਰੀਏ।

# ਹਵਸ ਅਤੇ ਹੱਤਿਆ ਦੀ ਹੈਰਾਨ ਕਰ ਦੇਣ ਵਾਲੀ ਕਹਾਣੀ ਵਿਚ ਫਸੀ ਨੰਦਿਨੀ



ਉਸ ਵਕਤ ਰਾਤ ਦੇ 12 ਵਜੇ ਸਨ। ਡੂੰਘੀ ਨੀਂਦ ਸੁੱਤੀ ਰੀਨਾ ਦੇ ਜਿਸਮ ਤੇ ਗੋਰਖ ਪ੍ਰਸਾਦ ਨੇ ਹੱਥ ਫੇਰਿਆ ਤਾਂ ਰੀਨਾ ਹੈਰਾਨ ਹੋ ਗਈ। ਗੋਰਖ ਪ੍ਰਸਾਦ ਨੂੰ ਦੇਖ ਕੇ ਉਸ ਨੇ ਕਿਹਾ, ਕੀ ਕਰਨ ਆਇਆ ਹੈਂ ? ਉਸਨੇ ਆਪਣਾ ਇੱਛਾ ਦੱਸੀ। ਪਰ ਰੀਨਾ ਨੇ ਘੂਰ ਕੇ ਭਜਾ ਦਿੱਤਾ। ਉਸੇ ਵਕਤ ਗੋਰਖ ਪ੍ਰਸਾਦ ਨੂੰ ਰੀਨਾ ਦੀ ਜੇਠਾਣੀ ਸਰਿਤਾ ਬਰਾਂਡੇ ਵਿਚ ਆਪਣੀ ਮਾਸੂਮ ਲੜਕੀ ਨੰਦਿਨੀ ਦੇ ਨਾਲ ਸੁੱਤੀ ਦਿਖਾਈ ਦਿੱਤੀ। ਨੰਦਿਨੀ ਨੂੰ ਦੇਖ ਕੇ ਉਸਦੀ ਨੀਅਤ ਖਰਾਬ ਹੋ ਗਈ ਅਤੇ ਰੀਨਾ ਦੀ ਬੇਵਫਾਈ ਵੀ ਯਾਦ ਆ ਗਈ। ਉਸ ਨੇ ਬਦਲੇ ਲੈਣ ਲਈ ਦੱਬੇ ਪੈਰ ਸਰਿਤਾ ਦੇ ਨੇੜਿਉਂ ਸੁੱਤੀ ਪਈ ਨੰਦਿਨੀ ਨੂੰ ਚੁੱਕ ਲਿਆ ਅਤੇ ਬਾਗ ਵਿਚ ਚਲਿਆ ਗਿਆ। ਬਾਗ ਵਿਚ ਪਹੁੰਚ ਕੇ ਨੰਦਿਨੀ ਦੀ ਅੱਖ ਖੁੱਲ੍ਹੀ ਤਾਂ ਉਹ ਰੋਣ ਲੱਗੀ। ਗੋਰਖ ਪ੍ਰਸਾਦ ਪੂਰੀ ਤਰ੍ਹਾਂ ਹੈਵਾਨ ਬਣ ਚੁੱਕਾ ਸੀ। ਉਸ ਨੇ ਨੰਦਿਨੀ ਦੇ ਕੱਪੜੇ ਉਤਾਰ ਦਿੱਤੇ ਅਤੇ ਉਸਦਾ ਮੂੰਹ ਦਬਾਅ ਦਿੱਤਾ ਤਾਂ ਉਹ ਬੇਹੋਸ਼ ਹੋ ਗਈ। ਉਸ ਦੀ ਕੁੱਟਮਾਰ ਵੀ ਕੀਤੀ।

1 ਮਾਰਚ 2017 ਦੀ ਸਵੇਰੇ ਸਰਿਤਾ ਦੀ ਅੱਖ ਖੁੱਲ੍ਹੀ ਤਾਂ ਬੇਟੀ ਨੂੰ ਬਿਸਤਰ 'ਤੇ ਨਾ ਪਾ ਕੇ ਉਹ ਪ੍ਰੇਸ਼ਾਨ ਹੋ ਗਈ। ਉਸ ਦੀ ਸਮਝ ਵਿਚ ਨਹੀਂ ਆਇਆ ਕਿ 6 ਸਾਲ ਦੀ ਮਾਸੂਮ ਬੱਚੀ ਸਵੇਰੇ-ਸਵੇਰੇਉਠ ਕੇ ਕਿੱਥੇ ਚਲੀ ਗਈ। ਉਸ ਨੇ ਕਈ ਆਵਾਜ਼ਾਂ ਲਗਾਈਆਂ, ਜਦੋਂ ਉਹ ਨਾ ਬੋਲੀ ਤਾਂ ਉਸ ਨੇ ਸੋਚਿਆ ਕਿ ਕਿਤੇ ਉਹ ਚਾਚੀ ਦੇ ਕੋਲ ਤਾਂ ਨਹੀਂ ਚਲੀ ਗਈ। ਉਹ ਦੇਵਰਾਣੀ ਰੀਨਾਦੇ ਘਰ ਗਈ ਪਰ ਨੰਦਿਨੀ ਉਥੇਵੀ ਨਹੀਂ ਸੀ।

ਨੰਦਿਨੀ ਦੇ ਇਸ ਤਰ੍ਹਾਂ ਗਾਇਬ ਹੋਣ ਕਾਰਨ ਰੀਨਾ ਵੀ ਪ੍ਰੇਸ਼ਾਨ ਹੋ ਗਈ। ਉਹ ਜਿਸ ਹਾਲਤ ਵਿਚ ਸੀ, ਉਸੇ ਹਾਲਤ ਵਿਚ ਸਰਿਤਾ ਦੇ ਨਾਲ ਨੰਦਿਨੀ ਦੀ ਭਾਲ ਵਿਚ ਨਿਕਲ ਪਈ।ਸਰਿਤਾ ਅਤੇ ਉਸ ਦੀ ਦੇਵਰਾਣੀ ਰੀਨਾ ਇਕੱਲੀ ਹੀ ਸੀ। ਦੋਵਾਂ ਦੇ ਹੀ ਪਤੀ ਵਿਦੇਸ਼ ਵਿਚ ਰਹਿੰਦੇ ਸਨ, ਕੋਈ ਮਰਦ ਨਾ ਹੋਣ ਕਾਰਨ ਨੰਦਿਨੀ ਨੂੰ ਲੈ ਕੇ ਦੋਵੇਂ ਕੁਝ ਜ਼ਿਆਦਾ ਹੀ ਪ੍ਰੇਸ਼ਾਨ ਸਨ।

ਹੌਲੀ-ਹੌਲੀ ਨੰਦਿਨੀ ਦੇ ਗਾਇਬ ਹੋਣ ਦੀ ਗੱਲ ਪਿੰਡ ਵਾਲਿਆਂ ਨੂੰ ਪਤਾ ਲੱਗੀ ਤਾਂ ਲੱਗੀ ਤਾਂ ਸਰਿਤਾ ਨਾਲ ਹਮਦਰਦੀ ਰੱਖਣਵਾਲੇ ਉਸ ਦੇ ਨਾਲ ਨੰਦਿਨੀ ਦੀ ਭਾਲ ਵਿਚ ਲੱਗ ਗਏ। ਬੇਟੀ ਦੇ ਨਾ ਮਿਲਣ ਕਾਰਨ ਸਰਿਤਾ ਕਾਫੀ ਪ੍ਰੇਸ਼ਾਨ ਸੀ।

ਬੇਟੀ ਨੂੰ ਲੱਭਦੀ ਹੋਈ ਉਹ ਇਕੱਲੀ ਹੀ ਪਿੰਡ ਤੋਂ ਕਰੀਬ 3 ਕਿਲੋਮੀਟਰ ਦੂਰ ਕੁਆਵਲ ਨਦੀ ਤੇ ਬਣੇ ਪੁਲ 'ਤੇ ਪਹੁੰਚੀ ਤਾਂ ਉਥੋਂ ਨਦੀ ਦੇ ਕਿਨਾਰੇ ਇਕ ਜਗ੍ਹਾ 'ਤੇ ਭੀੜ ਲੱਗੀ ਦਿਖਾਈ ਦਿੱਤੀ। ਉਤਸੁਕਤਾ ਵੱਸ ਸਰਿਤਾ ਉਥੇ ਪਹੁੰਚੀ ਤਾਂ ਨਦੀ ਦੇ ਰੇਤ ਤੇ ਉਸਨੂੰ ਇਕ ਬੱਚੀ ਦੀ ਅਰਧ ਨਗਨ ਲਾਸ਼ ਦਿਖਾਈ ਦਿੱਤੀ। ਸਰਿਤਾ ਦਾ ਕਲੇਜਾ ਧੜਕ ਪਿਆ ਕਿਉਂਕਿ ਉਹ ਲਾਸ਼ ਉਸ ਦੀ ਲੜਕੀ ਨੰਦਿਨੀ ਦੀ ਸੀ।

ਬੇਟੀ ਦੀ ਲਾਸ਼ ਦੇਖਕੇ ਉਹ ਚੀਖ-ਚੀਖ ਕੇ ਰੋਣ ਲੱਗੀ। ਉਸ ਦੇ ਇਸ ਤਰ੍ਹਾਂ ਰੋਣ ਨਾਲ ਉਥੇ ਇਕੱਠੇ ਲੋਕਾਂ ਨੂੰ ਸਮਝਦੇ ਦੇਰ ਨਾ ਲੱਗੀ ਕਿ ਲਾਸ਼ ਇਸਦੀ ਲੜਕੀ ਦੀ ਹੈ। ਥੋੜ੍ਹੀ ਹੀ ਦੇਰ ਵਿਚ ਇਹ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਤਾਂ ਪਿੰਡ ਵਾਲੇ ਘਟਨਾ ਸਥਾਨ ਤੇ ਆ ਗਏ।

ਕਿਸੇ ਨੇ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ। ਪੁਲਿਸ ਵੀ ਆ ਗਈ। ਘਟਨਾ ਸਥਾਨ ਅਤੇ ਲਾਸ਼ ਦੀ ਬਰੀਕੀ ਨਾਲ ਜਾਂਚ ਕੀਤੀ ਗਈ। ਲਾਸ਼ ਅਤੇ ਘਟਨਾ ਸਥਾਨ ਦੀ ਸਥਿਤੀ ਦੇਖ ਕੇ ਇਹੀ ਲੱਗ ਰਿਹਾ ਸੀ ਕਿ ਹੱਤਿਆ ਕਿਤੇ ਹੋਰ ਕਰਕੇ ਲਾਸ਼ ਉਥੇ ਸੁੱਟੀ ਗਈ ਸੀ। ਪੁਲਿਸ ਨੇ ਘਟਨਾ ਸਥਾਨ ਦੀ ਕਾਰਵਾਈ ਨਿਪਟਾ ਕੇ ਲਾਸ਼ ਨੂੰ ਪੋਸਟ ਮਾਰਟਮ ਦੇ ਲਈ ਬਾਬਾ ਰਾਘਵਦਾਸ ਮੈਡੀਕਲ ਕਾਲਜ ਭਿਜਵਾ ਦਿੱਤਾ।

ਪੁਲਿਸ ਦੀ ਸ਼ੁਰੂਆਤੀ ਜਾਂਚ ਵਿਚ ਪਤਾ ਲੱਗਿਆ ਕਿ ਜਮੀਨ ਸਬੰਧੀ ਪਿੰਡ ਦੇ ਹੀ ਚਾਂਦਬਲੀਅਤੇ ਉਹਨਾਂ ਦੇ ਬੇਟੇ ਦੁਰਵਾਸਾ ਨਾਲ ਸਰਿਤਾ ਦੀ ਰੰਜਿਸ਼ ਸੀ। ਸਰਿਤਾ ਨੇ ਉਹਨਾਂ ਤੇ ਸ਼ੰਕਾ ਵੀ ਪ੍ਰਗਟ ਕੀਤੀ। ਸੂਚਨਾ ਪ੍ਰਾਪਤ ਹੋਣ ਤੇ ਵਿਦੇਸ਼ ਵਿਚ ਰਹਿ ਰਿਹਾ ਸਰਿਤਾ ਦਾ ਪਤੀ ਦਿਨੇਸ਼ ਕੁਮਾਰ ਵੀ ਆ ਗਿਆ। ਉਸ ਨੇ ਲੜਕੀ ਦੀ ਹੱਤਿਆ ਦੇ ਲਈ ਚਾਂਦਬਲੀ ਅਤੇ ਦੁਰਵਾਸਾ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਉਹਨਾਂ ਦੇ ਖਿਲਾਫ ਰਿਪੋਰਟ ਕਰ ਦਿੱਤੀ। ਦਿਨੇਸ਼ ਦੀ ਰਿਪੋਰਟ ਤੇ ਪੁਲਿਸ ਨੇ ਦੋਵੇਂ ਪਿਓ-ਪੁੱਤਰ ਨੂੰ ਗ੍ਰਿਫਤਾਰ ਕਰ ਲਿਆ।

ਪੁਲਿਸ ਨੇ ਚਾਂਦਬਲੀ ਅਤੇ ਉਸ ਦੇ ਬੇਟੇ ਦੁਰਵਾਸਾ ਤੋਂ ਨੰਦਨੀ ਦੀ ਹੱਤਿਆ ਬਾਰੇ ਸਖਤੀ ਨਾਲ ਪੁੱਛਗਿੱਛ ਕੀਤੀ ਪਰ ਉਹ ਖੁਦ ਨੂੰ ਨਿਰਦੋਸ਼ ਦੱਸਦੇ ਰਹੇ, ਜਦੋਂ ਨੰਦਿਨੀ ਦੀ ਪੋਸਟ ਮਾਰਟਮ ਰਿਪੋਰਟ ਆਈ ਤਾਂ ਸਾਰੀ ਕਹਾਣੀ ਬਦਲ ਗਈ। ਜਿਸ ਚਾਂਦਬਲੀ ਅਤੇ ਉਸ ਦੇ ਲੜਕੇ ਨੂੰ ਪੁਲਿਸ ਨੇ ਜਮੀਨ ਦੇ ਵਿਵਾਦ ਕਾਰਨ ਨੰਦਿਨੀ ਦੀ ਹੱਤਿਆ ਦਾ ਦੋਸ਼ੀ ਮੰਨ ਲਿਆ ਸੀ, ਉਹ ਗਲਤ ਨਿਕਲਿਆ। ਪੋਸਟ ਮਾਰਟਮ ਰਿਪੋਰਟ ਮੁਤਾਬਕ ਹੱਤਿਆ ਤੋਂ ਪਹਿਲਾਂ ਨੰਦਿਨੀ ਨਾਲ ਬਲਾਤਕਾਰ ਵੀ ਕੀਤਾ ਗਿਆ। ਚਾਂਦਬਲੀ ਅਤੇ ਦੁਰਵਾਸ਼ਾ ਅਜਿਹਾ ਨਹੀਂ ਕਰ ਸਕਦੇ ਸਨ। ਇਹ ਪੁਲਿਸ ਹੀ ਨਹੀਂ, ਨੰਦਨੀ ਦੇ ਘਰ ਵਾਲੇ ਵੀ ਮੰਨ ਰਹੇ ਸਨ। ਜਦੋਂ ਬਾਪ-ਬੇਟਾ ਇਸ ਮਾਮਲੇ ਵਿਚ ਨਿਰਦੋਸ਼ ਪਾਏ ਗਏ ਤਾਂ ਪੁਲਿਸ ਨੇ ਉਹਨਾਂ ਨੂੰ ਹਦਾਇਤ ਦੇ ਕੇ ਛੱਡ ਦਿੱਤਾ ਤੇ ਇਸ ਮਾਮਲੇ ਵਿਚ ਨਵੇਂ ਸਿਰੇ ਤੋਂ ਜਾਂਚ ਆਰੰਭ ਕਰ ਦਿੱਤੀ।

ਪੁਲਿਸ ਨੇ ਮੁਖਬਰਾਂ ਦੀ ਮਦਦ ਲਈ। ਘਟਨਾ ਦੇ 12 ਦਿਨਾਂ ਬਾਅਦ 12 ਮਾਰਚ, 2017 ਨੂੰ ਇਕ ਮੁਖਬਰ ਨੇ ਪੁਲਿਸ ਨੂੰ ਸੂਚਨਾ ਦਿੱਤੀ ਕਿ ਪਿੰਡ ਦਾ ਹੀ 22 ਸਾਲ ਦਾ ਗੋਰਖਪ੍ਰਸਾਦ ਇੱਧਰ ਕੁਝ ਦਿਨਾਂ ਤੋਂ ਸੈਕਸ ਸਮਰੱਥਾ ਵਧਾਉਣ ਵਾਲੀਆਂ ਦਵਾਈਆਂ ਖਾ ਰਿਹਾ ਸੀ। ਡੇਢ ਸਾਲ ਪਹਿਲਾਂ ਉਸ ਦੀ ਪਤਨੀ ਉਸਨੂੰ ਛੱਡ ਕੇ ਪੇਕੇ ਚਲੀ ਗਈ ਸੀ। ਮੁਖਬਰ ਦੀ ਸਿ ਗੱਲ ਤੋਂ ਪੁਲਿਸ ਨੂੰ ਲੱਗਿਆ ਕਿ ਕਿਤੇ ਗੋਰਖ ਪ੍ਰਸਾਦ ਨੇ ਹੀ ਮਾਸੂਮ ਨੰਦਨੀ ਨਾਲ ਬਲਾਤਕਾਰ ਨਾਂ ਕੀਤਾ ਹੋਵੇ ਅਤੇ ਪਛਾਣੇ ਜਾਣ ਦੇ ਡਰ ਕਾਰਨ ਉਸ ਦੀ ਹੰਤਿਆ ਕਰ ਦਿੱਤੀ ਹੋਵੇ।

ਪੁਲਿਸ ਨੇ ਗੋਰਖ ਪ੍ਰਸਾਦ ਨੂੰ ਪਕੜ ਲਿਆ। ਥਾਣੇ ਵਿਚ ਜਦੋਂ ਉਸ ਤੋਂ ਸਖਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਉਸ ਨੇ ਮਾਸੂਮ ਨੰਦਨੀ ਦੇ ਨਾਲ ਬਲਾਤਕਾਰ ਕਰਕੇ ਹੱਤਿਆ ਦੀ ਗੱਲ ਸਵੀਕਾਰ ਕਰ ਲਈ। ਉਸ ਨੇ ਵਜ੍ਹਾ ਦੱਸੀ ਕਿ ਨੰਦਨੀ ਦੀ ਚਾਚੀ ਰੀਨਾ ਨੇ ਉਸਨੂੰ ਧੋਖਾ ਦਿੱਤਾ ਸੀ, ਇਸ ਕਰਕੇ ਉਸ ਨੇ ਬਦਲਾ ਲੈਣ ਲਈ ਇਹ ਸਭ ਕੀਤਾ ਹੈ।

ਨੰਦਨੀ ਦੀ ਚਾਚੀ ਨੇ ਕੀ ਧੋਖਾ ਕੀਤਾ ?

ਉਹ ਮੈਨੂੰ ਪਿਆਰ ਕਰਦੀ ਸੀ ਪਰ ਇੱਧਰ ਉਹ ਮੇਰੇ ਤੇ ਨਜ਼ਰ ਰੱਖਦੀ ਸੀ, ਜਦਕਿ ਉਸਦੀ ਵਜ੍ਹਾ ਕਾਰਨ ਮੇਰੀ ਪਤਨੀ ਘਰ ਛੱਡ ਕੇ ਚਲੀ ਗਈ। ਹੁਣ ਉਹ ਕਿਸੇ ਹੋਰ ਨਾਲ ਪਿਆਰ ਕਰਨ ਲੱਗੀ ਸੀ। ਪੁਲਿਸ ਉਸ ਨੂੰ ਉਸ ਥਾਂ ਲੈ ਗਈ, ਜਿੱਥੇ ਉਸ ਨੇ ਇਹ ਸਭ ਕੀਤਾ। ਘਟਨਾ ਸਥਾਨ ਤੋਂ ਪੁਲਿਸ ਨੇ ਮ੍ਰਿਤਕਾ ਨੰਦਨੀ ਦੇ ਕੱਪੜੇ ਬਰਾਮਦ ਕੀਤੇ। ਇਸ ਤੋਂ ਬਾਅਦ ਰੋਜਨਾਮਚੇ ਤੋਂ ਚਾਂਦਬਲੀ ਅਤੇ ਦੁਰਵਾਸ਼ਾਂ ਦਾ ਨਾਂ ਹਟਾ ਕੇ ਗੋਰਖ ਪ੍ਰਸਾਦ ਨੂੰ ਦੋਸ਼ੀ ਬਣਾ ਕੇ ਉਸ ਦਿਨ ਅਦਾਲਤ ਵਿਚ ਪੇਸ਼ ਕੀਤੀ ਅਤੇ ਜੇਲ੍ਹ ਭੇਜ ਦਿੱਤਾ।

22 ਸਾਲ ਦਾ ਗੋਰਖ ਪ੍ਰਸਾਦ ਜ਼ਿਲ੍ਹਾ ਗੋਰਖਪੁਰ ਦੇ ਥਾਣਾ ਹਰਪੁਰਬੁਦਹਟ ਦਾ ਰਹਿਣ ਵਾਲਾ ਸੀ। 2 ਭਾਈ-ਭੈਣਾਂ ਵਿਚ ਉਹ ਸਭ ਤੋਂ ਵੱਡਾ ਸੀ। ਉਸ ਦਾ ਪਿਤਾ ਖੇਤੀ ਕਰਦਾ ਸੀ। ਇੰਟਰ ਤੱਕ ਪੜ੍ਹਿਆ ਗੋਰਖ ਪ੍ਰਸਾਦ ਛੋਟਾ-ਮੋਟਾ ਕੰਮ ਕਰਦਾ ਸੀ। ਉਸ ਦੇ ਘਰ ਤੋਂ ਥੋੜ੍ਹੀ ਦੂਰੀ ਤੇ ਰੀਨਾ ਦਾ ਘਰ ਸੀ। ਪੜੌਸੀ ਹੋਣ ਦੇ ਨਾਤੇ ਰੀਨਾ ਦੇ ਪਤੀ ਵਿਨੋਦ ਨਾਲ ਉਸਦੀ ਖੂਬ ਬਣਦੀ ਸੀ। ਰਿਸ਼ਤੇ ਵਿਚ ਉਹ ਗੋਰਖ ਪ੍ਰਸਾਦ ਦਾ ਚਾਚਾ ਲੱਗਦਾ ਸੀ।

ਵਿਨੋਦ ਵੱਡੇ ਭਰਾ ਦਿਨੇਸ਼ ਨਾਲ ਵਿਦੇਸ਼ ਕਮਾਉਣ ਚਲਿਆ ਗਿਆ ਤਾਂ ਘਰ ਵਿਚ ਰੀਨਾ ਇਕੱਲੀ ਰਹਿ ਗਈ। ਜੇਠਾਣੀ ਸਰਿਤਾ ਵੀ ਲੜਕੀ ਨਾਲ ਰਹਿੰਦੀ ਸੀ। ਰੀਨਾ ਦਾ ਕੋਈ ਬੱਚਾ ਨਹੀਂ ਸੀ। ਦੋਵੇਂ ਭਰਾਵਾਂ ਵਿਚਕਾਰ ਨੰਦਨੀ ਇਕੱਲੀ ਬੇਟੀ ਸੀ। ਇਸ ਕਰਕੇ ਉਹ ਪੂਰੇ ਪਰਿਵਾਰ ਦੀ ਪਿਆਰੀ ਸੀ। ਵਿਨੋਦ ਦੇ ਵਿਦੇਸ਼ ਚਲੇ ਜਾਣ ਤੋਂ ਬਾਅਦ ਵੀ ਗੋਰਖਪ੍ਰਸਾਦ ਉਸ ਦੇ ਘਰ ਆਉਂਦਾ ਜਾਦਾ ਰਿਹਾ। ਇਸੇ ਆਉਣ-ਜਾਣ ਵਿਚ ਉਸ ਦੀ ਨਜ਼ਰ ਰੀਨਾ ਤੇ ਜਮ ਗਈ। ਅਣਵਿਆਹਿਆ ਗੋਰਖ ਪ੍ਰਸਾਦ ਨੂੰ ਲੱਗਿਆ ਕਿ ਰੀਨਾ ਦਾ ਪਤੀ ਬਾਹਰ ਰਹਿੰਦਾ ਹੈ, ਜੇਕਰ ਕੋਸ਼ਿਸ਼ ਕੀਤੀ ਜਾਵੇ ਤਾਂ ਉਸ ਨੂੰ ਵੱਸ ਵਿਚ ਕੀਤਾ ਜਾ ਸਕਦਾ ਹੈ।

ਬੱਸ ਫਿਰ ਕੀ ਸੀ, ਉਹ ਰੀਨਾ ਨੂੰ ਚਾਹਤ ਭਰੀਆਂ ਨਜ਼ਰਾਂ ਨਾਲ ਦੇਖਣ ਲੱਗਿਆ। ਜਲਦੀ ਹੀ ਰੀਨਾ ਉਸ ਦੇ ਮਨ ਦੀ ਗੱਲ ਵੀ ਤਾੜ ਗਈ। ਰੀਨਾ ਵੀ ਪੁਰਸ਼ ਸੁਖ ਤੋਂ ਵਾਂਝੀ ਸੀ, ਇਯ ਕਰਕੇ ਉਸ ਨੇ ਗੋਰਖ ਪ੍ਰਸਾਦ ਵੱਲ ਦੇਖਣਾ ਆਰੰਭ ਕਰ ਦਿੱਤਾ। ਇਕ ਦਿਨ ਦੁਪਹਿਰੇ ਗੋਰਖ ਪ੍ਰਸਾਦ ਰੀਨਾ ਦੇ ਘਰ ਪਹੁੰਚਿਆ ਤਾਂ ਸਰਿਤਾ ਲੜਕੀ ਨੂੰ ਕਿਤੇ ਲੈ ਕੇ ਗਈ ਹੋਈ ਸੀ। ਘਰ ਵਿਚ ਰੀਨਾ ਇਕੱਲੀ ਸੀ। ਉਸਨੂੰ ਦੇਖਦੇ ਹੀ ਰੀਨਾ ਨੇ ਮੁਸਕਰਾਉਂਦੇ ਕਿਹਾ, ਆਓ ਬੈਠੋ ?

ਉਸ ਦਿਨ ਦੋਵਾਂ ਦੇ ਨਜਾਇਜ਼ ਸਬੰਧ ਬਣ ਗਏ। ਇਯ ਤੋਂ ਬਾਅਦ ਤਾਂ ਰਿਸ਼ਤਿਆਂ ਦੇ ਬਾਰੇ ਨਾ ਰੀਨਾ ਨੇ ਸੋਚਿਆ ਅਤੇ ਨਾ ਗੋਰਖ ਪ੍ਰਸਾਦ ਨੇ। ਰਿਸ਼ਤਿਆ ਨੂੰ ਤਾਰ ਤਾਰ ਕਰਨ ਤੋਂ ਬਾਅਦ ਦੋਵਾਂ ਨੂੰ ਕੋਈ ਪਛਤਾਵਾ ਨਹੀਂ ਸੀ, ਜਦਕਿ ਦੋਵੇਂ ਚਾਚੀ-ਭਤੀਜੇ ਤਾਂ ਸਨ ਹੀ, ਉਮਰ ਵਿਚ ਵੀ 8 ਸਾਲ ਦਾ ਅੰਤਰ ਸੀ। ਇਕ ਵਾਰ ਮਰਿਆਦਾ ਟੁੱਟੀ ਤਾਂ ਸਿਲਸਿਲਾ ਚੱਲ ਪਿਆ। ਜਦੋਂ ਦੋਵਾਂ ਨੂੰ ਮੌਕਾ ਮਿਲਦਾ, ਜਿਸਮ ਦੀ ਭੁੱਖ ਮਿਟਾਂ ਲੈਂਦੇ ਸਨ।

ਗੋਰਖ ਪ੍ਰਸਾਦ ਨੇ ਵਾਅਦਾ ਕੀਤਾ ਕਿ ਉਹ ਉਸ ਦਾ ਹੀ ਹੋ ਕੇ ਰਹੇਗਾ ਪਰ ਉਸ ਨੇ ਰੀਨਾ ਨੂੰ ਦੱਸੇ ਬਿਨਾਂ ਵਿਆਹ ਕਰ ਲਿਆ। ਰੀਨਾ ਨੂੰ ਪਤਾ ਤਾਂ ਉਦੋਂ ਲੱਗਿਆ ਜਦੋਂ ਉਸ ਦਾ ਵਿਆਹ ਤਹਿ ਹੋ ਗਿਆ। ਪਰ ਵਿਆਹ ਹੋਣ ਤੱਕ ਗੋਰਖ ਪ੍ਰਸਾਦ ਮੂੰਹ ਲੁਕਾਈ ਰਿਹਾ। ਪ੍ਰੇਮੀ ਦੀ ਇਸ ਬੇਵਫਾਈ ਤੋਂ ਪ੍ਰੇਸ਼ਾਨ ਰੀਨਾ ਨੇ ਵੀ ਤਹਿ ਕਰ ਲਿਆ ਸੀ ਕਿ ਗੋਰਖ ਪ੍ਰਸਾਦ ਤੋਂ ਅਜਿਹਾ ਬਦਲਾ ਲਵੇਗੀ ਕਿ ਉਹ ਸੋਚ ਵੀ ਨਹੀਂ ਸਕਦਾ।

ਉਸ ਨੇ ਕੁਝ ਅਜਿਹਾ ਕੀਤਾ ਵੀ, ਉਸੇ ਦੇ ਕਾਰਨ ਵਿਆਹ ਦੇ ਇਕ ਹਫਤੇ ਬਾਅਦ ਹੀ ਗੋਰਖ ਪ੍ਰਸਾਦ ਦੀ ਪਤਨੀ ਉਸਨੂੰ ਛੱਡ ਕੇ ਚਲੀ ਗਈ। ਉਸ ਨੇ ਦੋਸ਼ ਲਗਾਇਆ ਕਿ ਉਸ ਦਾ ਪਤੀ ਨਾਮਰਦ ਹੈ, ਉਹ ਉਸ ਨੂੰ ਸੰਤੁਸ਼ਟ ਨਹੀਂ ਕਰ ਪਾਉਂਦਾ। ਇਸ ਤਰ੍ਹਾਂ ਰੀਨਾ ਨੇ ਪ੍ਰੇਮੀ ਤੋਂ ਉਸ ਦੀ ਬੇਵਫਾਈ ਦਾ ਬਦਲਾ ਲੈ ਲਿਆ, ਜਦਕਿ ਰੀਨਾ ਨੇ ਉਸ ਨੂੰ ਆਪਣੇ ਸਬੰਧਾਂ ਬਾਰੇ ਦੱਸ ਦਿੱਤਾ ਸੀ।

ਗੋਰਖ ਪ੍ਰਸਾਦ ਦੀ ਪਤਨੀ ਨੇ ਉਸ ਤੇ ਜੋ ਦੋਸ਼ ਲਗਾਇਆ ਸੀ, ਉਸ ਕਾਰਨ ਪਿੰਡ ਵਿਚ ਗੋਰਖ ਪ੍ਰਸਾਦ ਦੀ ਖੂਬ ਬਦਨਾਮੀ ਹੋਈ। ਪਿੰਡ ਵਾਲਿਆਂ ਦੇ ਸਾਹਮਣੇ ਨਿਕਲਣ ਵਿਚ ਉਸਨੂੰ ਸ਼ਰਮਿੰਦਗੀ ਮਹਿਸੂਸ ਹੋਣ ਲੱਗੀ। ਪਤਨੀ ਛੱਡ ਕੇ ਚਲੀ ਗਈ ਤਾਂ ਗੋਰਖ ਪ੍ਰਸਾਦ ਰੀਨਾ ਦੇ ਘਰ ਦੇ ਚੱਕਰ ਲਗਾਉਣ ਲੱਗਿਆ। ਰੀਨਾ ਨੇ ਉਸਨੂੰ ਪਿਆਰ ਤਾਂ ਦਿੱਤਾ ਪਰ ਹੁਣ ਪਹਿਲਾਂ ਵਾਲੀ ਗੱਲ ਨਹੀਂ ਰਹੀ। ਸ਼ਾਇਦ ਉਹ ਉਸ ਦੀ ਬੇਵਫਾਈ ਨੂੰ ਭੁੱਲ ਨਹੀਂ ਸਕੀ ਸੀ। ਗੋਰਖ ਪ੍ਰਸਾਦ ਦੀ ਇਸ ਬੇਵਫਾਈ ਤੋਂ ਨਰਾਜ ਰੀਨਾ ਨੇ ਕਿਸੇ ਹੋਰ ਨਾਲ ਸਬੰਧ ਬਣਾ ਲਏ ਸਨ। ਇਸ ਕਰਕੇ ਉਹ ਗੋਰਖ ਪ੍ਰਸਾਦ ਨੂੰ ਪਹਿਲਾਂ ਵਰਗਾ ਪਿਆਰ ਨਹੀਂ ਦੇ ਰਿਹਾ ਸੀ। ਰੀਨਾ ਉਸ ਨੂੰ ਖਟਕਦੀ ਸੀ। ਰੀਨਾ ਦਾ ਇਹ ਵਿਵਹਾਰ ਗੋਰਖ ਪ੍ਰਸਾਦ ਨੂੰ ਅੱਖੜਨ ਲੱਗਾ। ਇਸ ਤੋਂ ਉਸ ਨੂੰ ਲੱਗਿਆ ਕਿ ਪਤਨੀਨੇ ਉਸ ਤੇ ਜੋ ਦੋਸ਼ ਲਗਾਇਆ ਸੀ, ਉਹ ਸੱਚ ਹੈ, ਰੀਨਾ ਵੀ ਉਸ ਦੀ ਨਾਮਰਦੀ ਦੇ ਕਾਰਨ ਉਸਨੂੰ ਪਹਿਲਾਂ ਵਰਗਾ ਪਿਆਰ ਨਹੀਂ ਦੇ ਰਹੀ ਹੈ।

ਇਹੀ ਸੋਚ ਕੇ ਗੋਰਖ ਪ੍ਰਸਾਦ ਮਰਦਾਨਗੀ ਵਧਾਉਣ ਦੇ ਲਈ ਨੌਸੜ ਦੇ ਇਕ ਵੈਦ ਤੋਂ ਇਲਾਜ ਕਰਵਾਉਣ ਲੱਗਿਆ। 6 ਮਹੀਨੇ ਤੱਕ ਇਲਾਜ ਕਰਵਾਉਣ ਨਾਲ ਉਹ ਖੁਦ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਸਿਹਤਮੰਦ ਮਹਿਸੂਸ ਕਰਨ ਲੱਗਿਆ ਸੀ।

27 ਫਰਵਰੀ 2017 ਦੀ ਰਾਤ ਪਿੰਡ ਵਿਚ ਇਕ ਬਰਾਤ ਆਈ। ਬਰਾਤ ਦੇ ਨਾਲ ਆਰਕੈਸਟਰਾ ਵੀ ਸੀ। ਘਰ ਤੋਂ ਨਿਕਲਣ ਤੋਂ ਪਹਿਲਾਂ ਗੋਰਖ ਪ੍ਰਸਾਦ ਨੇ ਸੈਕਸ ਸਮਰੱਥਾ ਵਧਾਉਣ ਵਾਲੀ ਦਵਾਈ ਖਾਲਈ ਅਤੇ ਆਰਕੈਸਟਰਾ ਦੇਖਣ ਚਲਾ ਗਿਆ। ਦਵਾਈ ਨੇ ਆਪਣਾ ਅਸਰ ਦਿਖਾਇਆ ਤਾਂ ਉਸ ਨੂੰ ਰੀਨਾ ਦੀ ਯਾਦ ਆਈ। ਉਸ ਦੇ ਜਿਸਮ ਵਿਚ ਸਰੀਰਕ ਸੁਖ ਦਾ ਕੀੜਾ ਫੈਲਣ ਲੱਗਿਆ ਤਾਂ ਉਹ ਰੀਨਾ ਦੇ ਘਰ ਜਾ ਪਹੁੰਚਿਆ।

ਉਸ ਵਕਤ ਰਾਤ ਦੇ 12 ਵਜੇ ਸਨ। ਡੂੰਘੀ ਨੀਂਦ ਸੁੱਤੀ ਰੀਨਾ ਦੇ ਜਿਸਮ ਤੇ ਗੋਰਖ ਪ੍ਰਸਾਦ ਨੇ ਹੱਥ ਫੇਰਿਆ ਤਾਂ ਰੀਨਾ ਹੈਰਾਨ ਹੋ ਗਈ। ਗੋਰਖ ਪ੍ਰਸਾਦ ਨੂੰ ਦੇਖ ਕੇ ਉਸ ਨੇ ਕਿਹਾ, ਕੀ ਕਰਨ ਆਇਆ ਹੈਂ ? ਉਸਨੇ ਆਪਣਾ ਇੱਛਾ ਦੱਸੀ। ਪਰ ਰੀਨਾ ਨੇ ਘੂਰ ਕੇ ਭਜਾ ਦਿੱਤਾ। ਉਸੇ ਵਕਤ ਗੋਰਖ ਪ੍ਰਸਾਦ ਨੂੰ ਰੀਨਾ ਦੀ ਜੇਠਾਣੀ ਸਰਿਤਾ ਬਰਾਂਡੇ ਵਿਚ ਆਪਣੀ ਮਾਸੂਮ ਲੜਕੀ ਨੰਦਿਨੀ ਦੇ ਨਾਲ ਸੁੱਤੀ ਦਿਖਾਈ ਦਿੱਤੀ। ਨੰਦਿਨੀ ਨੂੰ ਦੇਖ ਕੇ ਉਸਦੀ ਨੀਅਤ ਖਰਾਬ ਹੋ ਗਈ ਅਤੇ ਰੀਨਾ ਦੀ ਬੇਵਫਾਈ ਵੀ ਯਾਦ ਆ ਗਈ। ਉਸ ਨੇ ਬਦਲੇ ਲੈਣ ਲਈ ਦੱਬੇ ਪੈਰ ਸਰਿਤਾ ਦੇ ਨੇੜਿਉਂ ਸੁੱਤੀ ਪਈ ਨੰਦਿਨੀ ਨੂੰ ਚੁੱਕ ਲਿਆ ਅਤੇ ਬਾਗ ਵਿਚ ਚਲਿਆ ਗਿਆ। ਬਾਗ ਵਿਚ ਪਹੁੰਚ ਕੇ ਨੰਦਿਨੀ ਦੀ ਅੱਖ ਖੁੱਲ੍ਹੀ ਤਾਂ ਉਹ ਰੋਣ ਲੱਗੀ। ਗੋਰਖ ਪ੍ਰਸਾਦ ਪੂਰੀ ਤਰ੍ਹਾਂ ਹੈਵਾਨ ਬਣ ਚੁੱਕਾ ਸੀ। ਉਸ ਨੇ ਨੰਦਿਨੀ ਦੇ ਕੱਪੜੇ ਉਤਾਰ ਦਿੱਤੇ ਅਤੇ ਉਸਦਾ ਮੂੰਹ ਦਬਾਅ ਦਿੱਤਾ ਤਾਂ ਉਹ ਬੇਹੋਸ਼ ਹੋ ਗਈ। ਉਸ ਦੀ ਕੁੱਟਮਾਰ ਵੀ ਕੀਤੀ। ਜਦੋਂ ਉਸ ਦੇ ਜਿਸਮ ਦੀ ਅੱਗ ਠੰਡੀ ਪਈ ਤਾਂ ਉਸ ਨੇ ਦੇਖਿਆ ਕਿ ਬੱਚੀ ਮਰ ਚੁੱਕੀ ਸੀ। ਉਸਨੇ ਸੋਚਿਆ ਕਿ ਜੇਕਰ ਨੰਦਿਨੀ ਦੀ ਲਾਸ਼ ਇੱਥੇ ਛੱਡ ਦਿੱਤੀ ਤਾਂ ਉਹ ਪਕੜਿਆ ਜਾਵੇਗਾ। ਇਸ ਕਰਕੇ ਉਸ ਨੇ ਨੰਦਿਨੀ ਦੀ ਲਾਸ਼ ਮੋਢੇ ਤੇ ਰੱਖੀ ਅਤੇ ਪਿੰਡ ਤੋਂ ਤਿੰਨ ਕਿਲੋਮੀਟਰ ਦੂਰ ਲਿਜਾ ਕੇਕੁਆਵਲ ਨਦੀ ਵਿਚ ਸੁੱਟ ਕੇ ਵਾਪਸ ਆ ਗਿਆ।

ਰੀਨਾ ਦਾ ਕੋਈ ਦੋਸ਼ ਨਹੀਂ ਸੀ, ਇਸ ਕਰਕੇ ਪੁਲਿਸ ਨੇ ਉਸ ਖਿਲਾਫ ਕਾਰਵਾਈ ਨਹੀਂ ਕੀਤੀ। ਕਹਾਣੀ ਲਿਖੇ ਜਾਣ ਤੱਕ ਗੋਰਖ ਪ੍ਰਸਾਦ ਜੇਲ੍ਹ ਵਿਚ ਬੰਦ ਸੀ।

## ਹਾਰਟ ਬਲਾਕੇਜ਼ ਤੋਂ ਬਚਾਉਣਗੀਆਂ ਆਸਾਨੀ ਨਾਲ ਮਿਲਣ ਵਾਲੀਆਂ ਇਹ 8 ਚੀਜ਼ਾਂ

ਹਾਰਟ ਦੇ ਇਲੈਕਟ੍ਰੀਕਲ ਸਿਸਟਮ ਵਿਚ ਹੋਣ ਵਾਲੇ ਬਲਾਕੇਜ਼ ਨੂੰ ਹਾਰਟ ਬਲਾਕੇਜ਼ ਕਹਿੰਦੇ ਹਨ।ਇਹ ਸਿਸਟਮ ਹਾਰਟ ਬੀਟ ਰੇਟ ਅਤੇ ਰਿਦਮ ਤਹਿ ਕਰਦਾ ਹੈ। ਹਰ ਹਾਰਟ ਬੀਟ ਦੇ ਨਾਲ ਇਕ ਇਲੈਕਟ੍ਰੀਕਲ ਸਿਗਨਲ ਜਾਂਦਾ ਹੈ ਜੋ ਉਪਰ ਤੋਂ ਲੈ ਕੇ ਹੇਠਾਂ ਤੱਕ ਪੂਰੇ ਸਰੀਰ ਵਿਚ ਖੂਨ ਦੀ ਸਪਲਾਇ. ਕਰਦਾ ਹੈ। ਜੇਕਰ ਇਹ ਇਲੈਕਟ੍ਰੀਕਲਸਿਗਨਲ ਸਲੋਅ ਜਾਂ ਕਿਸੇ ਕਾਰਨ ਰੁਕ ਜਾਂਦਾ ਹੈ ਤਾਂ ਹਾਰਝ ਬਲਾਕੇਜ਼ ਦੀ ਕੰਡੀਸ਼ਨ ਬਣਦੀ ਹੈ।

ਹਾਰਟ ਬਲਾਕੇਜ਼ ਤੋਂ ਬਚਣ ਦੇ ਲਈ ਸਰੀਰਕ ਕਸਰਤ ਤਾਂ ਜ਼ਰੂਰੀ ਹੈ ਹੀ ਨਾਲ ਹੀ ਸਾਡੀ ਡਾਇਟ ਵਿਚ ਅਜਿਹੀਆਂ ਚੀਜ਼ਾਂ ਨੂੰ ਸ਼ਾਮਲ ਕਰਨਾ ਜ਼ਰੂਰੀ ਹੈ ਜੋ ਕੋਲੈਸਟ੍ਰਾਲ ਘੱਟ ਕਰਨ।ਅਜਿਹੀਆਂ ਕਈ ਚੀਜ਼ਾਂ ਹਨ ਜੋ ਆਸਾਨੀ ਨਾਲ ਸਾਡੀ ਰਸੋਈ ਵਿਚ ਮੌਜੂਦ ਹੁੰਦੀਆਂ ਹਨ। ਇਹਨਾਂ ਦੀ ਰੋਜ਼ਾਨਾ ਵਰਤੋਂ ਕਰਕੇ ਹਾਰਟ ਬਲਾਕੇਜ਼ ਦੀ ਸਮੱਸਿਆ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।



ਘੀਆ

ਘੀਏ ਨੂੰ ਉਬਾਲ ਲਓ। ਹੁਣ ਇਸ ਵਿਚ ਜੀਰਾ, ਹਲਦੀ ਅਤੇ ਹਰਾ ਧਣੀਆ ਮਿਕਸ ਕਰਕੇ ਖਾਓ। ਅਜਿਹਾ ਹਫਤੇ ਵਿਚ 3 ਜਾਂ 4 ਵਾਰ ਕਰੋ।

ਦੁੱਧ ਅਤੇ ਆਂਵਲਾ

ਰੋਜ਼ਾਨਾ ਇਕ ਗਿਲਾਸ ਦੁੱਧ ਵਿਚ ਅੱਧਾ ਚਮਚਾ ਆਂਵਲਾ ਪਾਊਡਰ ਘੋਲ ਕੇ ਪੀਓ। ਇਸ ਨਾਲ ਹਾਰਟ ਬਲਾਕੇਜ਼ ਦਾ ਸ਼ੰਕਾ ਘੱਟ ਹੁੰਦਾ ਹੈ।

ਲਸਣ

ਰੋਜ਼ ਸਵੇਰੇ ਖਾਲੀ ਪੇਟ ਲਸਣ ਦੀ ਇਕ ਜਾਂ ਦੋ ਕਲੀ ਪਾਣੀ ਨਾਲ ਨਿਗਲ ਜਾਓ। ਇਸ ਵਿਚ ਮੌਜੂਦ ਐਂਟੀਆਕਸੀਡੈਂਟਸ ਕੋਲੈਸਟ੍ਰਾਲ ਘੱਟ ਕਰਦੇ ਹਨ ਅਤੇ ਹਾਰਟ ਬਲਾਕੇਜ਼ ਦਾ ਸ਼ੰਕਾ ਘੱਟ ਕਰਦੇ ਹਨ।

ਨਿੰਬੂ ਪਾਣੀ

ਨਿੰਬੂ ਵਿਚ ਲੋੜੀਂਦੀ ਮਾਤਰਾ ਵਿਚ ਐਂਟੀ ਆਕਸੀਡੈਂਟਸ ਪਾਏ ਜਾਂਦੇ ਹਨ। ਇਹ ਸਰੀਰ ਤੋਂ ਖਰਾਬ ਕੋਲੈਸਟ੍ਰਾਲ ਨੂੰ ਬਾਹਰ ਕੱਢਣ ਵਿਚ ਮਦਦ ਕਰਦੇ ਹਨ। ਇਸ ਨਾਲ ਹਾਰਟ ਬਲਾਕੇਜ਼ ਦਾ ਸ਼ੰਕਾ ਘੱਟ ਹੁੰਦਾ ਹੈ।

ਦਹੀਂ

ਰੋਜ਼ਾਨਾ ਆਪਣੀ ਖੁਰਾਕ ਵਿਚ ਦਹੀਂ ਸ਼ਾਮਲ ਕਰੋ। ਇਹ ਸਰੀਰ ਵਿਚ ਕੋਲੈਸਟ੍ਰਾਲ ਘੱਟ ਕਰਦੀ ਹੈ। ਇਸ ਨਾਲ ਹਾਰਟ ਬਲਾਕੇਜ਼ ਦਾ ਸ਼ੰਕਾ ਬਹੁਤ ਘੱਟ ਹੁੰਦਾ ਹੈ।

ਉੜਦਾਂ ਦੀ ਦਾਲ

ਰਾਤ ਨੂੰ ਉੜਦਾਂ ਦੀ ਦਾਲ 4 ਜਾਂ 4 ਚਮਚੇ ਪਾਣੀ ਵਿਚ ਭਿਉਂ ਕੇ ਰੱਖ ਦਿਓ। ਸਵੇਰੇ ਇਸਨੂੰ ਪੀਹ ਕੇ ਦੁੱਧ ਵਿਚ ਮਿਲਾ ਕੇ ਪੀਓ। ਇਸ ਵਿਚ ਸ਼ੱਕੀ ਵੀ ਮਿਲਾ ਸਕਦੇ ਹੋ।

ਬਦਾਮ ਅਤੇ ਕਾਲੀ ਮਿਰਚ

3 ਬਦਾਮ ਅਤੇ 4 ਕਾਲੀ ਮਿਰਚਾਂ ਦਾ ਪਾਊਡਰ ਬਣਾ ਲਓ। ਇਸ ਵਿਚ ਚੁਟਕੀ ਭਰ ਤੁਲਸੀ ਦਾ ਪਾਊਡਰ ਮਿਲਾ ਕੇ ਰੈਗੂਲਰ ਪਾਣੀ ਦੇ ਨਾਲ ਪੀਓ।

ਗਾਜਰ ਅਤੇ ਸ਼ਹਿਦ

ਹਫਤੇ ਵਿਚ ਦੋ ਜਾਂ ਤਿੰਨ ਵਾਰ ਗਾਜਰ ਦੇ ਜੂਸ ਵਿਚ ਸ਼ਹਿਦ ਮਿਲਾ ਕੇ ਪੀਓ। ਇਸ ਨਾਲ ਕੋਲੈਸਟ੍ਰਾਲ ਘੱਟ ਹੁੰਦਾ ਹੈ ਅਤੇ ਹਾਰਟ ਬਲਾਕੇਜ਼ ਦਾ ਸ਼ੰਕਾ ਘੱਟ ਹੁੰਦਾ ਹੈ।

## ਬੱਚਿਆਂ ਤੇ ਲੱਗੇਗੀ ਫੇਸਬੁੱਕ ਅਤੇ ਟਵਿਟਰ ਵਰਤਣ ਦੀ ਪਾਬੰਦੀ

ਬ੍ਰਿਟੇਨ ਦੇ ਹਾਊਸ ਆਫ ਲਾਰਡਸ ਵਿਚ ਇਸ ਹਫਤੇ ਦੀ ਬਹਿਸ ਜਾਂ ਚਰਚਾ ਦੇ ਲਈ ਸ਼ਾਮਲ ਵਿਸ਼ਿਆਂ ਵਿਚ 13 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਫੇਸਬੁੱਕ ਅਤੇ ਟਵਿਟਰ ਇਸਤੇਮਾਲ ਕਰਨ ਤੇ ਰੋਕ ਲਗਾਉਣ ਦੇ ਮੁੱਦੇ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਸ ਦੇ ਲਈ ਸਰਕਾਰ ਦੇ ਡਾਟਾ ਪ੍ਰੋਟੈਕਸ਼ਨ ਬਿਲ ਵਿਚ ਇਹ ਅਧਿਕਾਰ ਦੇਣ 'ਤੇ ਵਿਚਾਰ ਕੀਤਾ ਜਾਵੇਗਾ ਕਿ ਉਹ ਕਾਨੂੰਨੀ ਤੌਰ ਤੇ ਉਸ ਉਮਰ ਨੂੰ ਨਿਰਧਾਰਿਤ ਕਰਨ, ਜਦੋਂ ਤੋਂ ਬੱਚਿਆਂ ਨੂੰ ਇਹਨਾਂ ਦੋਵੇਂ ਸੋਸ਼ਲ ਮੀਡੀਆ ਪਲੇਟਫਾਰਮ ਵਰਤਣ ਦੀ ਆਗਿਆ ਮਿਲੇਗੀ। ਇਸਦੇ ਪਿੱਛੇ ਤਰਕ ਦਿੱਤਾ ਜਾ ਰਿਹਾ ਹੈ ਕਿ ਅਜਿਹਾ ਕਰਕੇ ਘੱਟ ਉਮਰ ਬੱਚਿਆਂ ਨੂੰ ਅਜਿਹੇ ਮਾਧਿਅਮਾਂ ਦੇ ਜ਼ਰੀਏ ਹੋਣ ਵਾਲੇ ਸ਼ੋਸ਼ਣ ਤੋਂ ਬਚਾਇਆ ਜਾ ਸਕਦਾ ਹੈ। ਹਾਲਾਂਕਿ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਇਸ ਕਾਨੂੰਨ ਨੂੰ ਬਣਾਉਣ ਦੇ ਲਈ ਸਦਨ ਵਿਚ ਮੌਜੂਦ ਸਾਰੇ ਦਲਾਂ ਦਾ ਸਮਰਥਨ ਨਾ ਮਿਲ ਸਕੇ।



ਇਸੇ ਤਰ੍ਹਾਂ ਇਕ ਹੋਰ ਕਾਨੂੰਨ ਬਣਾਉਣ ਦੀ ਗੱਲ ਵੀ ਸਾਹਮਣੇ ਆਈ ਸੀ ਜਦੋਂ ਇਹ ਕਿਹਾ ਜਾਣ ਲੱਗਿਆ ਕਿ ਆਪਣੀ ਕੰਪਨੀ ਦੇ ਮਾਮਲਿਆਂ ਨੂੰ ਸੋਸ਼ਲ ਮੀਡੀਆ 'ਤੇ ਸ਼ੇਅਰ ਕਰਨ ਅਤੇ ਸੰਸਥਾ ਦੀ ਬੁਰਾਈ ਕਰਨ ਵਾਲੇ ਲੋਕਾਂ ਦੀ ਨੌਕਰੀ ਖਤਮ ਕਰ ਦਿੱਤੀ ਜਾਣੀ ਚਾਹੀਦੀ ਹੈ। ਇਸ ਮਾਮਲੇ ਵਿਚ ਉਦੋਂ ਹੋਰ ਤੇਜ਼ੀ ਆ ਗਈ ਸੀ ਜਦੋਂ ਲੰਡਨ ਅਤੇ ਕੈਲੇਫੋਰਨੀਆ ਵਿਚ ਇਸ ਕਿਸਮ ਦੇ ਯਤਨਾਂ ਵਿਚ ਲੱਗੇ ਲੋਕਾਂ ਨੂੰ ਜਾਂ ਤਾਂ ਨੌਕਰੀ ਤੋਂ ਹਟਾ ਦਿੱਤਾ ਗਿਆ ਜਾਂ ਕੰਮ ਤੇ ਰੱਖਿਆ ਹੀ ਨਹੀਂ ਗਿਆ। ਜਿਵੇਂ ਲੰਡਨ ਵਿਚ ਇਕ ਖੋਜ ਦੌਰਾਨ ਸਾਹਮਣੇ ਆਇਆ ਕਿ ਉਥੇ ਪ੍ਰਤੀ 10 ਵਿਚੋਂ 1 ਵਿਅਕਤੀ ਨੂੰ ਨੌਕਰੀ ਤੇ ਨਹੀਂ ਰੱਖਿਆ ਜਾਂਦਾ ਹੈ ਕਿਉਂਕਿ ਉਸਦੀ ਸੋਸ਼ਲ ਮੀਡੀਆ ਪੋਸਟ 'ਤੇ ਲਿਖੇ ਗਏ ਸ਼ਬਦ ਕੰਪਨੀ ਨੂੰ ਪਸੰਦ ਨਹੀਂ ਆਉਂਦੇ। ਉਥੇ ਹੀ ਕੈਲੇਫੋਰਨੀਆ ਵਿਚ ਇਕ ਵਿਅਕਤੀ ਦੀ ਨੌਕਰੀ ਇਸ ਕਰਕੇ ਚਲੀ ਗਈ ਸੀ ਕਿਉਂਕਿ ਉਸਨੇ ਕੰਪਨੀ ਦੇ ਫੇਸਬੁੱਕ ਪੇਸ ਤੇ ਉਸ ਇਨਸਾਨ ਦੀ ਫੋਟੋ ਪੋਸਟ ਕਰ ਦਿੱਤੀ, ਜਿਸ ਵਿਚ ਉਹ ਕੰਪਨੀ ਦੇ ਖੁਰਾਕੀ ਪਦਾਰਥਾਂ ਨੂੰ ਚੱਟਦਾ ਦਿਖਾਈ ਦੇ ਰਿਹਾ ਸੀ। ਅਜਿਹਾ ਹੀ ਇਕ ਅਨੋਖਾ ਕਾਨੂੰਨ ਸਾਊਦੀ ਅਰਬ ਵਿਚ ਹੈ ਜਿੱਥੇ ਸੋਸ਼ਲ ਮੀਡੀਆ ਤੇ ਅਫਵਾਹ ਫੈਲਾਉਣਾ ਜਾਂ ਕੁਝ ਗਲਤ ਪੋਸਟ ਕਰਨਾ ਮੌਤ ਦੀ ਸਜ਼ਾ ਦੀ ਵਜ੍ਹਾ ਬਣ ਸਕਦਾ ਹੈ। ਇੱਥੋਂ ਦੇ ਕਾਨੂੰਨ ਮੰਤਰਾਲੇ ਤੋਂ ਮਿਲੀ ਜਾਣਕਾਰੀ ਮੁਤਾਬਕ ਸਾਊਦੀ ਅਰਬ ਵਿਚ ਸੋਸ਼ਲ ਮੀਡੀਆ ਤੇ ਕੁਝ ਵੀ ਇਤਰਾਜ਼ਯੋਗ ਲਿਖਣ ਜਾਂ ਅਫਵਾਹ ਫੈਲਾਉਣ ਦੇ ਜੁਰਮ ਵਿਚ ਮੌਤ ਦੀ ਸਜ਼ਾ ਤੋਂ ਲੈ ਕੇ ਅਪਰਾਧੀਆ ਨੂੰ ਕੌੜੇ ਮਾਰਨ, ਜੇਲ੍ਹ ,ਸਫਰ 'ਤੇ ਪਾਬੰਦੀ, ਨਜ਼ਰਬੰਦੀ ਦੇ ਨਾਲ ਨਾਲ ਸੋਸ਼ਲ ਮੀਡੀਆ ਬੈਨ ਵਰਗੀਆਂ ਸਜ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ।

## ਖਰਗੋਸ਼ ਦੀ ਤਰਜ ਤੇ ਆਬਾਦੀ ਵਧਾਉਣ ਦੀ ਅਪੀਲ

ਯੂਰਪੀ ਮੁਲਕ ਪੋਲੈਂਡ ਵਿਚ ਅੱਜਕਲ੍ਹ ਖਰਗੋਸ਼ ਚਰਚਾਦਾਵਿਸ਼ਾਬਣੇ ਹੋਏ ਹਨ।ਉਥੋਂ ਦੀ ਸਰਕਾਰ ਲੋਕਾਂ ਨੂੰ ਖਰਗੋਸ਼ ਦੇ ਗੁਣ ਅਪਣਾਉਣ ਲਈ ਕਹਿ ਰਹੀ ਹੈ।ਖਾਸ ਤੌਰ ਤੇ ਆਬਾਦੀ ਵਧਾਉਣ ਦੇ ਗੁਣ। ਦਰਅਸਲ ਸਾਰੇ ਯੂਰਪੀ ਦੇਸ਼ਾਂ ਵਿਚੋਂ ਪੋਲੈਂਡ ਵਿਚ ਬੱਚਾ ਜਨਮ ਦਰ ਬੇਹੱਦ ਘੱਟ ਹੈ। ਸਾਲ ਦਰ ਸਾਲ ਘਟਦੀ ਆਬਾਦੀ ਤੋਂ ਚਿੰਤਤ ਸਰਕਾਰ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਬੱਚੇ ਪੈਦਾ ਕਰਨ ਦੇ ਲਈ ਪ੍ਰੇਰਿਤ ਕਰਨਾ ਚਾਹੁੰਦੀ ਸੀ।

ਇਸ ਕਰਕੇ ਸਰਕਾਰ ਨੇ ਲੋਕਾਂ ਨੂੰ ਇਹ ਸੰਦੇਸ਼ ਦੇਣ ਦਾ ਬੇਹੱਦ ਰਚਨਾਤਮਕ ਅਤੇ ਅਨੁਸ਼ਾਸਨ ਵਾਲਾ ਤਰੀਕਾ ਲੱਭਿਆ ਹੈ।

ਉਥੋਂ ਦੇ ਸਿਹਤ ਮੰਤਰਾਲੇ ਨੇ ਯੂ-ਟਿਊਬ ਤੇ ਇਕ ਵੀਡੀਓ ਪੋਸਟ ਕੀਤੀ ਹੈ, ਜਿਸ ਵਿਚ ਗਾਜਰ ਖਾਂਦੇ ਖਰਗੋਸ਼ ਆਪਣੇ ਵੱਡੇ ਪਰਿਵਾਰਾਂ ਦਾ ਰਾਜ਼ ਦੱਸ ਰਹੇ ਹਨ। ਇਸ ਵੀਡੀਓ ਦੇ ਜ਼ਰੀਏ ਮੰਤਰਾਲੇ ਦੀ ਲੋਕਾਂ ਨੂੰ ਅਪੀਲ ਹੈ ਕਿ ਉਹ ਸਿਹਤਮੰਦ ਭੋਜਨ ਕਰਨ, ਕਸਰਤ ਕਰਨ ਅਤੇ ਤਣਾਅਅਤੇ ਅਲਕੋਹਲ ਤੋਂ ਦੂਰ ਰਹਿਣ। ਨਾਲ ਹੀ ਜੇਕਰ ਉਹ ਮਾਤਾ-ਪਿਤਾ ਬਣਨਾ ਚਾਹੁੰਦੇ ਹਨ ਤਾਂ ਖਰਗੋਸ਼ਾਂ ਦੇ ਨਕਸ਼ੇ ਕਦਮਾਂ ਤੇ ਚੱਲਣ।



## ਚੀਨੀ ਕੰਪਨੀ ਦਾ ਆਫਰ 1 ਲੱਖ ਦਿਓ ਅਤੇ ਉਮਰ ਭਰ ਜਿੰਨੀ ਸ਼ਰਾਬ ਪੀਣੀ ਹੈ ਪੀਓ

ਚੀਨ ਦੀ ਸ਼ਰਾਬ ਕੰਪਨੀ ਜਿਆਂਗਜਿਆਓਬਾਈ ਨੇ ਸ਼ਰਾਬ ਪੀਣ ਵਾਲੇ ਲੋਕਾਂ ਦੇ ਲਈ ਇਕ ਬਿਹਤਰੀਨ ਆਫਰ ਦਿੱਤੀ ਹੈ। ਕੰਪਨੀ ਦਾ ਐਲਾਨ ਹੈ ਕਿ ਇਕ ਲੱਖ 11 ਹਜ਼ਾਰ 171 ਰੁਪਏ ਵਿਚ ਕੰਪਨੀ ਆਪਣੇ ਚੋਣਵੇਂ ਗਾਹਕਾਂ ਨੂੰ ਉਮਰ ਭਰ ਸ਼ਰਾਬ ਦੇਵੇਗੀ। ਇਹ ਐਲਾਨ 11 ਨਵੰਬਰ ਨੂੰ ਚੀਨ ਦੇ ਸਭ ਤੋਂ ਵੱਡੇ ਸ਼ਾਪਿੰਗ ਉਤਸਵ ਸਿੰਗਲਸ ਡੇਅ ਦੇ ਮੌਕੇ 'ਤੇ ਕੀਤਾ ਗਿਆ। ਕੰਪਨੀ ਨੇ ਦੱਸਿਆ ਕਿ ਆਫਰ ਅਲੀ ਬਾਬਾ ਕੰਪਨੀਦੇਟੀਮਾਲ ਪਲੇਟਫਾਰਮ 'ਤੇ ਉਪਲਬਧ ਹੋਵੇਗਾ।

ਇਸ ਐਲਾਨ ਦੇ ਨਾਲ ਕੰਪਨੀ ਕੁਝ ਸ਼ਰਤਾਂ ਵੀ ਲਗਾਉਂਦੀ ਹੈ, ਜਿਵੇਂ ਇਹ ਆਫਰ ਦਾ ਲਾਭਸਿਰਫ 99 ਲੱਕੀ ਗਾਹਕਾਂ ਨੂੰ ਹੀ ਮਿਲੇਗਾ। ਇਸ ਤੋਂ ਇਲਾਵਾ ਹਰ ਮਹੀਨੇ ਕੇਵਲ ਇਕ ਕੰਟੇਂਜ਼ ਭੇਜਿਆ ਜਾਵੇਗਾ, ਜਿਸ ਵਿਚ 12 ਸ਼ਰਾਬ ਦੀਆਂ ਬੋਤਲਾਂ ਹੋਣਗੀਆਂ। ਆਫਰ ਵਿਚ ਕੋਈ ਗੜਬੜ ਹੋਣ ਦੇ ਸ਼ੰਕੇ ਤੋਂ ਬਚਣ ਲਈ ਕੰਪਨੀ ਨੇ ਕਿਹਾ ਹੈ ਕਿ ਉਹ ਜੇਤੂ ਗਾਹਕ ਨੂੰ ਇਕ ਸਰਟੀਫਿਕੇਟ ਦੇਵੇਗੀ ਤਾਂ ਜੋ ਜੇਕਰ ਕੰਪਨੀ ਅਗਲੇ 30 ਸਾਲਾਂ ਦੇ ਦੌਰਾਨ ਸ਼ਰਾਬ ਪਹੁੰਚਾਉਣ ਵਿਚ ਭੁੱਲ ਕਰਦੀ ਹੈ ਤਾਂਗਾਹਕ ਨੂੰ ਪੂਰਾ ਪੈਸਾ ਵਾਪਸ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਕੁਝ ਹੋਰ ਫਾਇਦੇ ਵੀ ਹਨ, ਜਿਵੇਂ ਅਲੀਬਾਬਾ ਦੇ ਡਿਸਕਾਊਂਟ ਕੂਪਨ ਦਾ ਇਸਤੇਮਾਲ ਕਰਕੇ ਗਾਹਕ ਇਕ ਲੱਖ 11 ਹਜ਼ਾਰ 171 ਰੁਪਏ ਤੋਂ ਘੱਟ ਵਿਚ ਵੀ ਇਸ ਆਫਰ ਦਾ ਫਾਇਦਾ ਲੈ ਸਕਦਾ ਹੈ। ਕੰਪਨੀ ਨੇ ਇਹ ਵੀ ਵਾਅਦਾ ਕੀਤਾ ਕਿ ਜੇਕਰ ਕਿਸੇ ਗਾਹਕ ਦੀ ਮੌਤ ਪੰਜ ਸਾਲ ਦੇ ਅੰਦਰ ਹੀ ਹੋ ਜਾਂਦੀ ਹੈ ਤਾਂ ਉਸਦੇ ਪਰਿਵਾਰ ਦੇ ਕਿਸੇ ਹੋਰ ਮੈਂਬਰ ਨੂੰ ਉਮਰ ਭਰ ਲਈ ਸ਼ਰਾਬ ਮਿਲਦੀ ਰਹੇਗੀ।

ਇਸ ਐਲਾਨ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਕੁਝ ਫਨੀ ਕਮੈਂਟ ਵੀ ਦੇਖਣ ਨੂੰ ਮਿਲੇ। ਜਿਵੇਂ ਇਕ ਵਿਅਕਤੀ ਨੇ ਕਿਹਾ ਕਿ ਮੇਰੀ ਉਮਰ ਦਾ ਤਾਂ ਠੀਕ ਹੈ ਪਰ ਕੰਪਨੀ ਦੀ ਉਮਰ ਕਿੰਨੀ ਲੰਮੀ ਹੈ, ਜਦਕਿ ਇਕ ਹੋਰ ਦਾ ਕਮੈਂਟ ਸੀ ਕਿ ਹੁਣ ਤਾਂ ਵਾਕਿਆ ਉਦੋਂ ਤੱਕ ਸ਼ਰਾਬ ਪੀ ਸਕਦੇ ਹਾਂ, ਜਦੋਂ ਤੱਕ ਮਰ ਨਾ ਜਾਈਏ।

# ਸ਼ੁਕਰਾਨਾ ਯਾਤਰਾ ਦਾ ਤੀਜਾ ਦਿਨ: ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ ਨੇ ਅੰਮ੍ਰਿਤਸਰ ਤੋਂ ਬਟਾਲਾ ਤੱਕ ਕੀਤੀ ਯਾਤਰਾ

**➢ ਯਾਤਰਾ ਵਿੱਚ ਮੰਤਰੀਆਂ ਅਤੇ ਵਿਧਾਇਕਾਂ ਸਮੇਤ ਹਜਾਰਾਂ ਵਰਕਰਾਂ ਤੇ ਸਮਰਥਕਾਂ ਨੇ ਕੀਤੀ ਸ਼ਿਰਕਤ, ਲੋਕਾਂ ਨੇ ਫੁੱਲਾਂ ਦੀ ਵਰਖਾ ਨਾਲ ਕੀਤਾ ਸਵਾਗਤ ➢ ਅਸੀਂ ਸਾਰੇ ਵਰਕਰਾਂ ਦਾ ਸਤਿਕਾਰ ਕਰਾਂਗੇ ਅਤੇ ਮਿਲ ਕੇ ਪਾਰਟੀ ਨੂੰ ਅੱਗੇ ਲੈ ਕੇ ਜਾਵਾਂਗੇ : ਸ਼ੈਰੀ ਕਲਸੀ**



**ਚੰਡੀਗੜ੍ਹ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਪੰਜਾਬ ਦੀ ਸ਼ੁਕਰਾਨਾ ਯਾਤਰਾ ਦੇ ਦੂਜੇ ਦਿਨ ਅੱਜ ਪਾਰਟੀ ਦੇ ਨਵੇਂ ਸੂਬਾਈ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਅੰਮ੍ਰਿਤਸਰ ਤੋਂ ਬਟਾਲਾ ਤੱਕ ਯਾਤਰਾ ਕੱਢੀ ਅਤੇ ਪਾਰਟੀ ਵਰਕਰਾਂ ਨੂੰ ਜ਼ਿਮਨੀ ਚੋਣਾਂ ਵਿੱਚ ਮਿਲੀ ਜਿੱਤ ਦੀ ਵਧਾਈ ਦਿੱਤੀ।

ਇਸ ਯਾਤਰਾ ਵਿੱਚ ਪਾਰਟੀ ਦੇ ਸੀਨੀਅਰ ਆਗੂ ਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸਮੇਤ ਕਈ ਵਿਧਾਇਕਾਂ ਤੇ ਪਾਰਟੀ ਅਧਿਕਾਰੀਆਂ ਨੇ ਸ਼ਮੂਲੀਅਤ ਕੀਤੀ। ਹਜ਼ਾਰਾਂ ਪਾਰਟੀ ਸਮਰਥਕਾਂ ਅਤੇ ਵਰਕਰਾਂ ਨੇ ਯਾਤਰਾ ਵਿੱਚ ਸ਼ਿਰਕਤ ਕੀਤੀ। ਵਰਕਰਾਂ ਨੇ ਹਰ ਚੌਂਕ ਵਿੱਚ ਪਾਰਟੀ ਦੇ ਨਵੇਂ ਕਾਰਜਕਾਰੀ ਪ੍ਰਧਾਨ ਦਾ ਫੁੱਲਾਂ ਦੀ ਵਰਖਾ ਕੀਤੀ ਅਤੇ ਜ਼ਿੰਦਾਬਾਦ ਦੇ ਨਾਅਰੇ ਲਗਾ ਕੇ ਸਵਾਗਤ ਕੀਤਾ।

ਯਾਤਰਾ ਦੌਰਾਨ ਵੱਖ-ਵੱਖ ਥਾਵਾਂ 'ਤੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਸ਼ੈਰੀ ਕਲਸੀ ਨੇ ਕਿਹਾ ਕਿ ਵਰਕਰ ਪਾਰਟੀ ਦੀ ਰੀੜ੍ਹ ਦੀ ਹੱਡੀ ਹਨ ।ਆਪਣੇ ਵਰਕਰਾਂ ਦੀ ਲਗਨ ਅਤੇ ਮਿਹਨਤ ਸਦਕਾ ਹੀ ਪਾਰਟੀ ਅੱਜ ਇਸ ਮੁਕਾਮ 'ਤੇ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਅਸੀਂ ਸਾਰੇ ਵਰਕਰਾਂ ਦਾ ਸਤਿਕਾਰ ਕਰਾਂਗੇ ਅਤੇ ਮਿਲ ਕੇ ਪਾਰਟੀ ਨੂੰ ਪੰਜਾਬ ਵਿੱਚ ਅੱਗੇ ਲੈ ਕੇ ਜਾਵਾਂਗੇ। ਉਨ੍ਹਾਂ ਜ਼ਿਮਨੀ ਚੋਣਾਂ ਵਿੱਚ ਪਾਰਟੀ ਵਰਕਰਾਂ ਦੀ ਮਿਹਨਤ ਅਤੇ ਲਗਨ ਦੀ ਵੀ ਸ਼ਲਾਘਾ ਕੀਤੀ।

ਸ਼ੈਰੀ ਕਲਸੀ ਨੇ ਆਮ ਆਦਮੀ ਪਾਰਟੀ 'ਤੇ ਭਰੋਸਾ ਜਤਾਉਣ ਲਈ ਪੰਜਾਬ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ 'ਆਪ' ਸਰਕਾਰ ਪੰਜਾਬ ਨੂੰ ਮੁੜ ਤੋਂ ਖੁਸ਼ਹਾਲ ਸੂਬਾ ਬਣਾਉਣ ਲਈ ਦਿਨ ਰਾਤ ਮਿਹਨਤ ਕਰ ਰਹੀ ਹੈ ਅਤੇ ਲਗਾਤਾਰ ਲੋਕ ਪੱਖੀ ਫੈਸਲੇ ਲੈ ਰਹੀ ਹੈ। ਉਨ੍ਹਾਂ ਕਿਹਾ ਕਿ ਜ਼ਿਮਨੀ ਚੋਣਾਂ ਦੇ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਲੋਕ 'ਆਪ' ਸਰਕਾਰ ਦੇ ਕੰਮਾਂ ਤੋਂ ਪੂਰੀ ਤਰ੍ਹਾਂ ਖੁਸ਼ ਅਤੇ ਸੰਤੁਸ਼ਟ ਹਨ।

ਉਨ੍ਹਾਂ ਨੌਜਵਾਨਾਂ ਨੂੰਅਪੀਲ ਕੀਤੀ ਕਿ ਉਹ ਪੰਜਾਬ ਛੱਡ ਕੇ ਬਾਹਰ ਨਾ ਜਾਣ। ਪੰਜਾਬ ਸਰਕਾਰ ਸੂਬੇ ਵਿੱਚ ਹੀ ਰੁਜ਼ਗਾਰ ਦੇ ਹਜ਼ਾਰਾਂ ਮੌਕੇ ਪੈਦਾ ਕਰ ਰਹੀ ਹੈ। ਪਿਛਲੇ ਢਾਈ ਸਾਲਾਂ ਵਿੱਚ ਕਰੀਬ 50 ਹਜ਼ਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮਿਲੀਆਂ ਹਨ। ਆਉਣ ਵਾਲੇ ਦਿਨਾਂ ਵਿੱਚ ਹੋਰ ਨੌਕਰੀਆਂ ਪੈਦਾ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨਾਲ ਕੀਤਾ ਹਰ ਵਾਅਦਾ ਪੂਰਾ ਕਰੇਗੀ। ਕਈ ਵੱਡੇ ਵਾਅਦੇ ਪੂਰੇ ਕੀਤੇ ਗਏ ਹਨ ਅਤੇ ਬਾਕੀਆਂ 'ਤੇ ਵੀ ਕੰਮ ਚੱਲ ਰਿਹਾ ਹੈ, ਉਹ ਵੀ ਜਲਦੀ ਹੀ ਪੂਰੇ ਕਰ ਦਿੱਤੇ ਜਾਣਗੇ।

ਉਨ੍ਹਾਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਵੀ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੇ ਸਾਡੇ ਵਰਗੇ ਇਕ ਛੋਟੇ ਪਾਰਟੀ ਵਰਕਰ ਨੂੰ ਇੰਨੀ ਵੱਡੀ ਜ਼ਿੰਮੇਵਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਸੀਂ ਪਾਰਟੀ ਦੀਆਂ ਉਮੀਦਾਂ 'ਤੇ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਾਂਗੇ ਅਤੇ ਇਹ ਯਕੀਨੀ ਬਣਾਵਾਂਗੇ ਕਿ ਪਾਰਟੀ ਦੇ ਹਰ ਵਰਕਰ ਦੀ ਆਵਾਜ਼ ਸੁਣੀ ਜਾਵੇ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕੀਤਾ ਜਾਵੇ।

ਸ਼ੈਰੀ ਕਲਸੀ ਨੇ ਪੰਜਾਬ ਦੀਆਂ ਆਗਾਮੀ ਨਗਰ ਨਿਗਮ ਚੋਣਾਂ ਵਿੱਚ ਵੀ ਵੱਡੀ ਜਿੱਤ ਦਾ ਦਾਅਵਾ ਕਰਦਿਆਂ ਕਿਹਾ ਕਿ ਸਾਰੀਆਂ ਨਗਰ ਨਿਗਮਾਂ ਵਿੱਚ ਜਿੱਤ ਹਾਸਲ ਕਰਕੇ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਦਿ ਝੋਲੀ ਵਿੱਚ ਪਾਵਾਂਗੇ। ਅੰਮ੍ਰਿਤਸਰ ਵਿੱਚ ਉਨ੍ਹਾਂ ਕਿਹਾ ਕਿ ਇੱਥੋਂ ਦਾ ਅਗਲਾ ਮੇਅਰ ਆਮ ਆਦਮੀ ਪਾਰਟੀ ਦਾ ਹੀ ਹੋਵੇਗਾ।

# ਅਮਨ ਅਰੋੜਾ ਵੱਲੋਂ ਸਬ-ਤਹਿਸੀਲ ਕੰਪਲੈਕਸ ਲੋਕਾਂ ਨੂੰ ਸਮਰਪਿਤ

**6.65 ਕਰੋੜ ਦੀ ਲਾਗਤ ਨਾਲ ਤਿਆਰ ਦੋ ਪ੍ਰਾਜੈਕਟਾਂ ਦਾ ਕੀਤਾ ਉਦਘਾਟਨ**



ਚੀਮਾ ਮੰਡੀ ਵਿੱਚ ਸਬ-ਤਹਿਸੀਲ ਕੰਪਲੈਕਸ ਦਾ ਉਦਘਾਟਨ ਕਰਦੇ ਹੋਏ ਅਮਨ ਅਰੋੜਾ

**ਚੰਡੀਗੜ੍ਹ/ਸੰਗਰੂਰ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਵਿਧਾਨ ਸਭਾ ਹਲਕਾ ਸੁਨਾਮ ਊਧਮ ਸਿੰਘ ਵਾਲਾ ਦੀ ਸਬ-ਤਹਿਸੀਲ ਚੀਮਾ ਮੰਡੀ ਵਿੱਚ 6.65 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਦੋ ਪ੍ਰਾਜੈਕਟ ਲੋਕਾਂ ਨੂੰ ਸਮਰਪਿਤ ਕੀਤੇ। ਇਨ੍ਹਾਂ ਪ੍ਰਾਜੈਕਟਾਂ ਵਿੱਚ 4.31 ਕਰੋੜ ਦੀ ਲਾਗਤ ਨਾਲ ਬਣੀ ਸਬ-ਤਹਿਸੀਲ ਕੰਪਲੈਕਸ ਦੀ ਇਮਾਰਤ ਅਤੇ 2.34 ਕਰੋੜ ਦੀ ਲਾਗਤ ਨਾਲ ਚੀਮਾ ਮੰਡੀ ਤੋਂ ਤੋਲਾਵਾਲ ਸੜਕ 'ਤੇ ਬਣਿਆ ਨਵਾਂ ਪੁਲ ਸ਼ਾਮਲ ਹੈ। ਇਸ ਤੋਂ ਇਲਾਵਾ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਚੀਮਾ ਮੰਡੀ 'ਚ ਹੀ 1.38 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਖੇਡ ਸਟੇਡੀਅਮ ਦਾ ਨੀਂਹ ਪੱਥਰ ਵੀ ਰੱਖਿਆ।

ਸਬ-ਤਹਿਸੀਲ ਚੀਮਾ ਮੰਡੀ ਦੀ ਨਵੀਂ ਇਮਾਰਤ ਲੋਕਾਂ ਨੂੰ ਸਮਰਪਿਤ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨੂੰ ਸਾਰੀਆਂ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਪਿਛਲੇ ਢਾਈ ਸਾਲਾਂ ਤੋਂ ਇਸ ਵਚਨਬੱਧਤਾ 'ਤੇ ਪਹਿਰਾ ਦੇ ਰਹੀ ਹੈ। ਅਮਨ ਅਰੋੜਾ ਨੇ ਕਿਹਾ ਕਿ ਸਬ-ਤਹਿਸੀਲ ਕੰਪਲੈਕਸ ਦੇ ਬਣਨ ਨਾਲ ਹੁਣ ਲੋਕਾਂ ਨੂੰ ਵੱਖ-ਵੱਖ ਪ੍ਰਸ਼ਾਸਨਿਕ ਸੇਵਾਵਾਂ ਹਾਸਲ ਕਰਨ ਲਈ ਹੋਰਨਾਂ ਤਹਿਸੀਲਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ ਅਤੇ ਸਾਰੇ ਕੰਮ ਇੱਕੋ ਛੱਤ ਹੇਠਾਂ ਹੋਣਗੇ। ਅਮਨ ਅਰੋੜਾ ਨੇ ਚੀਮਾ ਮੰਡੀ ਤੋਂ ਤੋਲਾਵਾਲ ਰੋਡ 'ਤੇ 2.34 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ ਨਵੇਂ ਪੁਲ ਦਾ ਉਦਘਾਟਨ ਕਰਦਿਆਂ ਪਿੰਡਾਂ ਦੇ ਵਾਸੀਆਂ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਬਿਨਾਂ ਕਿਸੇ ਠੋਸ ਯੋਜਨਾ ਤੋਂ ਵਿਕਾਸ ਕਾਰਜ ਉਲੀਕੇ ਅਤੇ ਅਧੂਰੇ ਹੀ ਛੱਡ ਦਿੱਤੇ ਜਿਸ ਦਾ ਖਮਿਆਜ਼ਾ ਲੋਕਾਂ ਨੂੰ ਭੁਗਤਣਾ ਪਿਆ ਪਰ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਦੀ ਹਰੇਕ ਜ਼ਰੂਰਤ ਨੂੰ ਪੂਰਾ ਕਰਨ ਲਈ ਯੋਜਨਾਬੱਧ ਖਾਕਾ ਤਿਆਰ ਕੀਤਾ ਅਤੇ ਫਿਰ ਪੜਾਅਵਾਰ ਢੰਗ ਨਾਲ ਕੰਮਾਂ ਨੂੰ ਮੁਕੰਮਲ ਕਰਵਾਇਆ ਹੈ। ਇਸ ਮੌਕੇ ਪਨਸੀਡ ਦੇ ਚੇਅਰਮੈਨ ਮਹਿੰਦਰ ਸਿੰਘ ਸਿੱਧੂ, ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ, ਐੱਸਡੀਐਮ ਪ੍ਰਮੋਦ ਸਿੰਗਲਾ, ਕੁਲਦੀਪ ਸਿੱਧੂ, ਬੀਰਬਲ ਸਿੰਘ, ਨਿਰਭੈ ਸਿੰਘ, ਬਹਾਦਰ ਸਿੰਘ, ਸਰਪੰਚ ਦੀਪਾ, ਸਰਪੰਚ ਜੱਗਾ, ਕੁਲਦੀਪ ਸ਼ੇਰੋ ਸਮੇਤ ਵੱਡੀ ਗਿਣਤੀ ਵਿੱਚ ਪੰਚ ਸਰਪੰਚ ਅਤੇ ਹੋਰ ਪਤਵੰਤੇ ਮੌਜੂਦ ਸਨ।

ਕੈਬਨਿਟ ਮੰਤਰੀ ਅਮਨ ਅਰੋੜਾ ਦਾ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਬਣਨ ਤੋਂ ਬਾਅਦ ਪਹਿਲੀ ਵਾਰ ਆਪਣੇ ਜੱਦੀ ਸ਼ਹਿਰ ਸੁਨਾਮ ਪੁੱਜਣ 'ਤੇ ਸ਼ਹਿਰ ਵਾਸੀਆਂ ਅਤੇ ਪਾਰਟੀ ਵਰਕਰਾਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਸਭ ਤੋਂ ਪਹਿਲਾਂ ਸਥਾਨਕ ਸ਼ਹੀਦ ਊਧਮ ਦੀ ਸਮਾਰਕ 'ਤੇ ਜਾ ਕੇ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਅਮਨ ਅਰੋੜਾ ਨੇ ਕਿਹਾ ਕਿ ਉਹ ਪ੍ਰਮਾਤਮਾ ਦੇ ਨਾਲ-ਨਾਲ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਦੇ ਵੀ ਸ਼ੁਕਰਗੁਜ਼ਾਰ ਹਨ, ਜਿਨ੍ਹਾਂ ਨੇ ਉਸ ਵਰਗੇ ਨਿਮਾਣੇ ਵਿਅਕਤੀ ਨੂੰ ਇੰਨਾ ਵੱਡਾ ਸਨਮਾਨ ਦਿੱਤਾ ਹੈ। ਅਮਨ ਅਰੋੜਾ ਨੇ ਕਿਹਾ ਕਿ ਵਰਕਰ ਆਮ ਆਦਮੀ ਪਾਰਟੀ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਹ ਸਾਰਿਆਂ ਨੂੰ ਨਾਲ ਲੈ ਕੇ ਚੱਲਣਗੇ। ਨਗਰ ਨਿਗਮ ਚੋਣਾਂ ਸਬੰਧੀ ਅਮਨ ਅਰੋੜਾ ਨੇ ਦੱਸਿਆ ਕਿ ਚੰਡੀਗੜ੍ਹ ਵਿੱਚ 28 ਨਵੰਬਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 7 ਵਜੇ ਤੱਕ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਸੁਨਾਮ ਮੁਕੇਸ਼ ਜੁਨੇਜਾ, ਸਾਬਕਾ ਪ੍ਰਧਾਨ ਕਮਿਸ਼ਨ ਏਜੰਟ ਐਸੋਸੀਏਸ਼ਨ ਸੁਨਾਮ ਅਮਰੀਕ ਸਿੰਘ ਧਾਲੀਵਾਲ, ਸਰਪੰਚ ਮਨਿੰਦਰ ਸਿੰਘ ਲਖਮੀਰਵਾਲਾ, ਮੰਡੀ ਪ੍ਰਧਾਨ ਰਾਜਨ ਹੋਡਲਾ, ਜਤਿੰਦਰ ਜੈਨ, ਰਾਜਨ ਸਿੰਗਲਾ, ਯਾਦਵਿੰਦਰ ਸਿੰਘ ਰਾਜਾ ਚੱਠੇ ਨਛੱਤਰ ਤੇ ਰਵੀ ਕਮਲ ਗੋਇਲ ਆਦਿ ਹਾਜ਼ਰ ਸਨ।

# ਮੁਲਾਜ਼ਮਾਂ ਵੱਲੋਂ ਸਿਹਤ ਮੰਤਰੀ ਦੀ ਕੋਠੀ ਅੱਗੇ ਧਰਨਾ

**ਸਿਹਤ ਮੰਤਰੀ ਨਾਲ ਮੀਟਿੰਗ ਬੇਸਿੱਟਾ ਰਹਿਣ ਮਗਰੋਂ ਸੰਘਰਸ਼ ਤੇਜ਼ ਕੀਤਾ**



ਪਟਿਆਲਾ ਵਿੱਚ ਸਿਹਤ ਮੰਤਰੀ ਬਲਬੀਰ ਸਿੰਘ ਦੀ ਕੋਠੀ ਅੱਗੇ ਧਰਨਾ ਦਿੰਦੇ ਹੋਏ ਮੁਲਾਜ਼ਮ।

**ਪਟਿਆਲਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਲਾਜ਼ਮ ਮੰਗਾਂ ਸਬੰਧੀ ਕੱਲ੍ਹ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨਾਲ ਹੋਈ ਮੀਟਿੰਗ ਬੇਸਿੱਟਾ ਰਹਿਣ 'ਤੇ ਸਿਹਤ ਵਿਭਾਗ ਦੇ ਚੌਥਾ ਦਰਜਾ ਅਤੇ ਹੋਰ ਮੁਲਾਜ਼ਮਾਂ ਵੱਲੋਂ ਉਲੀਕੇ ਗਏ ਪ੍ਰੋਗਰਾਮ ਤਹਿਤ ਇੱਥੇ ਸਿਹਤ ਮੰਤਰੀ ਦੇ ਘਰ ਅੱਗੇ ਮੁਲਾਜ਼ਮਾਂ ਨੇ ਤਿੰਨ ਰੋਜ਼ਾ ਧਰਨਾ ਆਰੰਭ ਦਿੱਤਾ ਹੈ। ਧਰਨੇ ਦੀ ਅਗਵਾਈ ਕਰਦਿਆਂ ਚੌਥਾ ਦਰਜਾ ਮੁਲਾਜ਼ਮ ਯੂਨੀਅਨ ਦੇ ਸੂਬਾਈ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਨੇ ਦੱਸਿਆ ਕਿ ਇਸੇ ਥਾਂ 'ਤੇ 28 ਅਤੇ 29 ਨਵੰਬਰ ਨੂੰ ਮੁਲਾਜ਼ਮਾਂ ਵੱਲੋਂ ਪ੍ਰਦਰਸ਼ਨ ਕੀਤਾ ਜਾਵੇਗਾ।

ਇਸ ਦੌਰਾਨ ਉਨ੍ਹਾਂ ਦੱਸਿਆ ਕਿ ਅੱਜ ਚੌਥਾ ਦਰਜਾ ਕਰਮਚਾਰੀਆਂ, ਪੈਰਾ-ਮੈਡੀਕਲ ਸਟਾਫ਼ ਵਲੋਂ ਆਪਣੀਆਂ ਮੰਗਾਂ ਮੰਨਵਾਉਣ ਲਈ ਸਿਹਤ ਮੰਤਰੀ ਦੀ ਇਥੇ ਪਾਸੀ ਰੋਡ ਸਥਿਤ ਰਿਹਾਇਸ਼ ਨੇੜੇ ਤਿੰਨ ਰੋਜ਼ਾ ਧਰਨਾ ਸ਼ੁਰੂ ਕੀਤਾ ਗਿਆ ਹੈ। ਚੌਥਾ ਦਰਜਾ ਮੁਲਾਜ਼ਮ ਯੂਨੀਅਨ ਦੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ ਨੇ ਦੱਸਿਆ ਕਿ ਇਸੇ ਹੀ ਕੜੀ ਵਜੋਂ 14 ਦਸੰਬਰ ਨੂੰ ਮੰਤਰੀ ਦੇ ਵਿਧਾਨ ਸਭਾ ਹਲਕਾ ਪਟਿਆਲਾ ਦਿਹਾਤੀ 'ਚ ਕਾਲੇ ਝੰਡਿਆਂ ਨਾਲ ਜ਼ੋਨਲ ਰੈਲੀ ਕਰਕੇ ਬਾਜ਼ਾਰਾਂ ਵਿੱਚ ਮਾਰਚ ਵੀ ਕੀਤਾ ਜਾਵੇਗਾ। ਇਸ ਧਰਨੇ 'ਚ ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ, ਰਾਜੇਸ਼ ਗੋਲੂ, ਰਾਮ ਕਿਸ਼ਨ, ਰਾਮ ਲਾਲ ਰਾਮਾ, ਬਲਬੀਰ ਸਿੰਘ, ਲਖਵੀਰ ਸਿੰਘ, ਕਮਲਜੀਤ ਸਿੰਘ, ਇੰਦਰਪਾਲ, ਸ਼ਿਵ ਚਰਨ, ਟੋਨੀ, ਉਂਕਾਰ ਸਿੰਘ ਦਮਨ, ਮੋਧ ਨਾਥ ਸ਼ਰਮਾ, ਮੱਖਣ ਸਿੰਘ, ਮੇਘੂ ਰਾਮ, ਗੁਰਸੇਵਕ ਸਿੰਘ ਅਤੇ ਪ੍ਰਕਾਸ਼ ਸਿੰਘ ਲੁਬਾਣਾ ਆਦਿ ਨੇ ਵੀ ਸ਼ਿਰਕਤ ਕੀਤੀ। ਇਸ ਦੌਰਾਨ ਮੁਲਾਜ਼ਮਾਂ ਨੇ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ ਅਤੇ ਮੰਗਾਂ ਤੋਂ ਭੱਜਣ ਦੇ ਦੋਸ਼ ਲਾਏ।

# ਹਰਿਆਣਾ ਸਰਕਾਰ ਵੱਲੋਂ ਸ਼ੰਭੂ ਬਾਰਡਰ 'ਤੇ ਚਾਰ ਫੁੱਟ ਰਾਹ ਖੋਲ੍ਹਣ ਦੇ ਆਸਾਰ

**ਸ਼ੰਭੂ ਬਾਰਡਰ (ਪਟਿਆਲਾ), 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨ ਮੋਰਚੇ ਕਾਰਨ ਸਾਢੇ ਨੌਂ ਮਹੀਨਿਆਂ ਤੋਂ ਬੰਦ ਸ਼ੰਭੂ ਬਾਰਡਰ 'ਤੇ ਪੈਦਲ ਚੱਲਣ ਲਈ ਚਾਰ ਫੁੱਟ ਰਾਹ ਖੁੱਲ੍ਹਣ ਦੇ ਆਸਾਰ ਹਨ। ਭਾਵੇਂ ਇਸ ਸਬੰਧੀ ਅਧਿਕਾਰਤ ਤੌਰ 'ਤੇ ਕੋਈ ਪੁਸ਼ਟੀ ਨਹੀਂ ਹੋਈ ਪਰ ਇਸ ਗੱਲ ਦੀ ਚਰਚਾ ਜ਼ੋਰਾਂ 'ਤੇ ਹੈ ਕਿ ਹਰਿਆਣਾ ਸਰਕਾਰ ਛੇਤੀ ਹੀ ਸ਼ੰਭੂ ਬਾਰਡਰ 'ਤੇ ਚਾਰ ਫੁੱਟ ਰਾਹ ਖੋਲ੍ਹਣ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਇਹ ਰਸਤਾ ਫਰਵਰੀ ਦੇ ਸ਼ੁਰੂਆਤੀ ਦਿਨਾਂ ਤੋਂ ਬੰਦ ਹੈ। ਦਿੱਲੀ ਅੰਦੋਲਨ ਦੌਰਾਨ ਮੰਨੀਆਂ ਗਈਆਂ ਮੰਗਾਂ ਲਾਗੂ ਕਰਵਾਉਣ ਲਈ ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਅਤੇ ਕਿਸਾਨ ਮਜ਼ਦੂਰ ਮੋਰਚਾ ਦੀ ਅਗਵਾਈ ਹੇਠ ਫਰਵਰੀ 'ਚ ਜਦੋਂ ਹਜ਼ਾਰਾਂ ਕਿਸਾਨ ਦਿੱਲੀ ਵੱਲ ਕੂਚ ਕਰਦੇ ਸ਼ੰਭੂ ਬਾਰਡਰ 'ਤੇ ਪਹੁੰਚੇ ਸਨ ਤਾਂ ਅੱਗੇ ਹਰਿਆਣਾਂ ਸਰਕਾਰ ਨੇ ਇਥੇ ਰੋਕਾਂ ਲਾ ਕੇ ਬਾਰਡਰ ਬੰਦ ਕਰ ਦਿੱਤਾ ਸੀ। ਕੁਝ ਦਿਨ ਪਹਿਲਾਂ ਕਿਸਾਨ ਆਗੂਆਂ ਨੇ 6 ਜਨਵਰੀ ਨੂੰ ਪੈਦਲ ਹੀ ਦਿੱਲੀ ਜਾਣ ਦਾ ਐਲਾਨ ਕੀਤਾ ਹੈ ਜਿਸ ਮਗਰੋਂ ਸ਼ੰਭੂ ਬਾਰਡਰ 'ਤੇ ਭੰਨਤੋੜ ਦੀ ਹੱਲ ਚੱਲ ਸ਼ੁਰੂ ਹੋਈ ਹੈ। ਕਿਹਾ ਜਾ ਰਿਹਾ ਹੈ ਕਿ ਹਰਿਆਣਾ



ਸਰਕਾਰ ਪੈਦਲ ਚੱਲਣ ਲਈ ਚਾਰ ਫੁੱਟ ਰਾਹ ਖੋਲ੍ਹਣ ਦੇ ਰੌਂਅ 'ਚ ਹੈ। ਇਸੇ ਦੌਰਾਨ ਤਿੰਨ ਦਿਨ ਪਹਿਲਾਂ ਹੀ ਸਾਬਕਾ ਮੰਤਰੀ ਪਰਨੀਤ ਕੌਰ ਦੇ ਯਤਨਾਂ ਸਦਕਾ ਭਾਜਪਾ ਆਗੂ ਹਰਵਿੰਦਰ ਸਿੰਘ ਹਰਪਾਲਪੁਰ ਦੀ ਅਗਵਾਈ ਹੇਠਾਂ ਇਲਾਕੇ ਦੇ ਇੱਕ ਵਫਦ ਨੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਨਾਲ ਮੁਲਾਕਾਤ ਕਰਕੇ ਸ਼ੰਭੂ ਬਾਰਡਰ ਖੋਲ੍ਹਣ ਦੀ ਬੇਨਤੀ ਵੀ ਕੀਤੀ ਸੀ।

**ਰਾਹ ਖੁੱਲ੍ਹੇ ਜਾਂ ਨਾ ਅਸੀਂ ਦਿੱਲੀ ਜਾਵਾਂਗੇ: ਪੰਧੇਰ**

ਦਿੱਲੀ ਜਾਣ ਦਾ ਐਲਾਨ ਕਰਨ ਵਾਲੇ ਕਿਸਾਨ ਆਗੂ ਸਰਵਣ ਸਿੰਘ ਪੰਧੇਰ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਛੇ ਦੀਆਂ ਤਿਆਰੀਆਂ ਜ਼ੋਰਾਂ 'ਤੇ ਹਨ। ਉਨ੍ਹਾਂ ਕਿਹਾ ਕਿ ਇਹ ਰਾਹ ਖੁੱਲ੍ਹੇ ਜਾਂ ਨਾ ਉਹ ਦਿੱਲੀ ਜ਼ਰੂਰ ਜਾਣਗੇ।

# ਬੱਸ ਦੀ ਫੇਟ ਕਾਰਨ ਮੋਟਰਸਾਈਕਲ ਸਵਾਰ ਹਲਾਕ




ਸੜਕ ਹਾਦਸੇ ਦੌਰਾਨ ਨੁਕਸਾਨੀਆਂ ਗਈਆਂ ਕਾਰਾਂ।

**ਪਟਿਆਲਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਵਾਪਰੇ ਸੜਕ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਬਲਵੰਤ ਰਾਮ ਪਿੰਡ ਬਹਾਦਰਪੁਰ ਫਕੀਰਾਂ ਥਾਣਾ ਜੁਲਕਾਂ ਜ਼ਿਲ੍ਹਾ ਪਟਿਆਲਾ ਵਜੋਂ ਹੋਈ ਹੈ। ਇਸ ਸਬੰਧੀ ਉਸ ਦੇ ਭਰਾ ਗੁਰਪ੍ਰੀਤ ਰਾਮ ਪੁੱਤਰ ਚਰਨਾ ਰਾਮ ਵਾਸੀ ਪਿੰਡ ਬਹਾਦਰਪੁਰ ਫਕੀਰਾਂ ਵੱਲੋਂ ਥਾਣਾ ਸਦਰ ਪਟਿਆਲਾ ਵਿੱਚ ਸ਼ਿਕਾਇਤ ਦਰਜ ਕਰਵਾਈ ਗਈ ਹੈ। ਗੁਰਪ੍ਰੀਤ ਰਾਮ ਨੇ ਦੱਸਿਆ ਕਿ ਉਸ ਦਾ ਭਰਾ ਬਲਵੰਤ ਰਾਮ ਜਦੋਂ ਮੋਟਰਸਾਈਕਲ 'ਤੇ ਜਾ ਰਿਹਾ ਸੀ ਤਾਂ ਪਿੰਡ ਭੁਨਰਹੇੜੀ ਨੇੜੇ ਹਰਿਆਣਾ ਰੋਡਵੇਜ਼ ਦੀ ਇੱਕ ਬੱਸ ਨੇ ਉਸ ਨੂੰ ਫੇਟ ਮਾਰ ਦਿੱਤੀ ਤੇ ਉਸ ਦੇ ਭਰਾ ਦੀ ਮੌਕੇ 'ਤੇ ਮੌਤ ਹੋ ਗਈ। ਇਸ ਸਬੰਧੀ ਸੰਪਰਕ ਕਰਨ 'ਤੇ ਥਾਣਾ ਸਦਰ ਪਟਿਆਲਾ ਦੇ ਐੱਸਐੱਚਓ ਇੰਸਪੈਕਟਰ ਗੁਰਪ੍ਰੀਤ ਸਿੰਘ ਭਿੰਡਰ ਦਾ ਕਹਿਣਾ ਸੀ ਕਿ ਬੱਸ ਦੇ ਡਰਾਇਵਰ ਖਿਲਾਫ਼ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

**ਕਾਰ ਹਾਦਸੇ ਵਿੱਚ ਦੋ ਗੰਭੀਰ ਜ਼ਖ਼ਮੀ**

ਮਾਨਸਾ ਸੜਕ 'ਤੇ ਅੱਜ ਸ਼ਾਮ ਵਾਪਰੇ ਸੜਕ ਹਾਦਸੇ ਵਿੱਚ ਦੋ ਜਣੇ ਗੰਭੀਰ ਜ਼ਖ਼ਮੀ ਹੋ ਗਏ। ਜਾਣਕਾਰੀ ਅਨੁਸਾਰ ਅੱਜ ਸ਼ਾਮ ਚੀਮਾ ਮੰਡੀ ਵਲੋਂ ਇਕ ਬਲੈਨੋ ਅਤੇ ਉਸ ਦੇ ਪਿੱਛੇ ਹੀ ਈਟੀਓਸ ਕਾਰ ਸੁਨਾਮ ਵੱਲ ਆ ਰਹੀਆਂ ਸਨ। ਜਿਵੇਂ ਹੀ ਸੁਨਾਮ-ਮਾਨਸਾ ਸੜਕ 'ਤੇ ਪਿੰਡ ਮਾਡਲ ਟਾਊਨ-1 ਅਤੇ ਸ਼ੇਰੋ ਕੈਂਚੀਆਂ ਦਰਮਿਆਨ ਇਕ ਆਟਾ ਚੱਕੀ ਦੇ ਸਾਹਮਣੇ ਬਲੈਨੋ ਕਾਰ ਅੱਗਿਉਂ ਆ ਰਹੇ ਇਕ ਤੇਲ ਟੈਂਕਰ ਨੂੰ ਪਾਰ ਕਰਨ ਲੱਗੀ ਤਾਂ ਕਾਰ ਉਸ ਵਿਚ ਵੱਜਕੇ ਸੜਕ ਵਿਚਕਾਰ ਆ ਗਈ। ਇਸੇ ਦੌਰਾਨ ਪਿੱਛੇ ਤੋਂ ਤੇਜ਼ ਰਫਤਾਰ ਆ ਰਹੀ ਈਟੀਓਸ ਕਾਰ ਬਲੈਨੋ ਕਾਰ 'ਚ ਟਕਰਾ ਗਈ। ਹਾਦਸੇ ਵਿੱਚ ਬਲੈਨੋ ਕਾਰ ਵਿਚ ਸਵਾਰ ਲੁਧਿਆਣਾ ਵਾਸੀ ਅਜੇ ਕੁਮਾਰ ਅਤੇ ਦਿਪਾਂਸ਼ੂ ਨਾਂਅ ਦੇ ਦੋ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਕੁਝ ਰਾਹਗੀਰਾਂ ਵਲੋਂ ਇਲਾਜ ਲਈ ਸਥਾਨਕ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਜਦੋਂ ਕਿ ਈਟੀਓਸ ਸਵਾਰ ਮਨੋਜ ਕੁਮਾਰ ਅਤੇ ਪ੍ਰਮੋਦ ਕੁਮਾਰ ਵਾਸੀ ਸਿਰਸਾ ਦੇ ਮਾਮੂਲੀ ਸੱਟਾਂ ਲੱਗੀਆਂ ਹਨ। ਹਾਦਸੇ ਦੌਰਾਨ ਦੋਵੇਂ ਕਾਰਾਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਹਨ।

# ਸ.ਫ਼ਾਈ ਕਾਮਿਆਂ ਨੇ ਕਾਰਜਸਾਧਕ ਅ.ਫ਼ਸਰ ਦੇ ਭਰੋਸੇ ਮਗਰੋਂ ਧਰਨਾ ਚੁੱਕਿਆ



ਸੈਨੇਟਰੀ ਇੰਸਪੈਕਟਰ ਵਿਕਾਸ ਚੌਧਰੀ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਸ.ਫ਼ਾਈ ਸੇਵਕ।

**ਰਾਜਪੁਰਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ ਕੌਂਸਲ ਰਾਜਪੁਰਾ ਵਿੱਚ ਤਾਇਨਾਤ ਸੈਨੇਟਰੀ ਇੰਸਪੈਕਟਰ ਵਿਕਾਸ ਚੌਧਰੀ ਦੀ ਬਦਲੀ ਦੀ ਮੰਗ ਲਈ ਐਕਸ਼ਨ ਕਮੇਟੀ ਰਾਜਪੁਰਾ ਦੀ ਅਗਵਾਈ ਹੇਠ ਸਫ਼ਾਈ ਸੇਵਕਾਂ ਵੱਲੋਂ ਦਿੱਤਾ ਜਾ ਰਿਹਾ ਧਰਨਾ ਅੱਜ ਕਾਰਜਸਾਧਕ ਅਫ਼ਸਰ ਅਵਤਾਰ ਚੰਦ ਦੇ ਭਰੋਸੇ ਮਗਰੋਂ ਸਮਾਪਤ ਹੋ ਗਿਆ। ਇਸ ਤੋਂ ਪਹਿਲਾਂ ਧਰਨੇ ਨੂੰ ਸੰਬੋਧਨ ਕਰਦਿਆਂ ਸਫ਼ਾਈ ਸੇਵਕ ਪੰਜਾਬ ਦੇ ਰੀਜਨ ਪ੍ਰਧਾਨ ਹੰਸ ਰਾਜ ਬਨਵਾੜੀ, ਸਫ਼ਾਈ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਅਸ਼ੋਕ ਕੁਮਾਰ ਬਿੱਟੂ ਅਤੇ ਭਾਰਤੀ ਮਜ਼ਦੂਰ ਸੰਘ ਦੇ ਪ੍ਰਧਾਨ ਜਸਵੀਰ ਕੁਮਾਰ ਨਾਹਰ ਨੇ ਸੰਬੋਧਨ ਕਰਦਿਆਂ ਦੋਸ਼ ਲਾਏ ਕਿ ਸੈਨੇਟਰੀ ਇੰਸਪੈਕਟਰ ਵਿਕਾਸ ਚੌਧਰੀ ਕੱਚੇ ਅਤੇ ਪੱਕੇ ਮੁਲਾਜ਼ਮਾਂ ਦਾ ਸ਼ੋਸ਼ਣ ਕਰਦਾ ਹੈ ਅਤੇ ਉਨ੍ਹਾਂ ਨੂੰ ਕੰਮ ਤੋਂ ਹਟਾਉਣ ਦੀਆਂ ਧਮਕੀਆਂ ਦੇ ਰਿਹਾ ਹੈ। ਉਨ੍ਹਾਂ ਕਿਹਾ ਕਿ ਚੌਧਰੀ ਪਿਛਲੇ ਕਾਫ਼ੀ ਸਾਲਾਂ ਤੋਂ ਨਗਰ ਕੌਂਸਲ ਰਾਜਪੁਰਾ ਵਿੱਚ ਤਾਇਨਾਤ ਹੈ, ਜਿਸ ਦੀ ਬਦਲੀ ਕੀਤੀ ਜਾਵੇ। ਕਾਰਜ ਸਾਧਕ ਅਫ਼ਸਰ ਅਵਤਾਰ ਚੰਦ ਨੇ ਧਰਨੇ ਵਿਚ ਪੁੱਜ ਕੇ ਲੋਕਲ ਬਾਡੀ ਡਾਇਰੈਕਟਰ ਨੂੰ ਵਿਕਾਸ ਚੌਧਰੀ ਦੀ ਬਦਲੀ ਕਰਵਾਉਣ ਸਬੰਧੀ ਲਿਖੀ ਚਿੱਠੀ ਦਿਖਾਈ ਅਤੇ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਮੰਗ ਜਲਦ ਮੰਨ ਲਈ ਜਾਵੇਗੀ। ਉਪਰੰਤ ਮੁਲਾਜ਼ਮਾਂ ਨੇ ਧਰਨਾ ਚੁੱਕ ਲਿਆ।

ਇਸ ਮੌਕੇ ਕਮਲ ਕੁਮਾਰ ਪੱਪੂ, ਦਰਸ਼ੀ ਕਾਂਤ, ਅਸ਼ੋਕ ਕੁਮਾਰ ਧਮੋਲੀ, ਰਾਜ ਕੁਮਾਰ, ਤਰਸੇਮ ਲਾਲ, ਸ਼ਿਵ ਕੁਮਾਰ ਮੋਨੀ, ਸੰਜੇ ਕੁਮਾਰ ਵੀਰ ਬਬਰੀਕ ਕੁਮਾਰ, ਰਾਜਿੰਦਰ ਕੁਮਾਰ ਸੁਮਿਤਰਾ ਦੇਵੀ , ਬਬਲੀ, ਰਾਜ ਰਾਣੀ, ਸੁਨੀਤਾ ਰਾਣੀ ਬੀਰੋ ਦੇਵੀ ਆਦਿ ਤੋਂ ਇਲਾਵਾ ਹੋਰ ਸਫ਼ਾਈ ਕਰਮਚਾਰੀ ਮੌਜੂਦ ਸਨ।

**ਸਫ਼ਾਈ ਸਬੰਧੀ ਚੈਕਿੰਗ ਦਾ ਵਿਰੋਧ ਕਰ ਰਹੀ ਹੈ ਯੂਨੀਅਨ: ਵਿਕਾਸ ਚੌਧਰੀ**

ਸੈਨੇਟਰੀ ਇੰਸਪੈਕਟਰ ਵਿਕਾਸ ਚੌਧਰੀ ਨੇ ਕਿਹਾ ਕਿ ਸ਼ਹਿਰ 'ਚ ਸਫ਼ਾਈ ਨੂੰ ਲੈ ਕੇ ਕਈ ਸ਼ਿਕਾਇਤਾਂ ਮਿਲ ਰਹੀਆਂ ਸਨ ਜਦੋਂ ਚੈਕਿੰਗ ਕੀਤੀ ਗਈ ਤਾਂ ਕਈ ਸਫ਼ਾਈ ਕਰਮਚਾਰੀ ਮੌਕੇ 'ਤੇ ਨਹੀਂ ਮਿਲੇ। ਯੂਨੀਅਨਾਂ ਚੈਕਿੰਗ ਦਾ ਵਿਰੋਧ ਕਰ ਰਹੀਆਂ ਹਨ।

**ਮੰਗ ਪੱਤਰ ਸਰਕਾਰ ਨੂੰ ਭੇਜਿਆ: ਈਓ**

ਕਾਰਜ ਸਾਧਕ ਅਫ਼ਸਰ ਅਵਤਾਰ ਚੰਦ ਨੇ ਕਿਹਾ ਕਿ ਸੈਨੇਟਰੀ ਇੰਸਪੈਕਟਰ ਦੀ ਬਦਲੀ ਕਰਨਾ ਉਨ੍ਹਾਂ ਦੇ ਅਧਿਕਾਰ ਖੇਤਰ 'ਚ ਨਹੀਂ ਹੈ। ਉਨ੍ਹਾਂ ਨੇ ਐਕਸ਼ਨ ਕਮੇਟੀ ਤੋਂ ਮੰਗ ਪੱਤਰ ਲੈ ਲਿਆ ਹੈ ਅਤੇ ਉਸ ਨੂੰ ਅੱਗੇ ਪੰਜਾਬ ਸਰਕਾਰ ਕੋਲ ਭੇਜ ਦਿੱਤਾ ਹੈ।

# ਗੁਰੂ ਨਾਨਕ ਪਬਲਿਕ ਸਕੂਲ ਸਰਾਭਾ ਨਗਰ ਵਿਖੇ ਸਾਲਾਨਾ ਇਨਾਮ ਵੰਡ ਸਮਾਗਮ



**ਲੁਧਿਆਣਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਨਾਨਕ ਪਬਲਿਕ ਸਕੂਲ, ਸਰਾਭਾ ਨਗਰ ਦੇ ਸੀਨੀਅਰ ਸੈਕਸ਼ਨ ਨੇ ਅਕਾਦਮਿਕ ਉੱਤਮਤਾ, ਪ੍ਰਤਿਭਾ ਅਤੇ ਸਮਾਜਿਕ ਜ਼ਿੰਮੇਵਾਰੀ ਦਾ ਜਸ਼ਨ ਮਨਾਉਂਦੇ ਹੋਏ, ਸਕੂਲ ਦੇ ਆਡੀਟੋਰੀਅਮ ਵਿੱਚ ਆਪਣੇ ਸਲਾਨਾ ਇਨਾਮ ਵੰਡ ਸਮਾਰੋਹ ਦੀ ਮੇਜ਼ਬਾਨੀ ਕੀਤੀ। ਇਸ ਮੌਕੇ ਵਿਦਿਆਰਥੀਆਂ, ਮਾਪਿਆਂ, ਪਤਵੰਤਿਆਂ ਅਤੇ ਜੀ.ਐਨ.ਪੀ.ਐਸ. ਪ੍ਰਬੰਧਕ ਕਮੇਟੀ ਦੇ ਮੈਂਬਰਾਂ, ਸਕੱਤਰ ਸੁਰਿੰਦਰ ਸਿੰਘ ਅਤੇ ਪ੍ਰਬੰਧਕੀ ਕਮੇਟੀ ਦੀ ਮੈਂਬਰ ਸ੍ਰੀਮਤੀ ਅਮਰਜੀਤ ਕੌਰ ਸਮੇਤ ਸਮੂਹ ਮੈਂਬਰਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਡਾ: ਹਰਸਿਮਰਤ ਗਰੇਵਾਲ ਸਹਾਇਕ ਕਮਿਸ਼ਨਰ, ਸਟੇਟ ਟੈਕਸ, ਲੁਧਿਆਣਾ ਅਤੇ ਸਕੂਲ ਦੇ ਸਾਬਕਾ ਵਿਦਿਆਰਥੀ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਪ੍ਰੇਰਨਾ ਦੇ ਸ਼ਬਦ ਸਾਂਝੇ ਕੀਤੇ ਜੋ ਵਿਦਿਆਰਥੀਆਂ ਅਤੇ ਅਧਿਆਪਕਾਂ ਦੋਵਾਂ ਲਈ ਚਾਨਣ ਮੁਨਾਰਾ ਬਣੇ। ਸ੍ਰੀ ਗੁਰਭੇਜ ਸਿੰਘ ਨਾਗੀ, ਪ੍ਰਿੰਸੀਪਲ, ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਨੌਜਵਾਨਾਂ ਦੇ ਦਿਮਾਗ ਨੂੰ ਘੜਨ ਵਿੱਚ ਸਿੱਖਿਆ ਦੀ ਅਹਿਮ ਭੂਮਿਕਾ ਬਾਰੇ ਚਾਨਣਾ ਪਾਇਆ, ਸਮੁੱਚੇ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਮਾਪਿਆਂ ਅਤੇ ਅਧਿਆਪਕਾਂ ਦੇ ਸਾਂਝੇ ਯਤਨਾਂ ਤੇ ਜ਼ੋਰ ਦਿੱਤਾ। ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਣ, ਦੀਵੇ ਜਗਾਉਣ ਅਤੇ ਸ਼ਿਵ ਸਤੂਤੀ ਨਾਲ ਹੋਈ, ਜਿਸ ਨਾਲ ਸ਼ਾਂਤ ਅਤੇ ਅਧਿਆਤਮਿਕ ਮਾਹੌਲ ਬਣਿਆ। ਇਸ ਤੋਂ ਬਾਅਦ ਵੈਲਕਮ ਡਾਂਸ ਕੀਤਾ ਗਿਆ। ਇੱਕ ਪਾਵਰਪੁਆਇੰਟ ਪੇਸ਼ਕਾਰੀ ਨੇ ਇਨਾਮ ਵੰਡ ਸਮਾਰੋਹ ਲਈ ਸਟੇਜ ਸੈੱਟ ਕਰਦੇ ਹੋਏ, ਪਿਛਲੇ ਸਾਲ ਵਿੱਚ ਸਕੂਲ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਦਾ ਵੇਰਵਾ ਦਿੱਤਾ।

ਸਮਾਗਮ ਦੌਰਾਨ ਡਾ: ਹਰਸਿਮਰਤ ਗਰੇਵਾਲ, ਏ.ਸੀ.ਪੀ. ਸ੍ਰੀ ਹਰਜਿੰਦਰ ਸਿੰਘ ਗਿੱਲ, ਵਿਸ਼ੇਸ਼ ਮਹਿਮਾਨ ਨੇ ਹੋਰ ਪਤਵੰਤੇ ਸੱਜਣਾਂ ਦੇ ਨਾਲ, ਰਾਜ ਅਤੇ ਰਾਸ਼ਟਰੀ ਪੱਧਰ ਦੇ ਮੁਕਾਬਲਿਆਂ ਵਿੱਚ ਸ਼ਾਨਦਾਰ ਅਕਾਦਮਿਕ ਪ੍ਰਾਪਤੀਆਂ ਅਤੇ ਸ਼ਲਾਘਾਯੋਗ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਸਮਾਗਮ ਦੇ ਸੱਭਿਆਚਾਰਕ ਹਿੱਸੇ ਨੇ ਮਨਮੋਹਕ ਪ੍ਰਦਰਸ਼ਨਾਂ ਰਾਹੀਂ ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਸਮਰਪਣ ਦਾ ਪ੍ਰਦਰਸ਼ਨ ਕੀਤਾ।

ਈਲੇਟੀਟਸ ਵਿੱਚ ਅੰਗਰੇਜ਼ੀ ਨਾਟਕ ਵਿੰਗਜ਼ ਆਫ਼ ਵਿਲ, ਔਰਤਾਂ ਦੇ ਸਸ਼ਕਤੀਕਰਨ ;ਤੇ ਜ਼ੋਰ ਦੇਣ ਵਾਲਾ, ਇੱਕ ਰੂਹ ਨੂੰ ਭੜਕਾਉਣ ਵਾਲਾ ਸੂਫੀ ਗੀਤ, ਇੱਕ ਸ਼ਾਨਦਾਰ ਸੋਲੋ ਡਾਂਸ, ਅਤੇ ਇੱਕ ਜੀਵੰਤ ਰਾਜਸਥਾਨੀ ਲੋਕ ਨਾਚ ਸ਼ਾਮਲ ਸੀ। ਵਿਦਿਆਰਥੀਆਂ ਨੇ ਓਲੰਪਿਕ ਹਾਸਿਲ ਕਰਨ ਵਾਲਿਆਂ ਤੇ ਇੱਕ ਪ੍ਰੇਰਨਾਦਾਇਕ ਕੋਰੀਓਗ੍ਰਾਫੀ, ਪੰਜਾਬੀ ਲੋਕ ਗੀਤ ਮਿੱਟੀ ਦਾ ਬਾਵਾ ਦੀ ਸੁਰੀਲੀ ਪੇਸ਼ਕਾਰੀ ਅਤੇ ਜੋਰਦਾਰ ਗਿੱਧੇ ਦੀ ਪੇਸ਼ਕਾਰੀ ਵੀ ਕੀਤੀ, ਜਿਸ ਨੇ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ। ਸ਼੍ਰੀਮਤੀ ਜਪਨੀਤ (ਮੁਖੀ ਅੰਗਰੇਜ਼ੀ ਵਿਭਾਗ) ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਉਨ੍ਹਾਂ ਨੇ ਮੁੱਖ ਮਹਿਮਾਨ ਅਤੇ ਹੋਰ ਪਤਵੰਤਿਆਂ ਦਾ ਧੰਨਵਾਦ ਕੀਤਾ। ਸਮਾਗਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ, ਜਿਸ ਨਾਲ ਸਾਰਿਆਂ ਨੂੰ ਮਾਣ ਅਤੇ ਪ੍ਰਾਪਤੀ ਦਾ ਅਹਿਸਾਸ ਹੋਇਆ। ਸਾਰੇ ਖੇਤਰਾਂ ਵਿੱਚ ਪ੍ਰਤਿਭਾ ਅਤੇ ਉੱਤਮਤਾ ਦਾ ਪਾਲਣ ਪੋਸ਼ਣ ਕਰਨ ਲਈ ਸਕੂਲ ਦੀ ਵਚਨਬੱਧਤਾ ਨੂੰ ਉਜਾਗਰ ਕਰਦੇ ਹੋਏ, ਸਮਾਰੋਹ ਇੱਕ ਸ਼ਾਨਦਾਰ ਸਫਲਤਾ ਦਾ ਪ੍ਰਮਾਣ ਰਿਹਾ।

# ਢਾਬੀ ਗੁੱਜਰਾਂ ਮੋਰਚੇ ਵਿੱਚ ਪੁੱਜਣ ਲੱਗੇ ਕਿਸਾਨਾਂ ਦੇ ਕਾ.ਫਲੇ

**ਖਨੌਰੀ, 28 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ-ਸੰਗਰੂਰ ਕੌਮੀ ਮਾਰਗ 'ਤੇ ਕੇਂਦਰ ਸਰਕਾਰ ਵੱਲੋਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਨੌਂ ਮਹੀਨਿਆਂ ਤੋਂ ਢਾਬੀ ਗੁੱਜਰਾਂ 'ਚ ਚੱਲਦੇ ਕਿਸਾਨ ਅੰਦੋਲਨ ਨੂੰ ਮਜ਼ਬੂਤ ? ?ਕਰਨ ਲਈ ਭਾਰਤੀ ਕਿਸਾਨ ਏਕਤਾ ਦਾ ਵੱਡਾ ਕਾਫ਼ਲਾ ਪ੍ਰਧਾਨ ਲਖਵਿੰਦਰ ਸਿੰਘ ਔਲਖ ਦੀ ਅਗਵਾਈ ਹੇਠ ਅੱਜ ਹਰਿਆਣਾ ਦੇ ਪਿੰਡ ਝੋਰੜੋਹੀ ਤੋਂ ਕਿਸਾਨ ਏਕਤਾ ਜ਼ਿੰਦਾਬਾਦ ਦੇ ਨਾਅਰੇ ਲਾਉਂਦਾ ਹੋਇਆ ਅੰਦੋਲਨ ਵਿੱਚ ਸ਼ਾਮਲ ਹੋਇਆ। ਕਾਫਲੇ ਵਿੱਚ ਸ਼ਾਮਲ ਕਿਸਾਨਾਂ ਨੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਜਿਸ ਢੰਗ ਨਾਲ ਪੁਲੀਸ ਜਬਰੀ ਚੁੱਕ ਕੇ ਲੈ ਗਈ ਹੈ ਉਹ ਪੁਲੀਸ ਦਾ ਤਰੀਕਾ ਨਿੰਦਣ ਯੋਗ ਸੀ। ਉਨ੍ਹਾਂ ਦੱਸਿਆ ਹੈ ਕਿ ਹੁਣ ਉਹ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਸੁਖਜੀਤ ਸਿੰਘ ਹਰਦੋਝੰਡੇ ਦੀ ਢਾਲ ਬਣਨ ਲਈ ਆਏ ਹਨ। ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਵੱਲੋਂ ਜਿੱਥੇ ਉਨ੍ਹਾਂ ਦੀਆਂ ਡਿਊਟੀਆਂ ਲਾਈਆਂ ਹਨ ਉਹ ਉਨ੍ਹਾਂ ਨੂੰ ਬਾਖੂਬੀ ਨਿਭਾਉਣਗੇ।ਜ਼ਿਕਰਯੋਗ ਹੈ ਕਿ ਜਗਜੀਤ ਸਿੰਘ ਡੱਲੇਵਾਲ ਨੂੰ ਪੁਲੀਸ ਵੱਲੋਂ ਚੁੱਕੇ ਜਾਣ ਦੀ ਕਾਰਵਾਈ ਵਿਰੁੱਧ ਕਿਸਾਨਾਂ ਨੇ ਵੱਡੀ ਗਿਣਤੀ ਵਿੱਚ ਮੋਰਚੇ ਵਾਲੀ ਥਾਂ 'ਤੇ ਪਹੁੰਚਣਾ ਸ਼ੁਰੂ ਕਰ ਦਿੱਤਾ ਹੈ।

# ਕੈਬਨਿਟ ਮੰਤਰੀ ਦੇ ਨਾਲ ਨਾਲ ਪਾਰਟੀ ਪ੍ਰਧਾਨ ਵਜੋਂ ਮਿਲੀ ਨਵੀਂ ਜ਼ਿੰਮੇਵਾਰੀ ਨੂੰ ਵੀ ਪੂਰੀ ਤਨਦੇਹੀ ਨਾਲ ਨਿਭਾਵਾਂਗਾ: ਅਮਨ ਅਰੋੜਾ

**ਸੁਨਾਮ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ, ਜਿਨ੍ਹਾਂ ਨੂੰ ਆਮ ਆਦਮੀ ਪਾਰਟੀ ਦਾ ਸੂਬਾ ਪ੍ਰਧਾਨ ਬਣਾਇਆ ਗਿਆ ਹੈ, ਅੱਜ ਸੁਨਾਮ ਵਿਖੇ ਸਥਿਤ ਸ਼ਹੀਦ ਊਧਮ ਸਿੰਘ ਜੀ ਦੇ ਸਮਾਰਕ ਵਿਖੇ ਨਤਮਸਤਕ ਹੋਏ ਅਤੇ ਦੇਸ਼ ਦੇ ਮਹਾਨ ਕ੍ਰਾਂਤੀਕਾਰੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਇਸ ਮੌਕੇ ਸੁਨਾਮ ਵਾਸੀਆਂ ਵੱਲੋਂ ਉਨਾਂ ਦੇ ਸਵਾਗਤ ਵਜੋਂ ਸਮਾਰਕ ਵਿਖੇ ਹੀ ਆਯੋਜਿਤ ਸਵਾਗਤ ਦੀ ਸਮਾਰੋਹ ਦੌਰਾਨ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਆਮ ਆਦਮੀ ਪਾਰਟੀ ਦੇ ਪ੍ਰਧਾਨ ਵਜੋਂ ਮਿਲੀ ਨਵੀਂ ਜ਼ਿੰਮੇਵਾਰੀ ਲਈ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਨ ਦੇ ਨਾਲ ਨਾਲ ਹਲਕਾ ਸੁਨਾਮ ਦੇ ਨਿਵਾਸੀਆਂ ਵੱਲੋਂ ਸਮੇਂ ਸਮੇਂ ਤੇ ਦਿੱਤੇ ਗਏ ਅਥਾਹ ਪਿਆਰ ਅਤੇ ਸਤਿਕਾਰ ਲਈ ਵੀ ਧੰਨਵਾਦ ਕੀਤਾ। ਉਹਨਾਂ ਦੱਸਿਆ ਕਿ ਬੀਤੇ ਦਿਨੀ ਪਟਿਆਲਾ ਤੋਂ ਸ਼੍ਰੀ ਅੰਮ੍ਰਿਤਸਰ ਸਾਹਿਬ ਤੱਕ ਕੀਤੀ ਗਈ ਸ਼ੁਕਰਾਨਾ ਯਾਤਰਾ ਨੂੰ ਪੰਜਾਬ ਵਾਸੀਆਂ ਨੇ ਭਰਵਾਂ ਹੁੰਗਾਰਾ ਦਿੱਤਾ। ਉਹਨਾਂ ਕਿਹਾ ਕਿ ਪਾਰਟੀ ਪ੍ਰਧਾਨ ਨੂੰ ਪੂਰੀ ਮਿਹਨਤ ਨਾਲ ਨਿਭਾਉਂਦੇ ਹੋਏ ਸੂਬੇ ਦੀ ਬਿਹਤਰੀ, ਤਰੱਕੀ ਤੇ ਖੁਸ਼ਹਾਲੀ ਲਈ ਨਿਰੰਤਰ ਕਾਰਜਸ਼ੀਲ ਰਹਿਣਗੇ।

ਇਸ ਮੌਕੇ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਜਿਸ ਤਰ੍ਹਾਂ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹਰ ਸ਼ਹਿਰੀ ਅਤੇ ਦਿਹਾਤੀ ਖੇਤਰ ਵਿੱਚ ਵਿਕਾਸ ਕਾਰਜਾਂ ਦੀ ਹਨੇਰੀ ਚੱਲ ਰਹੀ ਹੈ ਉਸੇ ਤਰ੍ਹਾਂ ਹੀ ਆਮ ਆਦਮੀ ਪਾਰਟੀ ਵਿੱਚ ਹਰ ਵਰਕਰ ਨੂੰ ਮਾਣ ਸਨਮਾਨ ਦੇਣ ਦੀ ਰਵਾਇਤ ਹੈ ਅਤੇ ਇਸ ਨੂੰ ਹੋਰ ਵੀ ਮਜਬੂਤ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਜ਼ਮੀਨੀ ਪੱਧਰ ਤੇ ਹਰ ਯੋਜਨਾ ਦਾ ਲਾਭ ਉਠਾਉਣ ਦੇ ਸਮਰੱਥ ਬਣਾਉਣ ਲਈ ਪੰਜਾਬ ਭਰ ਵਿੱਚ ਪਾਰਟੀ ਵਰਕਰ ਸਰਗਰਮ ਰਹਿਣਗੇ।

ਇਸ ਮੌਕੇ ਨਗਰ ਕੌਂਸਲ ਪ੍ਰਧਾਨ ਨਿਸ਼ਾਨ ਸਿੰਘ ਟੋਨੀ, ਚੇਅਰਮੈਨ ਮਾਰਕੀਟ ਕਮੇਟੀ ਮੁਕੇਸ਼ ਜੁਨੇਜਾ, ਜਤਿੰਦਰ ਜੈਨ, ਈਓ ਬਾਲ ਕ੍ਰਿਸ਼ਨ, ਬਲਾਕ ਪ੍ਰਧਾਨ ਸਾਹਿਬ ਸਿੰਘ, ਮਨਪ੍ਰੀਤ ਬਾਂਸਲ , ਮਨੀ ਸਰਾਓ, ਰਵੀ ਕਮਲ ਗੋਇਲ, ਚਮਕੌਰ ਹਾਂਡਾ, ਸਨੀ ਕਾਂਸਲ ਐਮਸੀ, ਨਰੇਂਦਰ ਠੇਕੇਦਾਰ, ਭਾਨੂੰ ਪ੍ਰਤਾਪ, ਰਾਮ ਕੁਮਾਰ, ਆਸ਼ੀਸ਼ ਜੈਨ, ਜਰਨੈਲ ਬੱਬੂ ਅਤੇ ਸੋਨੂ ਵਰਮਾ, ਮਨਿੰਦਰ ਲਖਮੀਰਵਾਲਾ, ਵਿਸਾਲ ਕੌਸ਼ਲ ਸਮੇਤ ਹੋਰ ਸ਼ਖਸੀਅਤਾਂ ਵੀ ਹਾਜ਼ਰ ਸਨ।

# ਗਿੱਦੜਬਾਹਾ ਦੀ ਜਿਮਨੀ ਚੋਣ ਅਮਨ ਸ਼ਾਂਤੀ ਨਾਲ ਸੰਪੰਨ ਹੋਣ ਦੀ ਖੁਸ਼ੀ ਵਿੱਚ ਡੀ.ਐਸ.ਪੀ. ਦਫਤਰ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ

**ਗਿੱਦੜਬਾਹਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਗਿੱਦੜਬਾਹਾ ਵਿਖੇ ਜਿਮਨੀ ਚੋਣ ਅਮਨ ਸ਼ਾਂਤੀ ਨਾਲ ਸੰਪੰਨ ਹੋਣ ਤੇ ਵਾਹਿਗੁਰੂ ਜੀ ਦੇ ਸ਼ੁਕਰਾਨੇ ਵਜੋਂ ਡੀਐਸਪੀ ਦਫਤਰ ਗਿੱਦੜਬਾਹਾ ਵਿਖੇ ਸ੍ਰੀ ਸੁਖਮਣੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਸ਼ਰਬਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਡੀਐਸਪੀ ਅਵਤਾਰ ਸਿੰਘ ਰਾਜਪਾਲ ਨੇ ਦੱਸਿਆ ਕਿ ਐਸਐਸਪੀ ਸ੍ਰੀ ਮੁਕਤਸਰ ਸਾਹਿਬ ਸ੍ਰੀ ਤੁਸਾਰ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਪੁਲਿਸ ਪ੍ਰਸ਼ਾਸਨ ਵੱਲੋਂ ਸੁਚੱਜੇ ਢੰਗ ਨਾਲ ਨਿਭਾਈ ਗਈ ਭੂਮਿਕਾ ਸਦਕਾ ਗਿੱਦੜਬਾਹਾ ਜਿਮਨੀ ਚੋਣ ਅਮਨ ਸ਼ਾਂਤੀ ਤੇ ਬਿਨਾਂ ਕਿਸੇ ਲੜਾਈ ਝਗੜੇ ਸੰਪੰਨ ਹੋਈ ਜਿਸ ਦੌਰਾਨ ਜਿੱਥੇ ਹਲਕੇ ਦੇ ਲੋਕਾਂ ਵੱਲੋਂ ਸ਼ਾਂਤੀ ਪੂਰਵਕ ਵੱਡੀ ਗਿਣਤੀ ਵਿੱਚ ਵੋਟਾਂ ਪਾ ਕੇ ਪੁਲਿਸ



ਪ੍ਰਸ਼ਾਸਨ ਨੂੰ ਭਰਪੂਰ ਸਹਿਯੋਗ ਦਿੱਤਾ ਗਿਆ ਹੈ ਉੱਥੇ ਹੀ ਸਿਆਸੀ ਪਾਰਟੀਆਂ ਦੇ ਪੈਰੋਕਾਰਾਂ ਵੱਲੋਂ ਵੀ ਅਮਨ ਸ਼ਾਂਤੀ ਬਰਕਰਾਰ ਰੱਖਣ ਲਈ ਸਲਾਘਾਯੋਗ ਭੂਮਿਕਾ ਨਿਭਾਈ ਗਈ, ਜਿਸ ਕਾਰਨ ਪੋਲਿੰਗ ਦਾ ਕੰਮ ਅਮਨ ਅਮਾਨ ਨਾਲ ਨੇਪਰੇ ਚੜ੍ਹ ਸਕਿਆ । ਇਸ ਸਮੇਂ ਡੀਐਸਪੀ ਅਵਤਾਰ ਸਿੰਘ ਰਾਜਪਾਲ ਨੇ ਸਹਿਯੋਗ ਦੇਣ ਲਈ ਸਮੂਹ ਹਲਕਾ ਨਿਵਾਸੀਆਂ ਅਤੇ ਸਿਆਸੀ ਪੈਰੋਕਾਰਾਂ ਦਾ ਤਹਿ ਦਿਲੋਂ ਧੰਨਵਾਦ ਅਦਾ ਕੀਤਾ। ਦੂਜੇ ਪਾਸੇ ਸ਼ਹਿਰ ਦੀ ਸਮਾਜ ਸੇਵੀ ਸੰਸਥਾ ਰਾਹਤ ਫਾਉਂਡੇਸ਼ਨ ਦੇ ਅਨਮੋਲ ਜੁਨੇਜਾ ਬਬਲੂ, ਮਨੀਸ਼ ਵਰਮਾ, ਵਿੱਕੀ ਬੰਬੇ ਡਾਇੰਗ ਅਤੇ ਅਨਮੋਲ ਸੇਠੀ ਵੱਲੋਂ ਜ਼ਿਮਨੀ ਚੋਣ ਦੌਰਾਨ ਅਮਨ ਸ਼ਾਂਤੀ ਬਰਕਰਾਰ ਰੱਖਣ ਲਈ ਪੁਲਿਸ ਪ੍ਰਸ਼ਾਸਨ ਵੱਲੋਂ ਨਿਭਾਈ ਗਈ। ਸ਼ਲਾਘਾਯੋਗ ਭੂਮਿਕਾ ਦੇ ਮੱਦੇਨਜ਼ਰ ਡੀਐਸਪੀ ਗਿੱਦੜਬਾਹਾ ਅਵਤਾਰ ਸਿੰਘ ਰਾਜਪਾਲ ਨੂੰ ਵਧਾਈ ਦਿੱਤੀ ਗਈ ਅਤੇ ਉਨ੍ਹਾਂ ਨੂੰ ਸਨਮਾਨਿਤ ਪੱਤਰ ਨਾਲ ਨਵਾਜਿਆ ਗਿਆ। ਇਸ ਸਮੇਂ ਨਵਨਿਯੁਕਤ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਭਰਾ ਸੰਦੀਪ ਸਿੰਘ ਸੰਨੀ ਢਿੱਲੋ, ਅਭੈ ਸਿੰਘ ਢਿੱਲੋ,ਐਸ ਡੀ ਜੇ ਐਮ,ਜੱਜ ਸਾਹਿਬ ਹਿਮਾਂਸ਼ੂ ਅਰੋੜਾ, ਮਾਨਯੋਗ ਜੱਜ ਏਕਤਾ ਮੈਡਮ, ਮਾਨਯੋਗ ਜੱਜ ਸਮੁਖੀ ਮੈਡਮ ਮਲੋਟ,ਐਸ ਡੀ ਐਮ ਜਸਪਾਲ ਸਿੰਘ ਬਰਾੜ, ਐਸ ਪੀ ਡੀ,ਮਨਵੀਰਾ ਸਿੰਘ ਢਿੱਲੋਂ, ਮਨਵਿੰਦਰ ਸਿੰਘ, ਐਸ,ਪੀ, ਡੀ,ਐਸ,ਪੀ, ਅਵਤਾਰ ਸਿੰਘ ਰਾਜਪਾਲ,ਡੀ, ਐਸ, ਪੀ, ਇਕਬਾਲ ਸਿੰਘ ਸੰਧੂ ਮਲੋਟ, ਅਮਨਦੀਪ ਸਿੰਘ, ਡੀਐਸਪੀ, ਜਸਬੀਰ ਸਿੰਘ ਮੁੱਖ ਥਾਣਾ ਅਫਸਰ ਕੋਟਭਾਈ, ਗੁਰਵਿੰਦਰ ਸਿੰਘ ਸੀ,ਆਈ,ਏ, ਸਟਾਫ, ਅੰਗਰੇਜ਼ ਸਿੰਘ ਸੀ,ਆਈ, ਡੀ, ਟ੍ਰੈਫਿਕ ਇੰਚਾਰਜ਼ ਜਗਸੀਰ ਪੁਰੀ,ਰਾਜ ਬਹਾਦਰ ਸਿੰਘ ਸਪੈਸ਼ਲ ਸਟਾਫ, ਗੁਰਪ੍ਰੀਤ ਸਿੰਘ ਰੀਡਰ ਡੀਐਸਪੀ ਇੰਸਪੈਕਟਰ ਰਾਜਬੀਰ ਕੌਰ ਸਾਈਬਰ ਸੈੱਲ, ਇੰਸਪੈਕਟਰ ਲਵਮੀਤ ਕੌਰ ਇਨਚਾਰਜ ਇਲੈਕਸ਼ਨ,ਅੰਮਿਤ ਕੁਮਾਰ ਸਿੰਪੀ ਬਾਂਸਲ, ਸ਼ਾਮ ਸੁੰਦਰ ਛਿੰਦੀ ਆਦਿ ਤੋਂ ਇਲਾਵਾ ਸਮਾਜ ਸੇਵੀ ਸੰਸਥਾਵਾਂ ਦੇ ਪ੍ਰਤੀਨਿਧੀ ਅਤੇ ਸ਼ਹਿਰ ਦੇ ਪਤਵੰਤੇ ਸੱਜਣ ਹਾਜ਼ਰ ਸਨ।

# ਸਿਹਤ ਲਈ ਲਾਭਦਾਇਕ ਹੈ ਐਲੋਵੀਰਾ



ਐਲੋਵੀਰਾ ਜਿੰਨਾ ਸਾਡੀ ਸਿਹਤ ਲਈ ਫ਼ਾਇਦੇਮੰਦ ਹੈ ਓਨਾ ਹੀ ਵਾਲਾਂ 'ਤੇ ਚਿਹਰੇ ਲਈ ਵੀ ਗੁਣਕਾਰੀ ਹੈ। ਇਸ ਵਿਚ ਐਮੀਨੋ ਐਸਿਡ ਤੇ 12 ਵਿਟਾਮਿਨ ਭਰਪੂਰ ਮਾਤਰਾ 'ਚ ਪਾਏ ਜਾਂਦੇ ਹਨ। ਇਸ ਦੇ ਸੇਵਨ ਨਾਲ ਖ਼ੂਨ ਦੀ ਘਾਟ ਨੂੰ ਵੀ ਪੂਰਾ ਕੀਤਾ ਜਾ ਸਕਦਾ ਹੈ। ਆਓ ਜਾਣਦੇ ਹਾਂ ਇਸ ਦੇ ਫ਼ਾਇਦੇ :

**ਐਲੋਵੀਰਾ ਆਪਣੇ ਐਂਟੀ ਬੈਕਟੀਰੀਅਲ, ਐਂਟੀ ਫੰਗਲ ਕਾਰਨ ਸੜੇ ਹੋਏ ਅੰਗ ਜਾਂ ਸੱਟ ਨੂੰ ਠੀਕ ਕਰ ਦਿੰਦੀ ਹੈ...**

### ਸੱਟ ਤੋਂ ਦੇਵੇ ਆਰਾਮ

ਐਲੋਵੀਰਾ ਆਪਣੇ ਐਂਟੀ ਬੈਕਟੀਰੀਅਲ ਤੇ ਐਂਟੀ ਫੰਗਲ ਗੁਣਾਂ ਕਾਰਨ ਸਰੀਰ ਦੇ ਕਿਸੇ ਵੀ ਸੜੇ ਹੋਏ ਅੰਗ ਜਾਂ ਸੱਟ ਨੂੰ ਬਹੁਤ ਜਲਦੀ ਠੀਕ ਕਰ ਦਿੰਦੀ ਹੈ। ਸੜੇ ਹੋਏ ਹਿੱਸੇ ਅਤੇ ਸੱਟ ਉੱਪਰ ਇਸ ਦੀ ਜੈੱਲ ਨੂੰ ਲਗਾਉਣ ਨਾਲ ਆਰਾਮ ਮਿਲਦਾ ਹੈ। ਸੱਟ ਲੱਗਣ ਤੋਂ ਤੁਰੰਤ ਬਾਅਦ ਇਸ ਦਾ ਜ਼ਖ਼ਮਾਂ ਉੱਪਰ ਇਸਤੇਮਾਲ ਕਰਨ ਨਾਲ ਜ਼ਖ਼ਮ ਛੇਤੀ ਠੀਕ ਹੋ ਜਾਂਦੇ ਹਨ।

### ਭਾਰ ਘੱਟ ਕਰੇ

ਜੇ ਤੁਹਾਡਾ ਭਾਰ ਵੱਧ ਰਿਹਾ ਹੈ ਅਤੇ ਇਸ ਕਾਰਨ ਤੁਸੀ ਹਰ ਸਮੇਂ ਥਕਾਵਟ ਤੇ ਸੁਸਤੀ ਮਹਿਸੂਸ ਕਰ ਰਹੇ ਹੋ ਤਾਂ ਐਲੋਵੀਰਾ ਦੇ ਜੂਸ ਦਾ ਸੇਵਨ ਕਰੋ। ਇਸ ਦੇ ਰੋਜ਼ਾਨਾ ਸੇਵਨ ਨਾਲ ਐਨਰਜੀ ਵੀ ਮਿਲਦੀ ਹੈ ਅਤੇ ਵਧਦਾ ਹੋਇਆ ਭਾਰ ਵੀ ਘੱਟ ਹੋ ਜਾਂਦਾ ਹੈ।

### ਪਾਚਨ ਕਿਰਿਆ

ਐਲੋਵੀਰਾ ਦਾ ਜੂਸ ਪੀਣ ਨਾਲ ਪੇਟ ਦੇ ਕਈ ਰੋਗਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਐਲੋਵੀਰਾ ਦਾ ਜੂਸ ਸਾਡੀ ਪਾਚਨ ਕਿਰਿਆ ਨੂੰ ਮਜ਼ਬੂਤ ਕਰਦਾ ਹੈ। ਇਸ ਦਾ ਰੋਜ਼ਾਨਾ ਸੇਵਨ ਕਰਨ ਨਾਲ ਕਬਜ਼ ਵਰਗੀਆਂ ਤਕਲੀਫ਼ਾਂ ਤੋਂ ਵੀ ਛੁਟਕਾਰਾ ਪਾਇਆ ਜਾ ਸਕਦਾ ਹੈ। ਪੇਟ 'ਚ ਪੈਦਾ ਹੋਣ ਵਾਲੇ ਅਲਸਰ ਵੀ ਠੀਕ ਹੋ ਜਾਂਦੇ ਹਨ।

### ਦਿਲ ਦੀਆਂ ਬਿਮਾਰੀਆਂ

ਐਲੋਵੀਰਾ ਸਰੀਰ ਵਿਚ ਖ਼ੂਨ ਦੀ ਮਾਤਰਾ ਨੂੰ ਵਧਾਉਂਦੀ ਹੈ। ਇਹ ਹਾਈ ਪ੍ਰੈਸ਼ਰ ਨੂੰ ਵੀ ਕੰਟਰੋਲ ਕਰਦੀ ਹੈ, ਜਿਸ ਨਾਲ ਹਾਰਟ ਅਟੈਕ ਦਾ ਖ਼ਤਰਾ ਕਾਫ਼ੀ ਘੱਟ ਜਾਂਦਾ ਹੈ।

### ਵਾਲਾਂ ਦੀ ਸਮੱਸਿਆ

ਵਾਲਾਂ ਨੂੰ ਸਿਹਤਮੰਦ ਰੱਖਣ 'ਚ ਐਲੋਵੀਰਾ ਬਹੁਤ ਹੀ ਚਮਤਕਾਰੀ ਗੁਣ ਰੱਖਦੀ ਹੈ। ਵਾਲਾਂ ਸਬੰਧੀ ਜਿੰਨੀਆਂ ਵੀ ਸਮੱਸਿਆਵਾਂ ਹਨ, ਉਨ੍ਹਾਂ ਨੂੰ ਐਲੋਵੀਰਾ ਦੀ ਮਦਦ ਨਾਲ ਦੂਰ ਕੀਤਾ ਜਾ ਸਕਦਾ ਹੈ, ਜਿਵੇਂ-ਵਾਲਾਂ ਦਾ ਝੜਨਾ, ਖ਼ੁਸ਼ਕੇ ਵਾਲ, ਵਾਲਾਂ 'ਚ ਡੈਂਡਰਫ ਜਾਂ ਸਿੱਕਰੀ ਪੈਦਾ ਹੋ ਜਾਣ 'ਤੇ ਹਫ਼ਤੇ ਵਿਚ ਦੋ ਵਾਰ ਐਲੋਵੀਰਾ ਦਾ ਜੂਸ ਕੱਢ ਕੇ ਨਾਰੀਅਲ ਤੇਲ 'ਚ ਮਿਲਾ ਕੇ ਸ਼ੈਂਪੂ ਕਰਨ ਨਾਲ ਵਾਲ ਚਮਕਦਾਰ ਤੇ ਮਜ਼ਬੂਤ ਹੁੰਦੇ ਹਨ।

### ਮਸੂੜਿਆਂ ਦੀਆਂ ਸਮੱਸਿਆਵਾਂ

ਮੂੰਹ, ਮਸੂੜੇ ਤੇ ਦੰਦਾਂ ਸਬੰਧੀ ਰੋਗਾਂ ਤੋਂ ਛੁਟਕਾਰਾ ਪਾਉਣ ਲਈ ਐਲੋਵੀਰਾ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਦੀ ਵਰਤੋਂ ਕਰਨ ਨਾਲ ਮਸੂੜਿਆਂ 'ਚੋਂ ਖ਼ੂਨ ਨਿਕਲਣਾ (ਪਾਇਰੀਆ) ਬੰਦ ਹੋ ਜਾਂਦਾ ਹੈ ਤੇ ਨਾਲ ਹੀ ਮੂੰਹ ਦੇ ਛਾਲਿਆਂ (ਮਾਊਥ ਅਲਸਰ) ਤੋਂ ਵੀ ਛੁਟਕਾਰਾ ਪਾਇਆ ਜਾ ਸਕਦਾ ਹੈ। •





# ਫ਼ਾਇਦੇਮੰਦ ਹੈ ਪਿੱਪਲ ਦਾ ਰੁੱਖ

ਪਿੱਪਲ ਦਾ ਰੁੱਖ ਪੂਰੇ ਭਾਰਤ ਵਿਚ ਆਮ ਪਾਇਆ ਜਾਂਦਾ ਹੈ। ਇਸ ਰੁੱਖ ਦੀ ਜਿੱਥੇ ਧਾਰਮਿਕ ਮਹੱਤਤਾ ਹੈ, ਉੱਥੇ ਆਯੁਰਵੇਦਿਕ ਇਲਾਜ ਪ੍ਰਣਾਲੀ ਵਿਚ ਵੀ ਇਸ ਦੀ ਖ਼ਾਸ ਅਹਿਮੀਅਤ ਹੈ। ਇਸ ਰੁੱਖ ਦੇ ਗੁਣਕਾਰੀ ਹਿੱਸਿਆਂ ਨਾਲ ਕਈ ਬਿਮਾਰੀਆਂ ਨੂੰ ਠੀਕ ਕੀਤਾ ਜਾ ਸਕਦਾ ਹੈ ਜਿਵੇਂ-ਨਾੜਾਂ ਦਾ ਦਰਦ, ਨਾੜਾਂ 'ਤੇ ਸੋਜ, ਗੋਨੋਰੀਆ (ਸੋਜ਼ਾਕ), ਚਿਹਰੇ ਦੀਆਂ ਝੁਰੜੀਆਂ ਆਦਿ ਸਮੱਸਿਆਵਾਂ ਨੂੰ ਦੂਰ ਕੀਤਾ ਜਾ ਸਕਦਾ ਹੈ।

**ਦੱਦਰੀ ਤੇ ਖਾਰਿਸ਼ 'ਚ ਲਾਭਕਾਰੀ**

ਪਿੱਪਲ ਦੇ 4-5 ਕੋਮਲ ਤੇ ਨਰਮ ਪੱਤੇ ਲਓ ਤੇ ਇਸ ਦੇ ਛਿਲਕੇ ਦਾ ਕਾੜ੍ਹਾ ਬਣਾ ਕੇ ਅੱਧਾ ਕੱਪ ਪੀਣ ਨਾਲ ਦੱਦਰੀਆਂ (ਰਿੰਗ ਵਰਮਜ਼) ਅਤੇ ਖਾਰਿਸ਼ (ਸਕੈਬੀਜ਼) ਆਦਿ ਤੋਂ ਆਰਾਮ ਮਿਲਦਾ ਹੈ।

### ਝੁਰੜੀਆਂ

ਪਿੱਪਲ ਦੀਆਂ ਜੜ੍ਹਾਂ 'ਚ ਐਂਟੀਆਕਸੀਡੈਂਟ ਸਭ ਤੋਂ ਜ਼ਿਆਦਾ ਹੁੰਦੇ ਹਨ। ਪਿੱਪਲ ਦੀਆਂ ਤਾਜ਼ੀਆਂ ਜੜ੍ਹਾਂ ਨੂੰ ਸਿਰੇ ਤੋਂ ਕੱਟ ਕੇ ਪਾਣੀ 'ਚ ਡੋਬ ਕੇ ਪੀਸ ਲਵੋ ਤੇ ਇਸ ਦਾ ਪੇਸਟ ਬਣਾ ਕੇ ਚਿਹਰੇ 'ਤੇ ਲਗਾਉਣ ਨਾਲ ਝੁਰੜੀਆਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

### ਦੰਦਾਂ ਨੂੰ ਰੱਖੇ ਮਜ਼ਬੂਤ

10 ਗ੍ਰਾਮ ਪਿੱਪਲ ਦਾ ਛਿਲਕਾ ਅਤੇ 2 ਗ੍ਰਾਮ ਕਾਲੀਆਂ ਮਿਰਚਾਂ ਨੂੰ ਬਾਰੀਕ ਪੀਸ ਕੇ ਪਾਊਡਰ ਬਣਾ ਲਓ ਤੇ ਇਸ ਦਾ ਟੂਥ-ਪੇਸਟ ਬਣਾ ਕੇ ਦੰਦਾਂ ਲਈ ਇਸਤੇਮਾਲ ਕਰੋ। ਇਸ ਨਾਲ ਦੰਦਾਂ ਦਾ ਹਿਲਣਾ, ਸੋਜ਼ਿਸ਼, ਮੂੰਹ ਦੀ ਬਦਬੂ ਆਦਿ ਸਮੱਸਿਆਵਾਂ ਤੋਂ ਛੁਟਕਾਰਾ ਮਿਲੇਗਾ।

### ਪਾਟੀਆਂ ਹੋਈਆਂ ਬਿਆਈਆਂ

ਫ਼ਟੀਆਂ ਹੋਈਆਂ ਅੱਡੀਆਂ ਜਾਂ ਬਿਆਈਆਂ ਉੱਪਰ ਪਿੱਪਲ ਦੇ ਪੱਤਿਆਂ 'ਚੋਂ ਦੁੱਧ ਕੱਢ ਕੇ ਲਗਾਉਣ ਨਾਲ ਕੁੱਝ ਹੀ ਦਿਨਾਂ ਵਿਚ ਅੱਡੀਆਂ ਦਾ ਫ਼ਟਣਾ ਠੀਕ ਹੋ ਜਾਂਦਾ ਹੈ ਅਤੇ ਇਹ ਨਰਮ ਰਹਿੰਦੀਆਂ ਹਨ।

### ਜ਼ਖ਼ਮਾਂ ਤੋਂ ਆਰਾਮ

ਪਿੱਪਲ ਦੇ ਤਾਜ਼ੇ ਪੱਤਿਆਂ ਨੂੰ ਗਰਮ ਕਰ ਕੇ ਜ਼ਖ਼ਮਾਂ 'ਤੇ ਲਗਾਉਣ ਨਾਲ ਜ਼ਖ਼ਮ ਜਲਦੀ ਠੀਕ ਹੋ ਜਾਂਦੇ ਹਨ। ਜ਼ਿਆਦਾ ਡੂੰਘਾ ਜ਼ਖ਼ਮ ਵੀ ਇਸ ਦੀਆਂ ਪੱਤੀਆਂ ਨਾਲ ਠੀਕ ਹੋ ਜਾਂਦਾ ਹੈ।

**ਦਮੇ ਤੋਂ ਛੁਟਕਾਰਾ**

ਪਿੱਪਲ ਦੇ ਛਿਲਕੇ ਦਾ ਅੰਦਰੂਨੀ ਹਿੱਸਾ ਵੱਖ ਕਰ ਕੇ ਇਸ ਨੂੰ ਸੁਕਾ ਲਓ ਤੇ ਇਸ ਨੂੰ ਪੀਸ ਕੇ ਚੂਰਨ ਬਣਾ ਲਵੋ।

### ਜ਼ੁਕਾਮ ਤੋਂ ਛੁਟਕਾਰਾ

ਪਿੱਪਲ ਦੇ ਪੱਤਿਆਂ ਨੂੰ ਚੰਗੀ ਤਰ੍ਹਾਂ ਸੁਕਾ ਕੇ ਉਨ੍ਹਾਂ ਨੂੰ ਪੀਸ ਲਵੋ। ਅੱਧਾ ਲਿਟਰ ਪਾਣੀ ਵਿਚ ਇਕ ਚਮਚ ਇਨ੍ਹਾਂ ਪੱਤਿਆਂ ਦਾ ਪਾਊਡਰ ਪਾ ਕੇ ਕਾੜ੍ਹਾ ਬਣਾ ਲਵੋ। ਇਸ ਕਾੜ੍ਹੇ 'ਚ ਪੀਸੀ ਹੋਈ ਮਿਸ਼ਰੀ ਮਿਲਾ ਕੇ ਕੋਸਾ-ਕੋਸਾ ਪਾਣੀ ਪੀਣ ਨਾਲ ਜ਼ੁਕਾਮ ਦੀ ਸਮੱਸਿਆ ਤੋਂ ਰਾਹਤ ਮਿਲਦੀ ਹੈ।

### ਪੇਟ ਦੀਆਂ ਸਮੱਸਿਆਵਾਂ

ਪੇਟ ਗੈਸ, ਕਬਜ਼ ਆਦਿ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਪਿੱਪਲ ਦੇ ਪੱਤਿਆਂ ਦਾ ਰਸ ਕੱਢ ਕੇ ਪੀਣਾ ਬੇਹੱਦ ਲਾਭਦਾਇਕ ਰਹਿੰਦਾ ਹੈ। •



# ਬੇਹੱਦ ਗੁਣਕਾਰੀ ਹੈ ਨਿੰਮ

**ਪੁਰਾਤਨ ਸਮਿਆਂ ਵਿਚ ਲੋਕ ਸਾਦਾ ਜੀਵਨ ਬਤੀਤ ਕਰਦੇ ਸਨ। ਉਸ ਸਮੇਂ ਟੁੱਥ-ਪੇਸਟ ਨਹੀਂ ਸਨ। ਉਹ ਦੰਦਾਂ ਦੀ ਸਫ਼ਾਈ ਲਈ ਰੁੱਖਾਂ ਦੀਆਂ ਟਾਹਣੀਆਂ ਆਦਿ ਦੀ ਵਰਤੋਂ ਕਰਦੇ ਸਨ, ਜਿਸ ਨੂੰ ਅਸੀਂ 'ਦਾਤਣ' ਆਖਦੇ ਹਾਂ...**

ਇਸ਼ਟ ਪਾਲ ਵਿੱਕੀ

ਨਿੰਮ ਦਾ ਰੁੱਖ ਭਾਰਤ ਦੇ ਹਰ ਹਿੱਸੇ ਵਿਚ ਆਸਾਨੀ ਨਾਲ ਮਿਲ ਜਾਂਦਾ ਹੈ। ਇਸ ਰੁੱਖ ਦੀਆਂ ਟਾਹਣੀਆਂ, ਪੱਤੇ, ਫੁੱਲ ਅਤੇ ਫਲ ਬਹੁਤ ਸਾਰੇ ਔਸ਼ਧੀ ਗੁਣਾਂ ਨਾਲ ਭਰਪੂਰ ਹਨ। ਆਪਣੇ ਐਂਟੀਸੈਪਟਿਕ ਗੁਣਾਂ ਕਾਰਨ ਇਹ ਸਾਨੂੰ ਕਈ ਬਿਮਰੀਆਂ ਤੋਂ ਬਚਾਉਂਦੇ ਹਨ।

ਪੁਰਾਤਨ ਸਮਿਆਂ ਵਿਚ ਲੋਕ ਸਾਦਾ ਜੀਵਨ ਬਤੀਤ ਕਰਦੇ ਸਨ। ਉਸ ਸਮੇਂ ਟੁੱਥ-ਪੇਸਟ ਨਹੀਂ ਸਨ। ਉਹ ਦੰਦਾਂ ਦੀ ਸਫ਼ਾਈ ਲਈ ਰੁੱਖਾਂ ਦੀਆਂ ਟਾਹਣੀਆਂ ਆਦਿ ਦੀ ਵਰਤੋਂ ਕਰਦੇ ਸਨ, ਜਿਸ ਨੂੰ ਅਸੀਂ 'ਦਾਤਣ' ਆਖਦੇ ਹਾਂ। ਇਨ੍ਹਾਂ ਰੁੱਖਾਂ ਵਿੱਚੋਂ ਨਿੰਮ ਦਾ ਰੁੱਖ ਬਹੁਤ ਲਾਭਕਾਰੀ ਮੰਨਿਆ ਜਾਂਦਾ ਹੈ। ਇਸ 'ਚ ਪਾਏ ਜਾਂਦੇ ਗੁਣ ਸ਼ਾਇਦ ਹੀ ਕਿਸੇ ਹੋਰ ਰੁੱਖ ਵਿਚ ਹੋਣ। ਦੰਦਾਂ ਨੂੰ ਪੀਲੇ ਨਾ ਹੋਣ ਦੇਣਾ, ਕਿਸੇ ਤਰ੍ਹਾਂ ਦਾ ਕੀੜਾ ਆਦਿ ਨਾ ਲੱਗਣਾ, ਤੱਤੇ-ਠੰਢੇ ਦੰਦਾਂ (ਸੈਂਸਟੀਵਿਟੀ), ਮੂੰਹ ਦੀ ਬਦਬੂ ਨੂੰ ਦੂਰ ਕਰਨ ਦਾ ਗੁਣ ਕੁਦਰਤ ਨੇ ਨਿੰਮ ਦੇ ਰੁੱਖ ਨੂੰ ਦਿੱਤਾ ਹੈ। ਪਹਿਲੇ ਸਮਿਆਂ ਵਿਚ ਲੋਕ ਇਸ ਦੀ ਵਰਤੋਂ ਕਰ ਕੇ ਦੰਦਾਂ ਦੀ ਸੰਭਾਲ ਕਰਦੇ ਸਨ ਪਰ ਅੱਜ ਅਸੀਂ ਇਸ ਦੀ ਵਰਤੋਂ ਨਹੀਂ ਕਰ ਰਹੇ। ਇਹ ਸਸਤਾ ਸਾਧਨ ਹੈ ਤੇ-ਟੁੱਥ ਪੇਸਟਾਂ ਨਾਲੋਂ ਲਾਭਕਾਰੀ ਵੀ ਹੈ। ਅਸੀਂ ਵੇਖਦੇ ਹਾਂ ਕਿ ਅੱਜ ਕਈ ਟੁੱਥ ਪੇਸਟਾਂ 'ਚ ਨਿੰਮ ਪਾਈ ਜਾਂਦੀ ਹੈ। ਜੇ ਅਸੀਂ ਟੁੱਥ-ਪੇਸਟ ਦੀ ਤਾਂ ਨਿੰਮ ਦੀ ਦਾਤਣ ਦੀ ਵਰਤੋਂ ਕਰੀਏ ਤਾਂ ਇਹ ਸਭ ਤੋਂ ਬਿਹਤਰ ਹੋਵੇਗਾ। ਨਿੰਮ ਦਾ ਪ੍ਰਯੋਗ ਬੱਚੇ ਤੋਂ ਬੁੱਢੇ ਤਕ ਕੋਈ ਵੀ ਕਰ ਸਕਦਾ ਹੈ।

### ਖ਼ੂਨ ਸੋਧਕ ਗੁਣ

ਸਾਨੂੰ ਸਭ ਨੂੰ ਪਤਾ ਹੈ ਕਿ ਕਈ ਦਵਾਈਆਂ ਵਿਚ ਨਿੰਮ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਗੁਣਕਾਰੀ ਤੇ ਸਸਤਾ ਸਾਧਨ ਸਾਡੇ ਘਰਾਂ ਦੇ ਆਸ-ਪਾਸ ਹੈ ਪਰ ਕੋਈ ਇਸ ਦਾ ਲਾਭ ਨਹੀਂ ਲੈਂਦਾ।

ਨਿੰਮ ਕਈ ਅਜਿਹੀਆਂ ਬਿਮਾਰੀਆਂ ਨੂੰ ਵੀ ਠੀਕ ਕਰ ਦਿੰਦੀ ਹੈ ਜੋ ਐਲੋਪੈਥੀ ਜਾਂ ਕਿਸੇ ਹੋਰ ਇਲਾਜ ਵਿਧੀ ਨਾਲ ਜਲਦੀ ਠੀਕ ਨਹੀਂ ਹੁੰਦੀਆਂ। ਸਵੇਰ ਸਮੇਂ ਖ਼ਾਲੀ ਪੇਟ ਨਿੰਮ ਦੇ 2-3 ਪੱਤੇ ਖਾਣ ਨਾਲ ਸਾਡਾ ਖ਼ੂਨ ਸਾਫ਼ ਹੁੰਦਾ ਹੈ ਤੇ ਸਾਡੇ ਚਿਹਰੇ 'ਤੇ ਰੰਗਤ ਆਉਂਦੀ ਹੈ। ਚਿਹਰੇ ਤੋਂ ਕਿੱਲ-ਛਾਹੀਆਂ ਕੁੱਝ ਹੀ ਦਿਨਾਂ ਵਿਚ ਸਾਫ਼ ਹੋਣ ਲੱਗਦੇ ਹਨ।

### ਗ੍ਰੰਥੀਆਂ ਦੇ ਰੋਗਾਂ 'ਚ ਲਾਭਕਾਰੀ

ਨਿੰਮ ਦੇ ਪੱਤਿਆਂ ਦਾ ਸੇਵਨ ਕਰਨ ਨਾਲ ਸਰੀਰ 'ਚ ਮੌਜੂਦ ਗ੍ਰੰਥੀਆਂ ਜਾਂ ਗਲੈਂਡਜ਼ ਨਾਲ ਸਬੰਧ ਕਈ ਰੋਗ ਠੀਕ ਹੁੰਦੇ ਹਨ। ਇਨ੍ਹਾਂ ਵਿੱਚੋਂ ਇਕ ਗ੍ਰੰਥੀ ਨੂੰ ਅਸੀ ਥਾਇਰਾਇਡ ਗਲੈਂਡ ਆਖਦੇ ਹਾਂ। ਨਿੰਮ ਦੀ ਵਰਤੋਂ ਨਾਲ ਥਾਇਰਾਇਡ ਗ੍ਰੰਥੀ ਸਬੰਧੀ ਕਈ ਤਕਲੀਫ਼ਾਂ ਠੀਕ ਹੁੰਦੀਆਂ ਹਨ।

ਨਿੰਮ ਸਾਡੇ ਸਰੀਰ 'ਚ ਮੌਜੂਦ ਤੇਜ਼ਾਬ ਤੇ ਹੋਰ ਕਈ ਤਰ੍ਹਾਂ ਦੇ ਫਾਲਤੂ ਪਦਾਰਥਾਂ ਨੂੰ ਬਾਹਰ ਕੱਢ ਦਿੰਦੀ ਹੈ। ਸ਼ੂਗਰ ਦੇ ਰੋਗੀਆਂ ਲਈ ਵੀ ਇਹ ਬਹੁਤ ਲਾਭਕਾਰੀ ਹੈ। ਸਵੇਰੇ ਖ਼ਾਲੀ ਪੇਟ 10 ਕੁ ਪੱਤਿਆਂ ਨੂੰ ਪਾਣੀ ਵਿਚ ਚੰਗੀ ਤਰਾਂ ਉਬਾਲ ਕੇ ਪਾਣੀ ਨੂੰ ਪੀਣ ਨਾਲ ਪੇਟ ਸਾਫ਼ ਰਹਿੰਦਾ ਹੈ ਅਤੇ ਕਈ ਹੋਰ ਲਾਭ ਪ੍ਰਾਪਤ ਹੁੰਦੇ ਹਨ।



### ਚਿਹਰੇ ਨੂੰ ਰੱਖੇ ਸਾਫ਼

ਨਿੰਮ ਦੇ ਕਾਫ਼ੀ ਸਾਰੇ ਪੱਤਿਆਂ ਨੂੰ ਉਬਾਲ ਕੇ ਉਸ ਪਾਣੀ ਨਾਲ ਨਹਾਇਆ ਵੀ ਜਾ ਸਕਦਾ ਹੈ। ਇਸ ਨਾਲ ਚਮੜੀ ਦੇ ਬਹੁਤ ਸਾਰੇ ਰੋਗਾਂ ਤੋਂ ਛੁਟਕਾਰਾ ਮਿਲਦਾ ਹੈ। ਚਮੜੀ ਉੱਪਰ ਹੁੰਦੀ ਖਾਰਿਸ਼ ਮਿੰਟਾਂ 'ਚ ਦੂਰ ਹੋ ਜਾਂਦੀ ਹੈ।

ਇਸ ਪਾਣੀ ਨਾਲ ਅਸੀ ਆਪਣੀਆਂ ਅੱਖਾਂ ਨੂੰ ਧੋ ਸਕਦੇ ਹਾਂ ਜਿਸ ਨਾਲ ਅੱਖਾਂ 'ਚ ਹੁੰਦੀ ਖਾਰਿਸ਼, ਜਲਣ ਆਦਿ ਠੀਕ ਹੋ ਜਾਂਦੀ ਹੈ। ਥੋੜ੍ਹੇ ਜਿਹੇ ਰੂੰ ਨਾਲ ਇਸ ਪਾਣੀ ਨੂੰ ਦਿਨ ਵਿਚ ਇਕ-ਦੋ ਵਾਰ ਮੂੰਹ ਉੱਪਰ ਲਗਾਓ ਤੇ ਚਿਹਰੇ ਨੂੰ ਸੁੱਕਣ ਦਿਓ। ਇਕ ਘੰਟੇ ਬਾਅਦ ਮੂੰਹ ਨੂੰ ਤਾਜ਼ੇ ਪਾਣੀ ਨਾਲ ਧੋ ਲਵੋ। ਚਿਹਰਾ ਚੰਗੀ ਤਰ੍ਹਾਂ ਸਾਫ਼ ਤੇ ਕੀਟਾਣੂ ਰਹਿਤ ਹੋ ਜਾਂਦਾ ਹੈ।

### ਦਰਦ ਨਿਵਾਰਕ ਗੁਣ

ਗੋਡੇ ਅਤੇ ਜੋੜਾਂ ਦੇ ਦਰਦਾਂ ਲਈ ਵੀ ਨਿੰਮ ਦੀ ਵਰਤੋਂ ਕੀਤੀ ਜਾ ਸਕਦੀ ਹੈ। ਨਿੰਮ ਦੇ 30 ਤਾਜ਼ੇ ਪੱਤੇ ਅਤੇ 30 ਮਾਮਰੀ ਬਦਾਮ ਗਿਰੀਆਂ (ਜਿਸ 'ਚ ਤੇਲ ਬਹੁਤ ਜ਼ਿਆਦਾ ਹੁੰਦਾ ਹੈ) ਨਾਲ ਦਰਦ ਨਿਵਾਰਕ ਪੇਸਟ ਤਿਆਰ ਕੀਤੀ ਜਾ ਸਕਦੀ ਹੈ। ਪੱਤਿਆਂ ਨੂੰ ਚੰਗੀ ਤਰ੍ਹਾਂ ਧੋ ਕਿ 15 ਤੋਂ 20 ਮਿੰਟ ਪੱਖੇ ਥੱਲੇ ਸੁਕਾ ਲਵੋ।

ਹੁਣ ਦੋਹਾਂ ਨੂੰ ਮਿਕਸੀ ਵਿਚ ਚੰਗੀ ਤਰ੍ਹਾਂ ਰਗੜ ਕੇ ਪੇਸਟ ਬਣਾ ਲਵੋ। ਇਸ ਪੇਸਟ ਦੀਆਂ 30 ਗੋਲੀਆਂ ਵੱਟ ਲਵੋ। ਰਾਤ ਨੂੰ ਸੌਣ ਤੋਂ ਪਹਿਲਾਂ ਇਕ ਗੋਲੀ ਕੋਸੇ ਪਾਣੀ ਨਾਲ ਲਵੋ। ਕੁੱਝ ਹੀ ਦਿਨਾਂ 'ਚ ਗੋਡਿਆਂ ਤੇ ਜੋੜਾਂ ਦੀ ਦਰਦ ਠੀਕ ਹੋ ਜਾਵੇਗੀ। ਗੋਡੇ ਬਦਲਾਉਣ (ਨੀ-ਰਿਪਲੇਸਮੈਂਟ) ਦੀ ਲੋੜ ਨਹੀਂ ਪਵੇਗੀ।

ਜੇ ਨਿੰਮ ਆਸਾਨੀ ਨਾਲ ਸਾਡੇ ਆਲੇ-ਦੁਆਲੇ ਮੌਜੂਦ ਹੈ ਤਾਂ ਕਿਉਂ ਨਾ ਇਸ ਸਸਤੇ ਸਾਧਨ ਨੂੰ ਅਪਣਾਇਆ ਜਾਵੇ ਤੇ ਆਪਣੀ ਕਮਾਈ ਨੂੰ ਬਚਾਉਣ ਦੇ ਨਾਲ ਸਿਹਤਮੰਦ ਵੀ ਰਿਹਾ ਜਾਵੇ। ਇਸ ਲਈ ਨਿੰਮ ਦੀ ਜ਼ਿਆਦਾ ਵਰਤੋਂ ਕਰਨੀ ਚਾਹੀਦੀ ਹੈ।

• 98725-65003

## ਫ਼ਾਇਦੇਮੰਦ ਹੈ ਨਿੰਮ ਦਾ ਤੇਲ

ਬਾਜ਼ਾਰ ਵਿਚ ਇਸ ਨਿੰਮ ਦਾ ਤੇਲ ਵੀ ਆਸਾਨੀ ਨਾਲ ਮਿਲ ਜਾਂਦਾ ਹੈ। ਇਸ ਤੇਲ ਦਾ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਨਿੰਮ ਦੇ ਤੇਲ 'ਚ ਪਾਇਆ ਜਾਣ ਵਾਲਾ ਵਿਟਾਮਿਨ-ਈ ਚਮੜੀ ਲਈ ਬੇਹੱਦ ਫ਼ਾਇਦੇਮੰਦ ਹੈ। ਇਸ ਦੀ ਵਰਤੋਂ ਨਾਲ ਅਸੀ ਆਪਣੇ ਮੂੰਹ ਨੂੰ ਫਿੰਸੀਆਂ ਆਦਿ ਤੋ ਬਚਾ ਸਕਦੇ ਹਾਂ। ਰਾਤ ਨੂੰ ਸੌਣ ਸਮੇਂ ਇਸ ਤੇਲ ਨੂੰ ਆਪਣੇ ਮੂੰਹ 'ਤੇ ਲਗਾਓ ਤੇ ਸਵੇਰੇ ਨਹਾਉਣ ਵੇਲੇ ਇਸ ਨੂੰ ਸਾਫ਼ ਕਰ ਲਵੋ। ਇਸ ਤੇਲ ਦੀਆ ਰੋਜ਼ਾਨਾ 3 ਤੋਂ 4 ਬੂੰਦਾਂ ਪੀਣ ਨਾਲ ਜ਼ੁਕਾਮ, ਛਾਤੀ ਦੇ ਰੋਗ ਆਦਿ ਠੀਕ ਹੋ ਜਾਂਦੇ ਹਨ। ਬਾਜ਼ਾਰ ਵਿਚੋਂ ਲਈਆਂ ਕਰੀਮਾਂ ਜਾਂ ਕੈਪਸੂਲਾਂ ਆਦਿ ਦੀ ਵਰਤੋਂ ਘੱਟ ਕੀਤੀ ਜਾਵੇ। ਇਨ੍ਹਾਂ ਵਿਚ ਨਿੰਮ ਤਾਂ ਮੌਜੂਦ ਹੁੰਦੀ ਹੈ ਪਰ ਬਹੁਤ ਘੱਟ ਮਾਤਰਾ ਵਿਚ। ਹੋਰ ਤਾਂ ਹੋਰ ਕਈ ਸਾਬਣਾਂ ਵਿਚ ਵੀ ਨਿੰਮ ਆਦਿ ਪਾਈ ਜਾਂਦੀ ਹੈ। ਨਿੰਮ ਦੀਆਂ ਪੱਤੀਆਂ ਦਾ ਰਸ ਪੀਣ ਨਾਲ ਖ਼ੂਨ ਸਾਫ਼ ਹੁੰਦਾ ਹੈ। ਇਹ ਬੇਸ਼ਕ ਕੌੜਾ ਹੁੰਦਾ ਹੈ ਪਰ ਉਸ ਦੇ ਸੇਵਨ ਨਾਲ ਸਾਡੀ ਸਿਹਤ ਨੂੰ ਬਹੁਤ ਲਾਭ ਮਿਲਦਾ ਹੈ। ਨਿੰਮ ਨੂੰ ਸ਼ਹਿਦ 'ਚ ਮਿਲਾ ਕੇ ਪੀਣ ਨਾਲ ਪੀਲੀਆ ਰੋਗ ਤੋਂ ਨਿਜਾਤ ਪਾਈ ਜਾ ਸਕਦੀ ਹੈ। ਕਾਲੀ ਮਿਰਚ ਨਾਲ ਨਿੰਮ ਦੀ ਵਰਤੋਂ ਕਰਨ 'ਤੇ ਜ਼ੁਕਾਮ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ।

**ਨਿੱਕੇ-ਨਿੱਕੇ ਬੱਚਿਆਂ ਨੂੰ ਵੀ ਐਗਜ਼ੀਮਾ ਹੋ ਰਿਹਾ ਹੈ। ਦੁਨੀਆ ਦੇ ਕਿਸੇ ਵੀ ਦੇਸ਼ ਵਿਚ ਇਸ ਦਾ ਪੱਕਾ ਇਲਾਜ ਨਹੀਂ ਹੈ। ਘਰੇਲੂ ਸਮੱਗਰੀ ਦੀ ਵਰਤੋਂ ਕਰ ਕੇ ਅਸੀਂ ਐਗਜ਼ੀਮਾ ਅਤੇ ਚਮੜੀ ਦੇ ਹੋਰਨਾਂ ਰੋਗਾਂ ਤੋਂ ਛੁਟਕਾਰਾ ਪਾ ਸਕਦੇ ਹਾਂ...**

# ਐਗਜ਼ੀਮਾ ਤੇ ਚਮੜੀ ਰੋਗਾਂ ਦਾ ਖ਼ੁਦ ਕਰੋ ਇਲਾਜ

ਨਿਰਮਲ ਸਿੰਘ ਕਾਹਲੋਂ

ਦੁਨੀਆ ਭਰ 'ਚ ਲਗਪਗ 30 ਕਰੋੜ ਅਤੇ ਭਾਰਤ ਵਿਚ ਲਗਪਗ 2.5 ਕਰੋੜ ਵਿਅਕਤੀ ਐਗਜ਼ੀਮਾ (ਚਮੜੀ ਦਾ ਇਕ ਰੋਗ/ਦੱਦਰੀਆਂ) ਤੋਂ ਪੀੜਤ ਹਨ। ਨਿੱਕੇ-ਨਿੱਕੇ ਬੱਚਿਆਂ ਨੂੰ ਵੀ ਐਗਜ਼ੀਮਾ ਹੋ ਰਿਹਾ ਹੈ। ਦੁਨੀਆ ਦੇ ਕਿਸੇ ਵੀ ਦੇਸ਼ ਵਿਚ ਇਸ ਦਾ ਪੱਕਾ ਇਲਾਜ ਨਹੀਂ ਹੈ। ਘਰੇਲੂ ਸਮਗਰੀ ਵਰਤੋਂ ਕਰ ਕੇ ਅਸੀ ਐਗਜ਼ੀਮਾ ਅਤੇ ਚਮੜੀ ਦੇ ਹੋਰਨਾਂ ਰੋਗਾਂ ਤੋਂ ਛੁਟਕਾਰਾ ਪਾ ਸਕਦੇ ਹਾਂ। ਆਯੁਰਵੇਦਿਕ ਗੁਣਾਂ ਕਾਰਨ ਸਰੀਰ ਉੱਤੇ ਇਸ ਦਵਾਈ ਦਾ ਮਾੜਾ ਅਸਰ ਨਹੀ ਪੈਂਦਾ। ਰੋਗੀ ਆਪ ਦਵਾਈ ਬਣਾ ਕੇ ਇਸਤੇਮਾਲ ਕਰ ਸਕਦਾ ਹੈ।

### ਦਵਾਈ ਤਿਆਰ ਕਰਨ ਦੀ ਵਿਧੀ

**• ਫਟਕੜੀ ਵਾਲੀ ਕਰੀਮ**

ਦੋ ਚਮਚ ਘਿਓ ਵਿਚ ਕੱਚੀ ਫਟਕੜੀ ਦਾ ਬਾਰੀਕ ਪਾਊਡਰ ਇਕ ਚਮਚ ਮਿਲਾ ਲਓ।

**• ਫਿਨਾਇਲ ਵਾਲੀ ਕਰੀਮ**

ਤਿਲਾਂ ਦਾ ਤੇਲ 250 ਮਿਲੀਲਿਟਰ, ਫਿਨਾਈਲ (ਕਾਲੇ ਰੰਗ ਦੀ ਫਰਸ਼ ਸਾਫ਼ ਕਰਨ ਵਾਲੀ/ਨੈਂਪਥੇਲੀਨ) 10 ਮਿਲੀਲਿਟਰ, ਡਿਟੋਲ 5 ਮਿਲੀਲਿਟਰ, ਚਿੱਟੀ ਮੋਮ (ਮੋਮਬੱਤੀ) 40 ਗ੍ਰਾਮ। ਤੇਲ ਅਤੇ ਮੋਮ ਨੂੰ ਬਰਤਨ ਵਿਚ ਪਾ ਕੇ ਮੱਠੀ ਅੱਗ ਉੱਤੇ ਗਰਮ ਕਰੋ। ਮੋਮ ਪਿਗਲ ਜਾਏ ਤਾਂ ਥੋੜ੍ਹਾ ਠੰਡਾ ਕਰ ਕੇ ਫਿਨਾਈਲ ਅਤੇ ਡਿਟੋਲ ਪਾ ਕੇ ਖੁੱਲ੍ਹੇ ਮੂੰਹ ਵਾਲੀ ਸ਼ੀਸ਼ੀ ਵਿਚ ਪਾ ਲਓ।

**• ਫਿਨਾਈਲ ਵਾਲਾ ਤੇਲ**

250 ਗ੍ਰਾਮ ਸਰ੍ਹੋਂ ਦੇ ਤੇਲ ਵਿਚ 10 ਮਿਲੀਲਿਟਰ ਫਿਨਾਈਲ ਅਤੇ 5 ਮਿਲੀਲਿਟਰ ਡਿਟੋਲ ਪਾਓ। ਦਵਾਈ ਤਿਆਰ ਹੈ। ਉਕਤ ਦਵਾਈਆਂ ਵਿੱਚੋਂ ਕਿਸੇ ਵੀ ਇਕ ਦਵਾਈ ਦੀ ਐਗਜ਼ੀਮਾ ਦੀ ਰੋਕਥਾਮ ਲਈ ਵਰਤੋਂ ਕਰੋ।

### ਵਰਤੋਂ

ਇਸ ਤਰ੍ਹਾਂ ਤੇਲ ਦੀ ਮਾਲਿਸ਼ ਕਰ ਸਕਦੇ ਹੋ। ਐਗਜ਼ੀਮਾ ਕਾਰਨ ਹੋਏ ਜ਼ਖ਼ਮਾਂ ਉੱਤੇ ਦਿਨ ਵਿਚ 2 ਤੋਂ 3 ਵਾਰੀ ਲਗਾਓ। ਇਸ ਨਾਲ ਦਰਦ ਵੀ ਘੱਟ ਜਾਏਗਾ ਤੇ ਖ਼ੂਨ ਬੰਦ ਹੋ ਕੇ ਕੁੱਝ ਹੀ ਦਿਨਾਂ ਵਿਚ ਐਗਜ਼ੀਮਾ ਰੋਗ ਖ਼ਤਮ ਹੋ ਜਾਵੇਗਾ।



**• ਐਗਜ਼ੀਮਾ ਦੋ ਪ੍ਰਕਾਰ ਦਾ ਹੈ- ਖ਼ੁਸ਼ਕ ਅਤੇ ਤਰ।**

**• ਖ਼ੁਸ਼ਕ ਐਗਜ਼ੀਮਾ**

ਇਹ ਰੋਗ ਲੱਤਾਂ ਅਤੇ ਬਾਹਾਂ ਉੱਤੇ ਜ਼ਿਆਦਾ ਹੁੰਦਾ ਹੈ। ਇਸ ਵਿਚ ਪ੍ਰਭਾਵਿਤ ਚਮੜੀ ਕਾਲੀ ਹੋ ਜਾਂਦੀ ਹੈ ਤੇ ਤਿੱਖੀ ਖਾਰਿਸ਼ ਹੁੰਦੀ ਹੈ। ਇਸ ਉੱਤੇ ਹਰ ਰੋਜ਼ ਇਕ ਦਿਨ ਵਿਚ 2-3 ਵਾਰੀ ਉਕਤ ਦਵਾਈਆਂ ਵਿਚੋਂ ਕੋਈ ਇਕ ਦਵਾਈ ਲਗਾਓਣ ਨਾਲ ਖਾਰਿਸ਼ ਖ਼ਤਮ ਹੋ ਕੇ ਕੁੱਝ ਹੀ ਦਿਨਾਂ ਵਿਚ ਰੋਗ ਠੀਕ ਹੋ ਜਾਵੇਗਾ।

**• ਤਰ ਐਗਜ਼ੀਮਾ**

ਇਹ ਰੋਗ ਲੱਤਾਂ, ਬਾਹਾਂ ਅਤੇ ਸਰੀਰ ਦੇ ਪਿੱਛਲੇ ਹਿੱਸਿਆਂ ਉੱਤੇ ਜ਼ਿਆਦਾ ਹੁੰਦਾ ਹੈ। ਇਸ ਕਾਰਨ ਉਸ ਥਾਂ 'ਤੇ ਸੋਜ ਪੈ ਜਾਂਦੀ ਹੈ। ਜ਼ਖ਼ਮਾਂ ਵਿੱਚੋਂ ਮਿੱਝ, ਖ਼ੂਨ ਤੇ ਪੀਕ ਨਿਕਲ ਸਕਦੀ ਹੈ। ਤਿੱਖੀ ਖ਼ਾਰਿਸ਼ ਵੀ ਹੁੰਦੀ ਹੈ। ਇਸ ਉੱਤੇ ਦਿਨ ਵਿਚ 2 ਤੋਂ 3 ਵਾਰੀ ਫਿਨਾਈਲ ਵਾਲਾ ਤੇਲ ਜਾਂ ਕਰੀਮ ਲਗਾਉਣ ਨਾਲ ਜ਼ਖ਼ਮਾਂ ਵਿੱਚੋਂ ਪਾਣੀ ਨਿਕਲੇਗਾ। ਖਾਰਿਸ਼ ਅਤੇ ਦਰਦ ਖ਼ਤਮ ਹੋ ਕੇ ਇਕ ਮਹੀਨੇ ਵਿਚ ਰੋਗ ਠੀਕ ਹੋ ਜਾਵੇਗਾ।



**• ਦੱਦਰੀਆਂ**

ਦੱਦਰੀਆਂ ਉੱਤੇ ਫਿਨਾਈਲ ਜਾਂ ਫਟਕੜੀ ਵਾਲੇ ਤੇਲ ਜਾਂ ਕਰੀਮ ਦੀ ਰੋਜ਼ਾਨਾ 2 ਤੋਂ 3 ਵਾਰ ਵਰਤੋਂ ਕਰਨ ਨਾਲ ਖ਼ਾਰਿਸ਼ ਹੋਣੀ ਬੰਦ ਹੋ ਕੇ ਕੁੱਝ ਹੀ ਦਿਨਾਂ ਵਿਚ ਦੱਦਰੀਆਂ ਖ਼ਤਮ ਹੋ ਜਾਣਗੀਆਂ।

**• ਪੈਰਾਂ ਦੀਆਂ ਅੱਡੀਆਂ ਫੱਟਣਾ**

ਫਟਕੜੀ ਵਾਲੀ ਕਰੀਮ ਰੋਜ਼ਾਨਾ ਦਿਨ ਵਿਚ 2 ਤੋਂ 3 ਵਾਰੀ ਅੱਡੀਆਂ ਉੱਤੇ ਲਗਾਓ। ਪਾਟੀਆਂ ਹੋਈਆਂ ਅੱਡੀਆਂ ਕਾਰਨ ਹੋਣ ਵਾਲੀ ਦਰਦ ਵੀ ਠੀਕ ਹੋਵੇਗੀ ਤੇ ਅੱਡੀਆਂ ਦਾ ਫ਼ਟਣਾ ਵੀ ਬੰਦ ਹੋ ਕੇ ਇਹ ਨਰਮ ਤੇ ਮੁਲਾਇਮ ਬਣਨਗੀਆਂ।

**• ਹੱਥਾਂ ਦਾ ਫੱਟਣਾ**

ਕਈ ਔਰਤਾਂ ਦੇ ਹੱਥ ਫਟ ਜਾਂਦੇ ਹਨ ਅਤੇ ਦਰਦ ਹੁੰਦੀ ਹੈ। ਦਿਨ ਵਿਚ 2-3 ਵਾਰੀ ਫਿਨਾਈਲ ਜਾਂ ਫਟਕੜੀ ਵਾਲੀ ਕਰੀਮ ਨਾਲ ਹੱਥਾਂ ਨੂੰ ਚੋਪੜਣ ਨਾਲ ਕੁੱਝ ਹੀ ਦਿਨਾਂ ਵਿਚ ਆਰਾਮ ਆ ਜਾਏਗਾ।

**• ਦਵਾਈ ਦੀ ਵਰਤੋਂ**

ਜ਼ਖ਼ਮ ਨੂੰ ਫਿਨਾਈਲ ਵਾਲੇ ਤੇਲ ਜਾਂ ਕਰੀਮ ਨਾਲ ਚੋਪੜ ਕੇ ਪੱਟੀ ਬੰਨੋ। ਦਰਦ ਖ਼ਤਮ ਹੋ ਕੇ ਖ਼ੂਨ ਵਗਣਾ ਵੀ ਬੰਦ ਹੋ ਜਾਵੇਗਾ। ਰੋਜ਼ਾਨਾ ਦਿਨ ਵਿਚ 2-3 ਵਾਰੀ ਥੋੜ੍ਹਾ-ਥੋੜ੍ਹਾ ਫਿਨਾਈਲ ਵਾਲਾ ਤੇਲ ਪੱਟੀ ਉੱਤੇ ਪਾਓ। ਕੁੱਝ ਹੀ ਦਿਨਾਂ ਵਿਚ ਜ਼ਖ਼ਮ ਠੀਕ ਹੋ ਜਾਏਗਾ। ਜ਼ਖ਼ਮ ਠੀਕ ਹੋ ਜਾਣ 'ਤੇ ਪੱਟੀ ਖੋਲ੍ਹ ਦਿਓ।

**• ਖਾਰਿਸ਼**

ਜੇ ਉਕਤ ਦਵਾਈਆਂ ਨਾਲ ਖਾਰਿਸ਼ ਠੀਕ ਨਾ ਹੋਏ ਤਾਂ ਸਮਝੋ ਖ਼ੂਨ ਵਿਚ ਖ਼ਰਾਬੀ ਹੈ। ਹਰ ਹਫ਼ਤੇ ਛੋਲਿਆਂ ਦੇ ਦਾਣੇ ਜਿੰਨੀ ਰਸੌਤ ਜਾਂ ਹਰ ਰੋਜ਼ ਇਕ ਚਮਚ ਤ੍ਰਿਫਲਾ ਚੂਰਨ ਪਾਣੀ ਨਾਲ ਸੇਵਨ ਕਰਨ 'ਤੇ 6 ਮਹੀਨੇ ਵਿਚ ਖ਼ੂਨ ਸਾਫ਼ ਹੋ ਜਾਏਗਾ। ਐਗਜ਼ੀਮੇ ਉੱਤੇ ਪੱਟੀ ਬਣਨ ਦੀ ਲੋੜ ਨਹੀ ਹੈ। ਚਿਹਰੇ ਉੱਤੇ ਐਗਜ਼ੀਮਾ ਹੋਵੇ ਤਾਂ ਫਟਕੜੀ ਵਾਲੀ ਕਰੀਮ ਦੀ ਵਰਤੋਂ ਕਰੋ।

**• ਧੁੱਪ ਦਾ ਸਾੜ**

ਗਰਮੀ ਦੇ ਮੌਸਮ ਵਿਚ ਕਈ ਲੋਕਾਂ ਨੂੰ ਇਕ ਜਾਂ ਦੋਹਾਂ ਬਾਹਾਂ ਉੱਤੇ ਪਹਿਲਾਂ ਪਿੱਤ ਨਿਕਲ ਆਉਂਦੀ ਹੈ ਤੇ ਫਿਰ ਬਾਂਹ ਲਾਲ ਹੋ ਜਾਂਦੀ ਹੈ। ਧੁੱਪ ਦਾ ਸਾੜ ਗੱਲਾਂ ਉੱਤੇ ਵੀ ਨਿਕਲ ਆਉਂਦਾ ਹੈ। ਇਸ ਦਾ ਡਾਕਟਰੀ ਇਲਾਜ ਹਰ ਸਾਲ ਗਰਮੀਆਂ ਦੇ ਸੀਜ਼ਨ ਵਿਚ ਕਰਨਾ ਪੈਂਦਾ ਹੈ।

• 88729-46618

# ਪੇਟ ਦੀ ਚਰਬੀ ਤੋਂ ਰਾਹਤ

ਵਧਦਾ ਹੋਇਆ ਮੋਟਾਪਾ ਜਿੰਨਾ ਬੁਰਾ ਲਗਦਾ ਹੈ ਉਨ੍ਹਾਂ ਹੀ ਸਾਡੇ ਸਰੀਰ 'ਤੇ ਮਾੜਾ ਅਸਰ ਵੀ ਪਾਉਂਦਾ ਹੈ ਕਿਉਂਕਿ ਮੋਟਾਪੇ ਕਾਰਨ ਕਈ ਬਿਮਾਰੀਆਂ ਹੋਣ ਦਾ ਖ਼ਤਰਾ ਰਹਿੰਦਾ ਹੈ। ਜਦੋਂ ਮੋਟਾਪਾ ਪੂਰੀ ਤਰ੍ਹਾਂ ਆਪਣੇ ਹਾਵ-ਭਾਵ ਦਿਖਾ ਦਿੰਦਾ ਹੈ ਤਾਂ ਅਸੀਂ ਇਸ ਦੀ ਰੋਕਥਾਮ ਲਈ ਦਵਾਈਆ ਦਾ ਸਹਾਰਾ ਲੈਂਦੇ ਹਾਂ, ਜੋ ਸਿਹਤ ਲਈ ਹੋਰ ਵੀ ਜ਼ਿਆਦਾ ਹਾਨੀਕਾਰਕ ਸਿੱਧ ਹੁੰਦੀਆਂ ਹਨ। ਆਓ ਜਾਣਦੇ ਹਾਂ ਕਿ ਵੱਧ ਰਹੀ ਚਰਬੀ ਨੂੰ ਕਿਸ ਤਰ੍ਹਾਂ ਕੰਟਰੋਲ 'ਚ ਕੀਤਾ ਜਾਵੇ

### ਜ਼ਿਆਦਾ ਪਾਣੀ ਪੀਓ

ਜੇ ਤੁਹਾਡੀ ਸਮੱਸਿਆ ਵੀ ਮੋਟਾਪਾ ਹੈ ਤਾਂ ਪਾਣੀ ਦਾ ਸੇਵਨ ਵੱਧ ਤੋਂ ਵੱਧ ਕਰਨਾ ਚਾਹੀਦਾ ਹੈ। ਸੋਡਾ ਜਾਂ ਵਜ਼ਨ ਘਟਾਉਣ ਵਾਲੇ ਪਦਾਰਥਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

### ਪੂਰੀ ਨੀਂਦ ਲਵੋ

ਆਪਣੇ ਸੌਣ ਦਾ ਤਰੀਕਾ ਸਹੀ ਕਰੋ। ਕਿਉਂਕਿ ਨੀਂਦ ਦਾ ਪੂਰਾ ਨਾ ਹੋਣਾ ਵੀ ਵੱਧ ਰਹੇ ਵਜ਼ਨ ਦਾ ਇਕ ਵੱਡਾ ਕਾਰਨ ਹੋ ਸਕਦਾ ਹੈ। ਹਰ ਰੋਜ਼ ਅੱਠ ਘੰਟਿਆਂ ਦੀ ਨੀਂਦ ਲੈਣੀ ਬੇਹੱਦ ਲਾਜ਼ਮੀ ਹੈ।



### ਹਰੀਆਂ ਸਬਜ਼ੀਆਂ

ਮੋਟਾਪੇ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਹਰੀਆਂ ਸਬਜ਼ੀਆਂ ਦਾ ਸੇਵਨ ਕਰਨਾ ਚਾਹੀਦਾ ਹੈ ਤੇ ਜੰਕ ਫ਼ੂਡ ਦਾ ਸੇਵਨ ਬਿਲਕੁਲ ਵੀ ਨਹੀਂ ਕਰਨਾ ਚਾਹੀਦਾ। ਵਧੇਰੇ ਤੇਲ ਅਤੇ ਘਿਓ ਵਾਲੇ ਪਦਾਰਥਾਂ ਦੀ ਵਰਤੋਂ ਨੂੰ ਘੱਟ ਕਰ ਕੇ ਹੀ ਵੱਧ ਰਹੇ ਵਜ਼ਨ ਉੱਪਰ ਕੰਟਰੋਲ ਕੀਤਾ ਜਾ ਸਕਦਾ ਹੈ।

### ਭੋਜਨ ਦੀ ਦੈਨਿਕ ਵੰਡ

ਸਵੇਰੇ ਵੇਲੇ ਹੈਵੀ ਬ੍ਰੇਕਫਾਸਟ ਕਰੋ। ਨਾਸ਼ਤੇ ਵਿਚ ਜੋ ਜ਼ਿਆਦਾ ਵੀ ਖਾਧਾ ਜਾਵੇਗਾ ਤਾਂ ਉਹ ਊਰਜਾ ਸਾਡੇ ਦਿਨ ਦੇ ਕੰਮਾਂ ਵਿਚ ਸਰੀਰ ਵੱਲੋਂ ਵਰਤ ਲਈ ਜਾਵੇਗੀ। ਦੁਪਹਿਰ ਸਮੇਂ ਭੋਜਨ ਵਿਚ ਹਰੀਆਂ ਸਬਜ਼ੀਆਂ ਅਤੇ ਸਲਾਦ ਦੀ ਵਧੇਰੇ ਵਰਤੋਂ ਕਰੋ। ਦੁਪਹਿਰ ਦਾ ਖਾਣਾ ਸਵੇਰ ਦੇ ਹੈਵੀ ਨਾਸ਼ਤੇ ਨਾਲੋਂ ਘੱਟ ਹੋਣਾ ਚਾਹੀਦਾ ਹੈ।

ਰਾਤ ਨੂੰ ਸੌਣ ਤੋਂ ਘੱਟੋ ਘੱਟ ਦੋ ਘੰਟੇ ਪਹਿਲਾਂ ਖਾਣਾ ਖਾ ਲਵੋ। ਇਹ ਖਾਣਾ ਬੇਹੱਦ ਕੰਜੂਸੀ ਨਾਲ ਖਾਧਾ ਜਾਵੇ। ਰਾਤ ਨੂੰ ਹੈਵੀ ਖਾਣਾ ਖਾਣ ਨਾਲ ਇਹ ਸਰੀਰ ਵਿਚ ਊਰਜਾ ਤੇ ਫੈਟ ਦੇ ਰੂਪ 'ਚ ਜਮ੍ਹਾਂ ਹੋ ਕੇ ਮੋਟਾਪੇ ਦਾ ਕਾਰਨ ਬਣੇਗਾ। •

# ਵਧਦਾ ਥਾਇਰਾਇਡ ਮੋਟਾਪੇ ਦਾ ਕਾਰਨ

ਅੱਜ ਕੱਲ੍ਹ ਦੀ ਰੁਝੇਵਿਆਂ ਭਰੀ ਜ਼ਿੰਦਗੀ 'ਚ ਖਾਣ-ਪੀਣ ਦੀਆਂ ਗ਼ਲਤ ਆਦਤਾਂ ਕਾਰਨ ਲੋਕਾਂ 'ਚ ਥਾਇਰਾਇਡ ਦੀ ਸਮੱਸਿਆ ਵਧਦੀ ਜਾ ਰਹੀ ਹੈ। ਇਸ ਸਮੱਸਿਆ ਕਾਰਨ ਕਈ ਲੋਕਾਂ ਦਾ ਵਜ਼ਨ ਵਧਦਾ ਹੀ ਜਾਂਦਾ ਹੈ। ਇਸ ਨੂੰ ਹਾਈਪਰ-ਥਾਇਰਾਇਡਿਜ਼ਮ ਆਖਦੇ ਹਨ। ਹਾਈਪੋ-ਥਾਇਰਾਇਡਿਜ਼ਮ 'ਚ ਸਰੀਰ ਦਾ ਭਾਰ ਘਟਦਾ ਜਾਂਦਾ ਹੈ। ਭਾਰ ਤੇ ਮੋਟਾਪੇ ਨੂੰ ਵਧਾਉਣ ਵਾਲੇ ਥਾਇਰਾਇਡ ਕਰਕੇ ਮੋਟਾਪਾ ਆਉਣ ਨਾਲ ਇਨਸਾਨ ਲਈ ਕੰਮ ਕਰਨਾ ਔਖਾ ਹੋ ਜਾਂਦਾ ਹੈ। ਮੋਟਾਪਾ ਹੋਣ ਕਾਰਨ ਥਾਇਰਾਇਡ ਦੇ ਨਾਲ-ਨਾਲ ਕਈ ਹੋਰ ਮੁਸ਼ਕਿਲਾਂ ਵੀ ਪੈਦਾ ਹੋ ਜਾਂਦੀਆਂ ਹਨ। ਆਓ ਜਾਣਦੇ ਹਾਂ ਕਿ ਇਸ ਦੇ ਕਾਰਨ ਵੱਧ ਰਹੇ ਮੋਟਾਪੇ ਨੂੰ ਤੁਸੀ ਕਿਸ ਤਰ੍ਹਾਂ ਘੱਟ ਕਰ ਸਕਦੇ ਹੋ। ਆਓ ਅੱਜ ਅਸੀ ਥਾਇਰਾਇਡ ਤੋਂ ਬਚਣ ਬਾਰੇ ਜਾਣਦੇ ਹਾਂ ਤਾਂ ਜੋ ਅਸੀ ਇਸ ਭਿਆਨਕ ਬਿਮਾਰੀ ਦਾ ਸ਼ਿਕਾਰ ਨਾ ਹੋਈਏ।

### ਸ਼ਰਾਬ ਦੇ ਨੁਕਸਾਨ

ਥਾਇਰਾਇਡ ਦੀ ਪਰੇਸ਼ਾਨੀ ਹੋਣ 'ਤੇ ਸ਼ਰਾਬ ਦੀ ਵਰਤੋਂ ਕਰਨ ਨਾਲ ਵੀ ਮੋਟਾਪਾ ਵੱਧ ਜਾਂਦਾ ਹੈ। ਇਸ ਤੋਂ ਇਲਾਵਾ ਐਨਰਜੀ ਲੈਵਲ ਬਹੁਤ ਘੱਟ ਹੋ ਜਾਂਦਾ ਹੈ। ਰਾਤ ਨੂੰ ਨੀਂਦ ਨਾ ਆਉਣਾ, ਬੇਚੈਨੀ ਤੇ ਘਬਰਾਹਟ ਵਰਗੀਆਂ ਸਮੱਸਿਆਵਾਂ ਵੀ ਹੋ ਜਾਂਦੀਆਂ ਹਨ। ਇਸ ਲਈ ਜੋ ਲੋਕ ਸ਼ਰਾਬ ਦਾ ਜ਼ਿਆਦਾ ਸੇਵਨ ਕਰਦੇ ਹਨ, ਉਨ੍ਹਾਂ ਨੂੰ ਥਾਇਰਾਇਡ ਹੋਣ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ।



### ਸੰਤੁਲਿਤ ਭੋਜਨ

ਥਾਇਰਾਇਡ 'ਚ ਵਜ਼ਨ ਘੱਟ ਕਰਨ ਲਈ ਹਰ ਸੰਤੁਲਿਤ ਭੋਜਨ ਖਾਓ। ਆਪਣੇ ਭੋਜਨ 'ਚ ਹਰੀਆਂ ਸਬਜ਼ੀਆਂ, ਫ਼ਲਾਂ ਤੇ ਦੁੱਧ ਵਾਲੇ ਪਦਾਰਥਾਂ ਨੂੰ ਸ਼ਾਮਲ ਕਰੋ।

### ਚਾਹ ਦੀ ਥਾਂ ਜੂਸ

ਥਾਇਰਾਇਡ 'ਚ ਚਾਹ ਦਾ ਜ਼ਿਆਦਾ ਸੇਵਨ ਕਰਨ ਨਾਲ ਵੀ ਮੋਟਾਪਾ ਵੱਧ ਜਾਂਦਾ ਹੈ। ਇਸ ਕਰਕੇ ਚਾਹ ਛੱਡ ਕੇ ਚੁਕੰਦਰ, ਆਨਾਰ ਤੇ ਸੇਬ ਦਾ ਜੂਸ ਪੀਣਾ ਜ਼ਿਆਦਾ ਲਾਭਦਾਇਕ ਰਹਿੰਦਾ ਹੈ। •

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਸੇਲਜ਼ ਅ.ਫਸਰ ਦੀ ਆਸਾਮੀ ਲਈ ਪਲੇਸਮੈਂਟ ਕੈਂਪ ਅੱਜ

**ਪਟਿਆਲਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਅੱਜਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਕੋਟੇਕ ਮਹਿੰਦਰਾ ਬੈਂਕ ਵਿੱਚ ਸੇਲਜ਼ ਅਫ਼ਸਰ ਦੀ ਅਸਾਮੀ ਲਈ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਉਨ੍ਹਾਂ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੋਟੇਕ ਮਹਿੰਦਰਾ ਬੈਂਕ ਵੱਲੋਂ ਸੇਲਜ਼ ਅਫ਼ਸਰ ਦੀ ਅਸਾਮੀਆਂ ਲਈ ਚਾਹਵਾਨ ਅਤੇ ਯੋਗ ਉਮੀਦਵਾਰਾਂ (ਸਿਰਫ਼ ਪੁਰਸ਼) ਦੀ ਮੰਗ ਕੀਤੀ ਗਈ ਹੈ, ਜਿਸ ਵੀ ਉਮੀਦਵਾਰ ਦੀ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ ਪਾਸ ਹੋਵੇ ਅਤੇ ਉਮਰ 21-26 ਸਾਲ ਹੋਵੇ, ਉਹ ਨੌਜਵਾਨ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ।

ਉਨ੍ਹਾਂ ਕਿਹਾ ਕਿ ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਮਿਤੀ 29 ਨਵੰਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈ ਸਕਦੇ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਮੈਗਸੀਪਾ ਵਿਖੇ 'ਸੇਵੋਤਮ - ਮਿਆਰੀ ਜਨਤਕ ਸੇਵਾਵਾਂ ਦੀ ਡਿਲਿਵਰੀ' ਵਿਸ਼ੇ 'ਤੇ ਦੋ-ਰੋਜ਼ਾ ਸਿਖਲਾਈ ਪ੍ਰੋਗਰਾਮ ਸਮਾਪਤ



**ਪਟਿਆਲਾ, 30 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਿਨਿਸਟ੍ਰੇਸ਼ਨ (ਮਗਸੀਪਾ), ਖੇਤਰੀ ਕੇਂਦਰ ਪਟਿਆਲਾ ਵੱਲੋਂ ਜ਼ਿਲ੍ਹਾ ਪਟਿਆਲਾ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਲਈ 'ਸੇਵੋਤਮ-ਗੁਣਵੱਤਾ ਜਨਤਕ ਸੇਵਾਵਾਂ ਦੀ ਡਿਲਿਵਰੀ' ਵਿਸ਼ੇ 'ਤੇ ਦੋ ਰੋਜ਼ਾ ਸਿਖਲਾਈ ਪ੍ਰੋਗਰਾਮ ਸਫ਼ਲਤਾਪੂਰਵਕ ਕਰਵਾਇਆ ਗਿਆ। ਭਾਰਤ ਸਰਕਾਰ ਦੇ ਪ੍ਰਸ਼ਾਸਨਿਕ ਸੁਧਾਰਾਂ ਅਤੇ ਜਨਤਕ ਸ਼ਿਕਾਇਤਾਂ ਵਿਭਾਗ ਦੁਆਰਾ ਸਪਾਂਸਰ ਕੀਤੇ ਗਏ, ਪ੍ਰੋਗਰਾਮ ਦਾ ਉਦੇਸ਼ ਨਾਗਰਿਕ ਚਾਰਟਰ ਅਤੇ ਸ਼ਿਕਾਇਤ ਨਿਵਾਰਣ ਵਿਧੀ ਸਮੇਤ, ਸੇਵੋਤਮ ਸਿਧਾਂਤਾਂ ਬਾਰੇ ਜਨਤਕ ਸੇਵਕਾਂ ਦੀ ਸਮਝ ਨੂੰ ਵਧਾਉਣਾ ਹੈ।

ਇਸ ਪਹਿਲਕਦਮੀ ਬਾਰੇ ਵੇਰਵੇ ਦਿੰਦੇ ਹੋਏ ਮਗਸੀਪਾ ਖੇਤਰੀ ਕੇਂਦਰ ਪਟਿਆਲਾ ਦੇ ਖੇਤਰੀ ਪ੍ਰੋਜੈਕਟ ਡਾਇਰੈਕਟਰ, ਇੰਦਰਬੀਰ ਕੌਰ ਮਾਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਸਿਖਲਾਈ ਭਾਗੀਦਾਰਾਂ ਨੂੰ ਜਨਤਕ ਸੇਵਾਵਾਂ ਪ੍ਰਦਾਨ ਕਰਨ ਵਿੱਚ ਸੁਧਾਰ ਕਰਨ ਅਤੇ ਨਾਗਰਿਕਾਂ ਦੀ ਸੰਤੁਸ਼ਟੀ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਗਿਆਨ ਨਾਲ ਲੈਸ ਕਰਨ ਲਈ ਤਿਆਰ ਕੀਤੀ ਗਈ ਸੀ।

ਪ੍ਰੋਗਰਾਮ ਦੇ ਪਹਿਲੇ ਦਿਨ, ਪ੍ਰੋਜੈਕਟ ਕੋਆਰਡੀਨੇਟਰ ਅਮਰਜੀਤ ਸਿੰਘ ਸੋਢੀ ਨੇ ਸਿਖਲਾਈ ਪ੍ਰੋਗਰਾਮ ਦੇ ਉਦੇਸ਼ਾਂ ਅਤੇ ਅੱਜ ਦੇ ਪ੍ਰਬੰਧਕੀ ਢਾਂਚੇ ਵਿੱਚ ਇਸ ਦੀ ਸਾਰਥਕਤਾ ਬਾਰੇ ਜਾਣੂ ਕਰਵਾਇਆ। ਆਈਡੀਏਐਸ (ਸੇਵਾਮੁਕਤ) ਡੀਸੀ ਗੁਪਤਾ ਨੇ ਭਾਗੀਦਾਰਾਂ ਨੂੰ ਸਿਖਲਾਈ ਪ੍ਰਦਾਨ ਕਰਦੇ ਹੋਏ ਸੇਵੋਤਮ ਦੇ ਸੰਕਲਪ, ਪਬਲਿਕ ਸਰਵਿਸਿਜ਼ ਐਕਟ, 2018 ਵਿੱਚ ਪੰਜਾਬ ਪਾਰਦਰਸ਼ਤਾ ਅਤੇ ਜਵਾਬਦੇਹੀ, ਸੂਚਨਾ ਦਾ ਅਧਿਕਾਰ ਐਕਟ, ਅਤੇ ਪੰਜਾਬ ਨਿਯਮ 2017 ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।

ਜ਼ਿਲ੍ਹਾ ਤਕਨੀਕੀ ਕੋਆਰਡੀਨੇਟਰ, ਈ-ਗਵਰਨੈਂਸ, ਸੰਗਰੂਰ ਸਤੀਸ਼ ਬਾਂਸਲ ਨੇ ਪਬਲਿਕ ਸ਼ਿਕਾਇਤ ਨਿਵਾਰਨ ਪ੍ਰਣਾਲੀ (ਪੀ.ਜੀ.ਆਰ.ਐਸ) ਅਤੇ ਨਾਗਰਿਕ-ਕੇਂਦ੍ਰਿਤ ਸੇਵਾ ਪ੍ਰਦਾਨ ਕਰਨ ਵਾਲੇ ਪਲੇਟਫਾਰਮਾਂ, ਜਿਸ ਵਿੱਚ ਈ-ਸੇਵਾ ਪੋਰਟਲ ਅਤੇ ਸੇਵਾ ਕੇਂਦਰ ਸ਼ਾਮਲ ਹਨ, ਦੀ ਸੰਖੇਪ ਜਾਣਕਾਰੀ ਸਾਂਝੀ ਕੀਤੀ। ਪੰਜਾਬ ਸਕੂਲ ਸਿੱਖਿਆ ਦੇ ਸੇਵਾਮੁਕਤ ਸਹਾਇਕ ਡਾਇਰੈਕਟਰ, ਯਸ਼ਪਾਲ ਮਾਨਵੀ ਨੇ ਮਿਆਰੀ ਜਨਤਕ ਸੇਵਾਵਾਂ ਪ੍ਰਦਾਨ ਕਰਨ ਅਤੇ ਸ਼ਿਕਾਇਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਸਕਾਰਾਤਮਕ ਰਵੱਈਏ, ਇਮਾਨਦਾਰੀ ਅਤੇ ਨੈਤਿਕ ਵਿਵਹਾਰ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਪ੍ਰੋਗਰਾਮ ਦੀ ਸਮਾਪਤੀ ਮੌਕੇ ਸ਼ਾਮਲ ਹੋਏ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਸਮੂਹ ਵਿਚਾਰ-ਵਟਾਂਦਰੇ ਦੌਰਾਨ ਨੇ ਸੈਸ਼ਨਾਂ ਦੌਰਾਨ ਪ੍ਰਾਪਤ ਕੀਤੇ ਆਪਣੀ ਫੀਡਬੈਕ ਅਤੇ ਸੂਝ ਨੂੰ ਸਾਂਝਾ ਕੀਤਾ। ਉਨ੍ਹਾਂ ਨੇ ਸਿਖਲਾਈ ਦੀ ਵਿਆਪਕ ਕਵਰੇਜ ਅਤੇ ਜਨਤਕ ਸੇਵਾ ਪ੍ਰਦਾਨ ਕਰਨ ਦੀ ਵਿਧੀ ਦੀ ਕੁਸ਼ਲਤਾ ਵਿੱਚ ਸੁਧਾਰ ਲਈ ਵਿਹਾਰਕ ਪ੍ਰਸੰਗਿਕਤਾ ਲਈ ਸ਼ਲਾਘਾ ਕੀਤੀ।

# ਸਮਾਜ ਵਿਰੋਧੀ ਲੋਕ ਆਪਣੀਆਂ ਹਰਕਤਾਂ ਤੋਂ ਬਾਜ਼ ਆ ਜਾਣ: ਡਿੰਪੀ ਢਿੱਲੋਂ

**ਗਿੱਦੜਬਾਹਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਨਪ੍ਰੀਤ ਸਿੰਘ ਬਾਦਲ ਅਤੇ ਰਾਜਾ ਵੜਿੰਗ ਦੀ ਸ਼ੈਲੀ ਵਿਚ ਕੰਮ ਨਹੀਂ ਕਰਨਾ ਸਗੋਂ ਇੱਕ ਵਖਰੇ ਅੰਦਾਜ਼ ਵਿਚ ਹਲਕੇ ਦੇ ਲੋਕਾਂ ਦੀ ਸੇਵਾ ਕਰਨੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦੇ ਗਿੱਦੜਬਾਹਾ ਦੇ ਵਿਧਾਇਕ ਸ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਵਨੀਤ ਜਿੰਦਲ ਮੋਟੀ ਵੱਲੋਂ ਉਨ੍ਹਾਂ ਦੀ ਜਿੱਤ ਦੀ ਖੁਸ਼ੀ ਵਿਚ ਆਯੋਜਿਤ ਕੀਤੀ ਗਈ ਪਾਰਟੀ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ। ਵਿਧਾਇਕ ਡਿੰਪੀ ਢਿੱਲੋਂ ਨੇ ਕਿਹਾ ਕਿ ਸ ਮਨਪ੍ਰੀਤ ਸਿੰਘ ਬਾਦਲ ਨੇ ਸਿਅਦ ਦੇ ਵਿਧਾਇਕ ਹੁੰਦੇ ਹੋਏ ਕੰਮ ਲਈ ਆਏ ਲੋਕਾਂ ਨੂੰ ਇਹ ਕਹਿ ਦਿੱਤਾ ਸੀ ਕਿ ਕੋਈ ਵੀ ਕਾਂਗਰਸੀ ਮੇਰੇ ਪਾਸ ਕੰਮ ਲੈ ਕੇ ਨਾ ਆਵੇ ਅਤੇ ਅਜਿਹਾ ਹੀ ਵਤੀਰਾ ਰਾਜਾਂ ਵੜਿੰਗ ਦਾ ਵੀ ਰਿਹਾ ਹੈ ਪਰੰਤੂ ਉਹ ਬਤੌਰ ਵਿਧਾਇਕ ਇਹ ਐਲਾਨ ਕਰਦੇ ਹਨ ਕਿ ਉਨ੍ਹਾਂ ਪਾਸ ਕੋਈ ਵੀ ਵਿਅਕਤੀ ਆਪਣੇ ਕੰਮਕਾਜ ਲਈ ਆ ਸਕਦਾ ਹੈ। ਬੇਸ਼ੱਕ ਉਸਨੇ ਉਨ੍ਹਾਂ ਨੂੰ ਵੋਟ ਪਾਈ ਹੈ ਜਾਂ ਨਹੀਂ ਪਾਈ, ਉਹ ਵਿਅਕਤੀ ਕਿਸੇ ਵੀ ਪਾਰਟੀ ਨਾਲ ਸਬੰਧਤ ਹੋ ਸਕਦਾ ਹੈ।

ਉਨ੍ਹਾਂ ਕਿਹਾ ਕਿ ਜੋ ਅਹਿਸਾਨ ਗਿੱਦੜਬਾਹਾ ਨੇ ਉਨ੍ਹਾਂ ਤੇ ਕੀਤਾ ਹੈ, ਉਸਨੂੰ ਉਹ ਕਦੇ ਵੀ ਉਤਾਰ ਨਹੀਂ ਸਕਦੇ ਪਰੰਤੂ ਉਹ ਕਿਸੇ ਵਿਅਕਤੀ ਨੂੰ ਕੰਮ ਲਈ ਜਵਾਬ ਨਹੀਂ ਦੇਣਗੇ, ਸਗੋਂ ਕਿਸੇ ਵੀ ਵਿਅਕਤੀ ਤੇ ਸਮਸਿਆ ਆਉਣ ਦੀ ਸਥਿਤੀ ਵਿਚ ਉਹ ਖੁਦ ਅੱਗੇ ਰਹਿ ਕੇ ਕੰਮ ਕਰਨਗੇ। ਇਸ ਤੋਂ ਇਲਾਵਾ ਡਿੰਪੀ ਢਿੱਲੋਂ ਨੇ ਨਸ਼ਾ ਤਸਕਰਾਂ, ਗੁੰਡਾਗਰਦੀ ਅਤੇ ਬਦਮਾਸ਼ੀ ਕਰਨ ਵਾਲਿਆਂ ਨੂੰ ਸਖ਼ਤ ਤਾੜਨਾ ਕਰਦੇ ਹੋਏ ਕਿਹਾ ਕਿ ਅੱਜ ਤਾਂ ਉਹ ਹੱਥ ਜੋੜ ਕੇ ਇਹ ਕੰਮ ਛੱਡਣ ਲਈ ਕਹਿ ਰਹੇ ਹਨ ਪਰੰਤੂ ਜੇਕਰ ਅਜਿਹੇ ਲੋਕ ਆਪਣੇ ਉਕਤ ਕੰਮਾਂ ਤੋਂ ਬਾਜ਼ ਨਾ ਆਏ ਤਾਂ ਉਨ੍ਹਾਂ ਵਿਰੁੱਧ ਸਖ਼ਤ ਰਵਈਆ ਅਪਣਾਇਆ ਜਾਵੇਗਾ। ਇਸ ਮੌਕੇ ਵਨੀਤ ਜਿੰਦਲ ਮੋਟੀ ਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਵਿਧਾਇਕ ਡਿੰਪੀ ਢਿੱਲੋਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿਚ ਸ਼ਹਿਰ ਨਿਵਾਸੀ ਹਾਜ਼ਰ ਸਨ।

# ਪਿੰਡਾਂ ਦੇ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਦੀ ਕੀਤੀ ਜਾਵੇ ਸਹੀ ਵਰਤੋਂ : ਡਿਪਟੀ ਕਮਿਸ਼ਨਰ



**ਬਠਿੰਡਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਦੇ ਪਿੰਡਾਂ ਅੰਦਰ ਹੋਣ ਵਾਲੇ ਵਿਕਾਸ ਕਾਰਜਾਂ ਸਬੰਧੀ ਦਿੱਤੀਆਂ ਜਾਣ ਵਾਲੀਆਂ ਗ੍ਰਾਂਟਾਂ ਦੀ ਸਹੀ ਢੰਗ ਨਾਲ ਵਰਤੋਂ ਕਰਨੀ ਯਕੀਨੀ ਬਣਾਈ ਜਾਵੇ। ਇਹਨਾਂ ਗੱਲਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹੇ ਅਧੀਨ ਪੈਂਦੇ ਬਲਾਕ ਭਗਤਾ ਅਤੇ ਫੂਲ ਦੇ ਨਵੇਂ ਚੁਣੇ ਸਰਪੰਚਾਂ ਨਾਲ ਮੀਟਿੰਗ ਕਰਕੇ ਉਹਨਾਂ ਨੂੰ ਪਿੰਡਾਂ ਦੇ ਵਿਕਾਸ ਵਿੱਚ ਆਪਣਾ ਲੋੜੀਦਾ ਯੋਗਦਾਨ ਪਾਉਣ ਲਈ ਉਤਸਾਹਿਤ ਕਰਨ ਮੌਕੇ ਕੀਤਾ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਨਵੇਂ ਚੁਣੇ ਸਰਪੰਚਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪਿੰਡਾਂ ਅੰਦਰ ਹੋਣ ਵਾਲੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਅਧਾਰ 'ਤੇ ਕੀਤਾ ਜਾਵੇਗਾ ਅਤੇ ਪਿੰਡਾਂ ਨੂੰ ਇੱਕ ਨਮੂਨੇ ਵਜੋਂ ਪੇਸ਼ ਕਰਕੇ ਉਭਾਰਿਆ ਜਾਵੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਿੰਡਾਂ ਅੰਦਰ ਛੱਪੜਾਂ ਦੀ ਸਾਫ-ਸਫਾਈ ਕਰਵਾ ਕੇ ਉਹਨਾਂ ਨੂੰ ਥਾਪਰ ਮਾਡਲ ਦਾ ਰੂਪ ਦਿੱਤਾ ਜਾਵੇਗਾ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਰਪੰਚਾਂ ਕੋਲੋਂ ਪਿੰਡਾਂ ਦੀਆਂ ਸਮੱਸਿਆਵਾਂ ਨੂੰ ਵੀ ਸੁਣਿਆ ਅਤੇ ਜਿਨਾਂ ਨੂੰ ਜਲਦ ਹੱਲ ਕਰਨ ਦਾ ਭਰੋਸਾ ਦਵਾਇਆ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਪਸੀ ਸਹਿਯੋਗ ਅਤੇ ਭਾਈਚਾਰਕ ਸਾਂਝ ਕਾਇਮ ਰੱਖਦਿਆਂ ਪਿੰਡਾਂ ਦੇ ਵਿਕਾਸ ਕਾਰਜਾਂ ਨੂੰ ਪਹਿਲ ਦੇ ਆਧਾਰ 'ਤੇ ਕਰਨ ਨੂੰ ਤਰਜੀਹ ਦਿੱਤੀ ਜਾਵੇ।

ਇਸ ਮੌਕੇ ਉਹਨਾਂ ਇਹ ਵੀ ਕਿਹਾ ਕਿ ਆਪੋ ਆਪਣੇ ਪਿੰਡਾਂ ਵਿੱਚ ਚੰਗਾ ਕਾਰਜ ਕਰਨ ਵਾਲੀ ਪੰਚਾਇਤ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਜਾਵੇਗਾ।

ਇਸ ਮੌਕੇ ਐਸਡੀਐਮ ਰਾਮਪੁਰਾ ਸ਼੍ਰੀ ਗਗਨਦੀਪ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਸ ਗੁਰਪ੍ਰਤਾਪ ਸਿੰਘ ਗਿੱਲ, ਕਾਰਜਕਾਰੀ ਇੰਜੀਨੀਅਰ ਸ੍ਰੀ ਮਨਪ੍ਰੀਤ ਸਿੰਘ ਅਰਸ਼ੀ ਤੋਂ ਇਲਾਵਾ ਬਲਾਕ ਭਗਤਾ ਤੇ ਫੂਲ ਦੀ ਸਰਪੰਚ ਆਦਿ ਹਾਜਰ ਸਨ।

# ਅਸਿਸਟੈਂਟ ਗਵਰਨਰ ਕਾਨਫਰੰਸ ਦਾ ਆਯੋਜਨ; ਮਨੋਜ ਬਾਂਸਲ ਬਣੇ ਨਾਮਜ਼ਦ ਅਸਿਸਟੈਂਟ ਗਵਰਨਰ



**ਸਮਾਣਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲਕਸਦੀਪ ਵਿੱਚ ਰੋਟਰੀ ਕਲੱਬ ਇੰਟਰਨੈਸ਼ਨਲ 3090 ਦੇ ਨਾਮਜਦ ਜਿਲਾ ਗਵਰਨਰ ਭੁਪੇਸ਼ ਮਹਿਤਾ ਵੱਲੋਂ ਅਸਿਸਟੈਂਟ ਗਵਰਨਰ ਕਾਨਫਰੰਸ ਦਾ ਆਯੋਜਨ ਕੀਤਾ ਗਿਆ। ਇਸ 4 ਦਿਨਾਂ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਰੋਟਰੀ ਇੰਟਰਨੈਸਨਲ ਦੇ ਡਾਇਰੈਕਟਰ ਲੈਫਟੀਨੈਂਟ ਕੇ.ਪੀ. ਨਾਗੇਸ, ਮੌਜੂਦਾ ਗਵਰਨਰ ਡਾ: ਸੰਦੀਪ ਚੌਹਾਨ ਸ਼ਾਮਲ ਸਨ। ਇਸ ਕਾਨਫਰੰਸ ਵਿੱਚ ਸਮਾਣਾ ਤੋਂ ਸਾਬਕਾ ਜਿਲਾ ਗਵਰਨਰ ਡਾ: ਕੇ.ਦੇ ਜੌਹਰੀ, ਪ੍ਰਧਾਨ ਜੀ.ਸੀ.ਗੋਇਲ ਦੀ ਅਗਵਾਈ ਹੇਠ ਰੋਟਰੀ ਕਲੱਬ ਸਮਾਣਾ ਦੇ ਸਮੂਹ ਮੈਂਬਰਾਂ ਨੇ ਆਪਣੇ ਪਰਿਵਾਰਾਂ ਸਮੇਤ ਲਕਸਦੀਪ ਵਿਖੇ ਜਾ ਕੇ ਕਾਨਫਰੰਸ ਵਿੱਚ ਸ਼ਮੂਲੀਅਤ ਕੀਤੀ। ਜਿਸ ਵਿੱਚ ਸਮਾਣਾ ਤੋਂ ਅਸਿਸਟੈਂਟ ਗਵਰਨਰ ਮਨੋਜ ਬਾਂਸਲ ਨੂੰ ਨਾਮਜਦ ਕੀਤਾ ਗਿਆ ਅਤੇ ਉਨ੍ਹਾਂ ਨੂੰ ਅਹੁਦੇ ਦੀ ਸਹੁੰ ਚੁਕਾਈ ਗਈ।

ਭੁਪੇਸ ਮਹਿਤਾ ਅਤੇ ਇੰਟਰਨੈਸਨਲ ਡਾਇਰੈਕਟਰ ਵੱਲੋਂ ਸਰਟੀਫਿਕੇਟ ਵੀ ਦਿੱਤਾ ਗਿਆ। ਇਸ ਪ੍ਰੋਗਰਾਮ ਵਿੱਚ ਜਾਨਲ ਕੋਆਰਡੀਨੇਟਰ ਯਸ਼ ਗਰਗ, ਸਕੱਤਰ ਮਨੀਸ਼ ਗੁਪਤਾ, ਕੈਸ਼ੀਅਰ ਅਰੁਣ ਬਾਂਸਲ, ਸੁਮਿਤ ਗੋਇਲ, ਗੌਰਵ ਜਿੰਦਲ, ਅਮਿਤ ਗਰਗ (ਗੁਰਦਾਸ), ਪ੍ਰੋਫੈਸਰ ਵਿਕਰਮ ਗੁਪਤਾ, ਵਿਕਾਸ ਬਾਂਸਲ ਆਦਿ ਨੇ ਆਪਣੇ ਪਰਿਵਾਰਾਂ ਸਮੇਤ ਸ਼ਿਰਕਤ ਕੀਤੀ। ਸਮਾਣਾ ਕਲੱਬ ਦੇ ਮੈਂਬਰਾਂ ਨੇ ਵੀ ਆਪਣਾ ਵੰਨ੍ਹਾ ਪ੍ਰਤੀ ਭੰਗੜਾ ਪ੍ਰੋਗਰਾਮ ਪੇਸ਼ ਕੀਤਾ। ਜਿਸ ਕਾਰਨ ਰੋਟਰੀ ਕਲੱਬ ਸਮਾਣਾ ਦੇ ਮੈਂਬਰਾਂ ਦਾ ਗਵਰਨਰ ਭੁਪੇਸ ਮਹਿਤਾ ਅਤੇ ਇੰਟਰਨੈਸ਼ਨਲ ਡਾਇਰੈਕਟਰ ਕੇ. ਪੀ.ਨਾਗੇਸ ਵੱਲੋਂ ਕਲੱਬ ਮੈਂਬਰਾਂ ਦਾ ਵਿਸੇਸ ਤੌਰ 'ਤੇ ਧੰਨਵਾਦ ਕੀਤਾ ਗਿਆ।

# ਹੁਨਰ ਵਿਕਾਸ ਮਿਸ਼ਨ ਤਹਿਤ ਮੁ.ਫਤ ਕੋਰਸਾਂ ਲਈ ਰਜਿਸਟ੍ਰੇਸ਼ਨ ਕਰਨ ਦਾ ਸੱਦਾ

**ਬਰਨਾਲਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਹੁਨਰ ਵਿਕਾਸ ਮਿਸ਼ਨ ਅਤੇ ਨੈਸਕੌਮ ਦੇ ਸਹਿਯੋਗ ਨਾਲ ਨੌਜਵਾਨ ਨੂੰ ਬੀਪੀਐਮ ਐਸੋਸੀਏਟ ਆਫ ਐਂਡ ਏ, ਬੀ ਪੀ ਐਮ ਐਸੋਸੀਏਟ ਈ ਕਾਮਰਸ, ਸਾਈਬਰ ਸੁਰੱਖਿਆ, ਬੀ ਪੀ ਐਮ ਐਸੋਸੀਏਟ ਬੈਂਕਿੰਗ ਦੇ ਮੁਫਤ ਕੋਰਸ ਆਨਲਾਈਨ ਮੁਹੱਈਆ ਕਰਵਾਏ ਜਾ ਰਹੇ ਹਨ।

ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫਸਰ ਬਰਨਾਲਾ ਨਵਜੋਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਕੋਰਸ ਕਰਨ ਲਈ ਸਿਖਿਆਰਥੀ ਦਾ ਬਾਰਵੀਂ ਪਾਸ ਹੋਣਾ ਜ਼ਰੂਰੀ ਹੈ। ਇਹ ਕੋਰਸ 15 ਤੋਂ 30 ਘੰਟੇ ਦੇ ਹਨ , ਜਿਸ ਦੀ ਵੈਲੀਡਿਟੀ 90 ਦਿਨ ਦੀ ਹੈ।

ਓਹਨਾ ਅੱਗੇ ਕਿਹਾ ਕਿ ਚਾਹਵਾਨ ਵਿਦਿਆਰਥੀ ਦਿੱਤੇ ਲਿੰਕ https://forms.gle/zHZHrXVAdEZoEFfEI ਉਪਰ ਜਾ ਕੇ ਜਾਂ QR code ਤੋਂ ਗੂਗਲ ਫਾਰਮ ਵਿਚ ਆਪਣੀ ਜਾਣਕਾਰੀ ਭਰ ਸਕਦੇ ਹਨ ਅਤੇ ਕੋਰਸਾਂ ਲਈ ਰਜਿਸਟਰ ਕਰਵਾ ਸਕਦੇ ਹਨ ਤਾਂ ਜੋ ਪ੍ਰਾਰਥੀਆਂ ਨੂੰ ਪ੍ਰਾਈਵੇਟ ਸੈਕਟਰ ਵਿਚ ਰੋਜਗਾਰ ਦੇ ਯੋਗ ਮੌਕਿਆਂ ਦਾ ਲਾਭ ਪ੍ਰਾਪਤ ਕਰਨ ਵਿਚ ਸਹਾਇਤਾ ਪ੍ਰਾਪਤ ਕੀਤੀ ਜਾ ਸਕੇ। ਇਸ ਤੋਂ ਇਲਾਵਾ ਇਹਨਾਂ ਕੋਰਸਾਂ ਵਿਚ ਦਾਖਲ ਹੋਣ ਲਈ ਕਿਸੇ ਵੀ ਕੰਮਕਾਜ ਵਾਲੇ ਦਿਨ ਦਫਤਰੀ ਸਮੇਂ ਵਿਚ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਦੂਸਰੀ ਮੰਜ਼ਿਲ, ਬਰਨਾਲਾ ਵਿਚ ਆ ਕੇ ਸੰਪਰਕ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਹੈਲਪਲਾਈਨ ਨੰ 94170-39072 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਮਨ ਅਰੋੜਾ ਵੱਲੋਂ ਚੀਮਾ ਵਿਖੇ 6.67 ਕਰੋੜ ਰੁਪਏ ਦੀ ਲਾਗਤ ਵਾਲੇ ਦੋ ਅਹਿਮ ਵਿਕਾਸ ਪ੍ਰੋਜੈਕਟ ਦਾ ਉਦਘਾਟਨ

**ਸੁਨਾਮ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ ਵਿਧਾਨ ਸਭਾ ਹਲਕਾ ਸੁਨਾਮ ਊਧਮ ਸਿੰਘ ਵਾਲਾ ਦੀ ਸਬ ਤਹਿਸੀਲ ਚੀਮਾ ਵਿਖੇ 6 ਕਰੋੜ 67 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਦੋ ਮਹੱਤਵਪੂਰਨ ਵਿਕਾਸ ਪ੍ਰੋਜੈਕਟ ਉਦਘਾਟਨ ਮਗਰੋਂ ਲੋਕਾਂ ਨੂੰ ਸਮਰਪਿਤ ਕੀਤੇ ਅਤੇ ਚੀਮਾ ਵਿਖੇ ਹੀ 1.38 ਕਰੋੜ ਦੀ ਲਾਗਤ ਨਾਲ ਬਣਨ ਵਾਲੇ ਨਵੇਂ ਖੇਡ ਸਟੇਡੀਅਮ ਦਾ ਨੀਹ ਪੱਥਰ ਰੱਖਿਆ।

ਸਬ ਤਹਿਸੀਲ ਚੀਮਾ ਦੀ ਨਵੀਂ ਇਮਾਰਤ ਲੋਕਾਂ ਨੂੰ ਸਮਰਪਿਤ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਨੂੰ ਸਾਰੀਆਂ ਸੁਵਿਧਾਵਾਂ ਮੁਹਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਪਿਛਲੇ ਢਾਈ ਸਾਲਾਂ ਤੋਂ ਇਸ ਵਚਨਬੱਧਤਾ ਉੱਤੇ ਮਜਬੂਤੀ ਨਾਲ ਪਹਿਰਾ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਚੰਗੀ ਨੀਯਤ ਤੇ ਨੇਕ ਨੀਤੀ ਸਦਕਾ ਹੀ ਵਿਕਾਸ ਸੰਭਵ ਹੁੰਦਾ ਹੈ ਜਿਸ ਉੱਤੇ ਪਹਿਰਾ ਦਿੰਦੇ ਹੋਏ ਵਿਧਾਨ ਸਭਾ ਹਲਕਾ ਸੁਨਾਮ ਉਧਮ ਸਿੰਘ ਵਾਲਾ ਵਿੱਚ ਬਹੁ ਪੱਖੀ ਵਿਕਾਸ ਦੀ ਹਨੇਰੀ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਹਲਕਾ ਨਿਵਾਸੀਆਂ ਵੱਲੋਂ ਦਿੱਤੇ ਗਏ ਬੇਮਿਸਾਲ ਪਿਆਰ ਤੇ ਸਤਿਕਾਰ ਲਈ ਓਹ ਹਮੇਸ਼ਾਂ ਰਿਣੀ ਰਹਿਣਗੇ। ਅਮਨ ਅਰੋੜਾ ਨੇ ਕਿਹਾ ਕਿ ਸਬ ਤਹਿਸੀਲ ਕੰਪਲੈਕਸ ਦੇ ਬਣਨ ਨਾਲ ਹੁਣ ਲੋਕਾਂ ਨੂੰ ਵੱਖ-ਵੱਖ ਪ੍ਰਸ਼ਾਸਨਿਕ ਸੇਵਾਵਾਂ ਹਾਸਲ ਕਰਨ ਲਈ ਹੋਰਨਾਂ ਤਹਿਸੀਲਾਂ ਦੇ ਚੱਕਰ ਨਹੀਂ ਲਗਾਉਣੇ ਪੈਣਗੇ ਅਤੇ ਸਾਰੇ ਕੰਮ ਏਥੇ ਹੀ ਪਾਰਦਰਸ਼ੀ ਪ੍ਰਣਾਲੀ ਅਤੇ ਸਮਾਂਬਧ ਢੰਗ ਨਾਲ ਇੱਕੋ ਛੱਤ ਹੇਠਾਂ ਹੋ ਜਾਣਗੇ। ਉਹਨਾਂ ਕਿਹਾ ਕਿ ਇਹ ਸਬ ਤਹਿਸੀਲ ਨਾ ਕੇਵਲ ਚੀਮਾ ਬਲਕਿ ਨੇੜੇ ਤੇੜੇ ਦੇ ਦਰਜਨਾਂ ਪਿੰਡਾਂ ਦੇ ਨਿਵਾਸੀਆਂ ਲਈ ਵਰਦਾਨ ਸਾਬਤ ਹੋਵੇਗੀ।

ਇਸ ਉਪਰੰਤ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਚੀਮਾ ਤੋਂ ਤੋਲਾਵਾਲ ਰੋਡ ਉੱਤੇ 2.34 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਗਏ ਨਵੇਂ ਪੁਲ ਦਾ ਉਦਘਾਟਨ ਕਰਦਿਆਂ ਪਿੰਡਾਂ ਦੇ ਵਾਸੀਆਂ ਨੂੰ ਮੁਬਾਰਕਬਾਦ ਦਿੱਤੀ। ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਬਿਨਾਂ ਕਿਸੇ ਠੋਸ ਯੋਜਨਾ ਤੋਂ ਵਿਕਾਸ ਕਾਰਜ ਉਲੀਕੇ ਅਤੇ ਅਧੂਰੇ ਹੀ ਛੱਡ ਦਿੱਤੇ ਜਿਸ ਦਾ ਖਮਿਆਜਾ ਆਮ ਲੋਕਾਂ ਨੂੰ ਭੁਗਤਣਾ ਪਿਆ ਪਰ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਦੀ ਹਰੇਕ ਜ਼ਰੂਰਤ ਨੂੰ ਪੂਰਾ ਕਰਨ ਲਈ ਅਗੇਤੇ ਤੌਰ ਉੱਤੇ ਯੋਜਨਾਬਧ ਖਾਕਾ ਤਿਆਰ ਕੀਤਾ ਅਤੇ ਫਿਰ ਪੜਾਅਵਾਰ ਢੰਗ ਨਾਲ ਕੰਮਾਂ ਨੂੰ ਮੁਕੰਮਲ ਕਰਵਾਇਆ ਜਿਸ ਨਾਲ ਲੋਕਾਂ ਨੇ ਵੱਡੀ ਰਾਹਤ ਮਹਿਸੂਸ ਕੀਤੀ ਹੈ।

ਇਸ ਦੌਰਾਨ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਚੀਮਾ ਵਿਖੇ ਹੀ 1.38 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਣ ਦੀ ਰਸਮ ਵੀ ਅਦਾ ਕੀਤੀ। ਉਹਨਾਂ ਕਿਹਾ ਕਿ ਇਹ ਖੇਡ ਸਟੇਡੀਅਮ ਬੱਚਿਆਂ ਅਤੇ ਨੌਜਵਾਨਾਂ ਵਿੱਚ ਖੇਡ ਹੁਨਰ ਨੂੰ ਨਿਖਾਰਨ ਵਿੱਚ ਅਹਿਮ ਯੋਗਦਾਨ ਪਾਏਗਾ।

ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਪਨਸੀਡ ਮਹਿੰਦਰ ਸਿੰਘ ਸਿੱਧੂ, ਡਿਪਟੀ ਕਮਿਸ਼ਨਰ ਸੰਦੀਪ ਰਿਸ਼ੀ, ਐਸਡੀਐਮ ਪ੍ਰਮੋਦ ਸਿੰਗਲਾ, ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਅਜੈ ਗਰਗ, ਚੇਅਰਮੈਨ ਮਾਰਕੀਟ ਕਮੇਟੀ ਗੀਤੀ ਮਾਨ, ਈਓ ਬਾਲ ਕ੍ਰਿਸ਼ਨ, ਕੁਲਦੀਪ ਸਿੱਧੂ, ਬੀਰਬਲ ਸਿੰਘ, ਨਿਰਭੈ ਸਿੰਘ, ਬਹਾਦਰ ਸਿੰਘ, ਸਰਪੰਚ ਦੀਪਾ, ਸਰਪੰਚ ਜੱਗਾ, ਕੁਲਦੀਪ ਸ਼ੇਰੋ ਸਮੇਤ ਵੱਡੀ ਗਿਣਤੀ ਵਿੱਚ ਪੰਚ ਸਰਪੰਚ ਅਤੇ ਹੋਰ ਪਤਵੰਤੇ ਮੌਜੂਦ ਸਨ।

# ਸਨ ਸਿਟੀ ਨਿਵਾਸੀਆਂ ਵੱਲੋਂ ਕੀਤਾ ਗਿਆ ਅਮਨ ਅਰੋੜਾ ਦਾ ਸਵਾਗਤ

**ਸੁਨਾਮ, 30 ਨਵੰਬਰ**
**-ਅਸ਼ੋਕ ਬਾਂਸਲ/ਰਾਜੂ ਸਿੰਗਲਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਸਥਾਨਕ ਸਨਸਿਟੀ ਨਿਵਾਸੀਆਂ ਵੱਲੋਂ ਸਾਬਕਾ ਚੇਅਰਮੈਨ ਮੁਨੀਸ਼ ਸੋਨੀ ਅਤੇ ਸਨਸਿਟੀ ਕਲੋਨੀ ਦੇ ਪ੍ਰਧਾਨ ਮੁਨੀਸ਼ ਗਰਗ ਮੋਨੂੰ ਦੀ ਅਗਵਾਈ ਚ ਸਨਸਿਟੀ ਆਪ ਪਾਰਟੀ ਪ੍ਰਧਾਨ ਅਮਨ ਅਰੋੜਾ ਦਾ ਭਰਵਾਂ ਸਵਾਗਤ ਕੀਤਾ ਗਿਆ

ਇਸ ਮੌਕੇ ਸਾਬਕਾ ਮਾਰਕੀਟ ਕਮੇਟੀ ਚੇਅਰਮੈਨ ਮਨੀਸ਼ ਸੋਨੀ ਅਤੇ ਸਨਸਿਟੀ ਕਲੋਨੀ ਦੇ ਪ੍ਰਧਾਨ ਮਨੀਸ਼ ਗਰਗ ਮੋਨੂੰ ਨੇ ਕਿਹਾ ਕਿ ਅਮਨ ਅਰੋੜਾ ਜੀ ਦੇ ਪ੍ਰਧਾਨ ਬਣਨ ਨਾਲ ਸਾਰੇ ਸੁਨਾਮ ਵਾਸੀਆਂ ਨੂੰ ਬਹੁਤ ਖੁਸ਼ੀ ਹੈ ਅਤੇ ਉਹ ਹਾਈਕਮਾਂਡ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਸੁਨਾਮ ਨੂੰ ਇਨ੍ਹਾਂ ਵੱਡਾ ਮਾਨ ਦਿੱਤਾ, ਅਮਨ ਅਰੋੜਾ ਜੀ ਬਹੁਤ ਹੀ ਮਿਹਨਤੀ ਅਤੇ ਲਗਨ ਨਾਮ ਕੰਮ ਕਰਦੇ ਹਨ, ਉਹਨਾਂ ਨੂੰ ਉਮੀਦ ਹੈ ਕਿ ਜਿਸ ਤਰ੍ਹਾਂ ਉਹਨਾਂ ਨੇ ਸੁਨਾਮ ਦੇ ਕੰਮ ਕੀਤੇ ਹਨ ਉਸੇ ਤਰਾਂ ਪੂਰੇ ਪੰਜਾਬ ਦੇ ਵੀ ਕੰਮ ਕਰਨਗੇ ਇਸ ਮੌਕੇ ਨਰੇਸ ਜਿੰਦਲ, ਲੱਕੀ ਗੋਇਲ, ਖੁਸ਼ਦੀਪ ਗੋਇਲ, ਰੋਕੀ ਜਿੰਦਲ , ਸ਼ਿੰਦਾ, ਸਾਹਿਲ, ਤਪਿਸ਼ ਮੋਦੀ, ਰਮਨ ਗੋਇਲ, ਨਿਤਿਨ, ਸ਼ਾਮ ਸੁੰਦਰ ਸਿੰਗਲਾ, ਸ਼ਾਮ ਲਾਲ, ਅਜੇ, ਚੰਚਲ ਕਾਂਸਲ, ਰਮਨ, ਸੰਦੀਪ, ਸਾਹਿਲ ਸਿੰਗਲਾ, ਵਿੱਕੀ, ਬਜਰੰਗ ਲਾਲ, ਦੀਪਕ ਕੁਮਾਰ, ਹਿਮਾਂਸ਼ੂ ਸਿੰਗਲਾ, ਰਚਿਨ ਅਤੇ ਸੌਰਵ ਗੋਇਲ, ਰੋਹਿਤ ਸਿੰਗਲਾ ਮੌਜੂਦ ਸੀ।

# ਕਿਰਤੀ ਕਾਲਜ ਪਾਤੜਾਂ ਚ ਸੰਵਿਧਾਨ ਦਿਵਸ ਮਨਾਇਆ




**ਪਾਤੜਾਂ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਗੁਰਵੀਨ ਕੌਰ ਦੀ ਅਗਵਾਈ ਹੇਠ ਐੱਨਐੱਸਐੱਸ ਵਿਭਾਗ , ਐੱਨਸੀਸੀ ਅਤੇ ਇਤਿਹਾਸ ਵਿਭਾਗ ਵੱਲੋਂ ਸਾਂਝੇ ਤੌਰ ਤੇ ਭਾਰਤੀ ਸੰਵਿਧਾਨ ਦਿਵਸ ਮਨਾਇਆ ਗਿਆ । ਇਸ ਦੌਰਾਨ ਇਤਿਹਾਸ ਵਿਭਾਗ ਦੇ ਪ੍ਰੋਫੈਸਰ ਭੁਪਿੰਦਰ ਕੌਰ ਨੇ ਆਪਣੇ ਭਾਸ਼ਣ ਦੌਰਾਨ ਵਿਦਿਆਰਥੀਆਂ ਨੂੰ ਸੰਵਿਧਾਨ ਬਾਰੇ ਵਿਸਥਾਰਿਤ ਜਾਣਕਾਰੀ ਦਿੱਤੀ ਅਤੇ ਵਰਤਮਾਨ ਸਮੇਂ ਦੇ ਸੰਦਰਭ ਵਿੱਚ ਸੰਵਿਧਾਨ ਦੀ ਸਾਰਥਿਕਤਾ ਨੂੰ ਸਪੱਸ਼ਟ ਕੀਤਾ। ਐਨਐਸਐਸ ਵਿਭਾਗ ਦੇ ਸਹਾਇਕ ਪ੍ਰੋਗਰਾਮ ਅਫਸਰ ਡਾ ਬਲਕਾਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਵਿਧਾਨ ਦੇ ਨਿਰਮਾਣ ਵਿੱਚ ਡਾਕਟਰ ਬੀਆਰ ਅੰਬੇਦਕਰ ਦੇ ਯੋਗਦਾਨ ਬਾਰੇ ਦੱਸਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ ਅੰਬੇਦਕਰ ਨੇ ਲੰਮੀ ਖੋਜ ਕਰਕੇ ਸੰਵਿਧਾਨ ਦੀ ਸਿਰਜਣਾ ਕੀਤੀ ਤਾਂ ਹੀ ਭਾਰਤੀ ਸੰਵਿਧਾਨ ਨੂੰ ਦੁਨੀਆਂ ਦੇ ਕਲਾਸਿਕ ਅਤੇ ਸਰਵੋਤਮ ਸੰਵਿਧਾਨਾਂ ਦੇ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਐਨਐਸਐਸ ਦੇ ਪ੍ਰੋਗਰਾਮ ਅਫਸਰ ਡਾ ਸਤਪਾਲ ਸਿੰਘ ਨੇ ਐਨਐਸਐਸ ਦੇ ਵਲੰਟੀਅਰਾਂ ਨੂੰ ਸੰਵਿਧਾਨ ਦਾ ਐਨਐਸਐਸ ਸਬੰਧਾਂ ਬਾਰੇ ਦੱਸਿਆ। ਪ੍ਰਿੰਸੀਪਲ ਗੁਰਵੀਨ ਕੌਰ ਨੇ ਵਿਦਿਆਰਥੀਆਂ ਨੂੰ ਸੰਵਿਧਾਨ ਦਿਵਸ ਦੀ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਭਾਰਤ ਦਾ ਸੰਵਿਧਾਨ ਇੱਥੇ ਰਹਿਣ ਵਾਲੇ ਨਾਗਰਿਕਾਂ ਦੇ ਸਾਰੇ ਮੌਲਿਕ ਅਧਿਕਾਰਾਂ ਦੀ ਰਾਖੀ ਕਰਦਾ ਹੈ।

# ਕੌਂਸਲਰਾਂ ਨੂੰ ਦਿੱਤੀ ਜਾਵੇਗੀ ਈ-ਸੇਵਾ, ਐਮ-ਸੇਵਾ ਪੋਰਟਲ ਦੀ ਟਰੇਨਿੰਗ- ਸਹਾਇਕ ਕਮਿਸ਼ਨਰ

**ਮਲੇਰਕੋਟਲਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਸੂਬੇ ਦੀ ਅਵਾਮ ਨੂੰ ਪ੍ਰਸ਼ਾਸਨਿਕ ਸੁਧਾਰ ਵਿਭਾਗ (ਡੀ.ਜੀ.ਆਰ.) ਵੱਲੋਂ ਈ-ਗਵਰਨੈਂਸ ਪ੍ਰਣਾਲੀ ਨਾਲ ਦਸਤਾਵੇਜ਼ ਆਨਲਾਈਨ ਤਸਦੀਕ ਕਰਵਾਉਣ ਦੀ ਸਹੂਲਤ ਅਵਾਮ ਨੂੰ ਮੁਹੱਈਆ ਕਰਵਾ ਕੇ ਵੱਡੀ ਰਾਹਤ ਦਿੱਤੀ ਸੀ । ਇਸ ਪਹਿਲਕਦਮੀ ਤਹਿਤ ਸਰਕਾਰੀ ਸੇਵਾਵਾਂ ਦੀ ਡਿਜੀਟਾਈਜ਼ੇਸ਼ਨ ਅਤੇ ਨਾਗਰਿਕਾਂ ਦੇ ਅਨੁਭਵਾਂ ਨੂੰ ਹੋਰ ਬਿਹਤਰ ਬਣਾਉਣ ਦੀ ਦਿਸ਼ਾ ਵਿੱਚ ਨਵ ਨਿਯੁਕਤ ਸਮੂਹ ਸਰਪੰਚ, ਨੰਬਰਦਾਰ ਅਤੇ ਨਗਰ ਕੌਂਸਲਰਾਂ ਨੂੰ ਅਗੇਤੀ ਟਰੇਨਿੰਗ ਦੇਣ ਦਾ ਫ਼ੈਸਲਾ ਭਵਿੱਖ ਵਿੱਚ ਬੇਹੱਦ ਅਹਿਮ ਕਦਮ ਸਾਬਤ ਹੋਵੇਗਾ । ਸਹਾਇਕ ਕਮਿਸ਼ਨਰ ਗੁਰਮੀਤ ਕੁਮਾਰ ਬਾਂਸਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਪ੍ਰਸ਼ਾਸਨਿਕ ਸੁਧਾਰ ਵਿਭਾਗ ਵੱਲੋਂ ਜ਼ਿਲ੍ਹੇ ਦੇ ਨਵ ਨਿਯੁਕਤ ਸਰਪੰਚਾਂ ਨੂੰ ਈ-ਗਵਰਨੈਂਸ ਪ੍ਰਣਾਲੀ ਨਾਲ ਦਸਤਾਵੇਦ ਆਨਲਾਈਨ ਤਸਦੀਕ ਕਰਵਾਉਣ ਦੀ ਸਹੂਲਤ ਅਵਾਮ ਨੂੰ ਮੁਹੱਈਆ ਕਰਵਾਉਣ ਲਈ ਮਿਤੀ 28 ਨਵੰਬਰ ਨੂੰ ਸਥਾਨਕ ਪੰਜਾਬ ਉਰਦੂ ਅਕਾਦਮੀ ਵਿਖੇ ਈ.ਸੇਵਾ, ਐਮ.ਸੇਵਾ ਐਪ ਅਤੇ ਵਟਸਐੱਪ ਦੀ ਟਰੇਨਿੰਗ ਦਿੱਤੇ ਜਾਵੇਗੀ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਸਰਪੰਚਾਂ ਨੂੰ ਇਸ ਇੱਕ ਰੋਜ਼ਾ ਟਰੇਨਿੰਗ ਕੈਂਪ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਤਾਂ ਜੋ ਜ਼ਿਲ੍ਹੇ ਦੇ ਆਮ ਲੋਕਾਂ ਨੂੰ ਸੁਖਾਲੇ ਤਰੀਕੇ ਨਾਲ ਜਾਤੀ, ਰਿਹਾਇਸ਼, ਬੁਢਾਪਾ ਪੈਨਸ਼ਨ, ਡੋਗਰਾ, ਈ.ਡਬਲਿਊ.ਐਸ, ਆਮਦਨ ਸਰਟੀਫਿਕੇਟ ਆਦਿ ਤਸਦੀਕ ਕਰਵਾਉਣ ਦੀ ਪ੍ਰਕਿਰਿਆ ਦੀ ਸਹੂਲਤ ਘਰ ਬੈਠੇ ਹੀ ਮਿਲ ਸਕੇ ।

# ਵੇਲਨੈਸ ਐਡਵਾਈਜ਼ਰ ਦੀ ਅਸਾਮੀਆਂ ਲਈ ਪਲੇਸਮੈਂਟ ਕੈਂਪ 29 ਨਵੰਬਰ ਨੂੰ

**ਪਟਿਆਲਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਉਰੋ ਪਟਿਆਲਾ ਵੱਲੋਂ 29 ਨਵੰਬਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਰਮਾਇਆ ਹੈਲਥ ਕੇਅਰ 'ਚ ਵੇਲਨੈਸ ਐਡਵਾਈਜ਼ਰ ਦੀ ਅਸਾਮੀ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ।

ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਰਮਾਇਆ ਹੈਲਥ ਕੇਅਰ ਵੱਲੋਂ ਵੇਲਨੈਸ ਐਡਵਾਈਜ਼ਰ ਦੀ ਅਸਾਮੀਆਂ ਲਈ ਚਾਹਵਾਨ ਅਤੇ ਯੋਗ ਉਮੀਦਵਾਰਾਂ ( ਮਰਦ ਅਤੇ ਔਰਤ) ਦੀ ਮੰਗ ਕੀਤੀ ਗਈ ਹੈ, ਜਿਸ ਵੀ ਉਮੀਦਵਾਰ ਦੀ ਵਿੱਦਿਅਕ ਯੋਗਤਾ ਦਸਵੀਂ, ਬਾਰ੍ਹਵੀਂ, ਗ੍ਰੈਜੂਏਸ਼ਨ ਪਾਸ ਹੋਵੇ, ਅਤੇ ਉਮਰ 18-30 ਸਾਲ ਹੋਵੇ, ਉਹ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ। ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਮਿਤੀ 29-11-2024 ਨੂੰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਮਿੰਨੀ ਸਕੱਤਰੇਤ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈਣ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 ਤੇ ਸੰਪਰਕ ਕਰ ਸਕਦੇ ਹਨ।

# ਕ੍ਰਿਸ਼ੀ ਵਿਗਿਆਨ ਕੇਂਦਰ ਨੇ ਫਲ਼ਾਂ, ਸਬਜ਼ੀਆਂ ਅਤੇ ਸੋਇਆਬੀਨ ਦੀ ਪ੍ਰੋਸੈਸਿੰਗ ਸਬੰਧੀ ਕਿੱਤਾ : ਮੁਖੀ ਸਿਖਲਾਈ ਕੋਰਸ ਕਰਵਾਇਆ




**ਪਟਿਆਲਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਵੱਲੋਂ ਫਲ਼ਾਂ, ਸਬਜ਼ੀਆਂ ਅਤੇ ਸੋਇਆਬੀਨ ਦੀ ਪ੍ਰੋਸੈਸਿੰਗ ਦਾ ਪੰਜ-ਰੋਜ਼ਾ ਸਿਖਲਾਈ ਕੋਰਸ ਕਰਵਾਇਆ ਗਿਆ। ਇਸ ਸਿਖਲਾਈ ਕੋਰਸ ਵਿਚ ਪਿੰਡ ਬਨੇਰਾ ਖ਼ੁਰਦ, ਸਕੌਹਾਂ, ਗੌਂਸਪੁਰ, ਕਲਿਆਣ, ਜਿੰਦਲਪੁਰ ਤੋਂ 30 ਕਿਸਾਨਾਂ ਨੇ ਭਾਗ ਲਿਆ। ਸਿਖਲਾਈ ਦੇ ਕੋਰਸ ਕੁਆਰਡੀਨੇਟਰ ਡਾ. ਰਜਨੀ ਗੋਇਲ, ਪ੍ਰੋਫੈਸਰ (ਭੋਜਨ ਵਿਗਿਆਨ) ਨੇ ਫਲ਼ਾਂ, ਸਬਜ਼ੀਆਂ ਅਤੇ ਸੋਇਆਬੀਨ ਦੀ ਪ੍ਰੋਸੈਸਿੰਗ, ਪੈਕਿੰਗ ਅਤੇ ਲੇਬਲਿੰਗ ਬਾਰੇ ਸਿਖਲਾਈ ਦਿੱਤੀ। ਕੋਰਸ ਦੌਰਾਨ ਸਿੱਖਿਆਰਥੀਆਂ ਨੇ ਆਪਣੇ ਹੱਥੀ ਵੱਖ-ਵੱਖ ਮੁਰੱਬੇ, ਕੈਂਡੀ, ਜੈਮ, ਆਰ.ਟੀ.ਸੀ., ਸੁਕੈਸ਼, ਸੋਇਆਬੀਨ ਦੁੱਧ, ਪਨੀਰ ਆਦਿ ਤਿਆਰ ਕਰਨ ਦੀ ਵਿਧੀ ਨੂੰ ਜਾਣਿਆ। ਅਗਾਂਹਵਧੂ ਕਿਸਾਨ ਨਰਿੰਦਰ ਸਿੰਘ, ਪਿੰਡ ਦਿੱਤੂਪੁਰ ਨੇ ਸਿੱਖਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਸਖ਼ਤ ਮਿਹਨਤ ਲਈ ਉਤਸ਼ਾਹਿਤ ਕੀਤਾ। ਡਾ. ਗੁਰਉਪਦੇਸ਼ ਕੌਰ, ਪ੍ਰੋਫੈਸਰ (ਗ੍ਰਹਿ ਵਿਗਿਆਨ), ਕੇ.ਵੀ.ਕੇ., ਪਟਿਆਲਾ ਨੇ ਸਿੱਖਿਆਰਥੀਆਂ ਨੂੰ ਫਲ਼ਾਂ ਅਤੇ ਸਬਜ਼ੀਆਂ ਦੇ ਖ਼ੁਰਾਕੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਡਾ. ਰਚਨਾ ਸਿੰਗਲਾ, ਪ੍ਰੋਫੈਸਰ (ਬਾਗਬਾਨੀ) ਨੇ ਘਰੇਲੂ ਬਗੀਚੀ ਅਤੇ ਫਲਦਾਰ ਬੂਟਿਆਂ ਦੀ ਕਾਸ਼ਤ ਬਾਰੇ ਦੱਸਿਆ।

ਡਾ. ਹਰਦੀਪ ਸਿੰਘ ਸਭਿਖੀ, ਡਿਪਟੀ ਡਾਇਰੈਕਟਰ (ਸਿਖਲਾਈ), ਕੇ.ਵੀ.ਕੇ., ਪਟਿਆਲਾ ਨੇ ਸਿੱਖਿਆਰਥੀਆਂ ਨੂੰ ਕੇ.ਵੀ.ਕੇ. ਦੀਆ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ ਅਤੇ ਇਸ ਕੋਰਸ ਨੂੰ ਵਪਾਰਕ ਪੱਧਰ ਤੇ ਵਰਤਣ ਲਈ ਵੀ ਪ੍ਰੇਰਿਆ। ਇਸ ਕੋਰਸ ਦੌਰਾਨ ਪਿੰਡ ਕਲਿਆਣ ਵਿਖੇ ਸਿੱਖਿਆਰਥੀਆਂ ਨੂੰ ਪ੍ਰੋਸੈਸਿੰਗ ਯੂਨਿਟ ਦਾ ਦੌਰਾ ਵੀ ਕਰਵਾਇਆ। ਫੂਡ ਪ੍ਰੋਸੈਸਰ ਬੀਬੀ ਗੁਰਪ੍ਰੀਤ ਕੌਰ (ਕੇ.ਐਸ.ਐਗਰੋ) ਨੇ ਆਪਣੇ ਸਫਲਤਾ ਦੇ ਨੁਕਤੇ ਸਿੱਖਿਆਰਥੀਆਂ ਨਾਲ ਸਾਂਝੇ ਕੀਤੇ। ਸਿਖਲਾਈ ਵਿਚ ਹਿੱਸਾ ਲੈਣ ਵਾਲੇ ਸਾਰੇ ਸਿੱਖਿਆਰਥੀਆਂ ਨੇ ਪੀ.ਏ.ਯੂ. ਦੀਆਂ ਪ੍ਰਕਾਸ਼ਿਤ ਕਿਤਾਬਾਂ ਵੀ ਖਰੀਦੀਆਂ।

# ਆਜੀਵਿਕਾ ਮਿਸ਼ਨ ਤਹਿਤ ਸੈਲਫ ਹੈਲਪ ਗਰੁੱਪਾਂ ਲਈ ਲੋਨ ਮੇਲਾ ਲਾਇਆ



**ਬਰਨਾਲਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ ਵਿਕਾਸ ਬਰਨਾਲਾ ਸ. ਸਤਵੰਤ ਸਿੰਘ ਦੀ ਅਗਵਾਈ ਹੇਠ ਦੀਨ ਦਿਆਲ ਅਨੰਤੋਦਿਆ ਪੰਜਾਬ ਰਾਜ ਦਿਹਾਤੀ ਆਜੀਵਿਕਾ ਮਿਸ਼ਨ ਤਹਿਤ ਜ਼ਿਲ੍ਹਾ ਬਰਨਾਲਾ ਵਿੱਚ ਵੱਖ -ਵੱਖ ਬੈਂਕਾਂ ਦੇ ਸਹਿਯੋਗ ਨਾਲ ਲੋਨ ਮੇਲਾ ਲਾਇਆ ਗਿਆ। ਇਸ ਮੇਲੇ ਦੌਰਾਨ ਵੱਖ-ਵੱਖ ਬੈਂਕਾਂ ਵਲੋਂ ਸੈਲਫ ਹੈਲਪ ਗਰੁੱਪਾਂ ਦੀਆਂ ਕੈਸ਼ ਕਰੈਡਿਟ ਲਿਮਟਾਂ ਕੀਤੀਆਂ ਗਈਆਂ। ਆਰ ਬੀ ਆਈ ਦੀਆਂ ਹਦਾਇਤਾਂ ਅਨੁਸਾਰ ਇਹ ਲਿਮਟਾਂ ਇੱਕ ਲੱਖ ਤੋਂ 6 ਲੱਖ ਤੱਕ ਹੁੰਦੀਆਂ ਹਨ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸ. ਸਤਵੰਤ ਸਿੰਘ ਨੇ ਦੱਸਿਆ ਕਿ ਇਸ ਮਿਸ਼ਨ ਦਾ ਮਕਸਦ ਪਿੰਡਾਂ ਦੀਆਂ ਔਰਤਾਂ ਨੂੰ ਸਵੈ-ਰੋਜ਼ਗਾਰ ਦੇ ਮੌਕੇ ਮੁੱਹਈਆ ਕਰਾਉਣਾ ਹੈ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਰਮਨੀਕ ਸ਼ਰਮਾ, ਲੀਡ ਜ਼ਿਲ੍ਹਾ ਬੈਂਕ ਮੈਨੇਜਰ ਗੁਰਪਰਵਿੰਦਰ ਸਿੰਘ ਵਲੋਂ ਬੈਂਕ ਦੁਆਰਾ ਮਿਲੇ ਲੋਨ ਨੂੰ ਗਰੁੱਪ ਮੈਂਬਰਾਂ ਨੂੰ ਆਜੀਵਿਕਾ ਦੇ ਸਾਧਨਾਂ ਵਿੱਚ ਵਰਤਣ ਲਈ ਕਿਹਾ ਗਿਆ। ਇਸ ਮੇਲੇ ਦੌਰਾਨ 52 ਸੀ.ਸੀ.ਐੱਲ ਫਾਈਲਾਂ ਮਨਜ਼ੂਰ ਕੀਤੀਆਂ ਗਈਆਂ। ਇਸ ਮੌਕੇ ਜ਼ਿਲ੍ਹਾ ਫੰਕਸ਼ਨ ਮੈਨੈਜਰ ਅਮਨਦੀਪ ਸਿੰਘ, ਜ਼ਿਲ੍ਹਾ ਲੇਖਾਕਾਰ ਸੰਜੀਵ ਤਾਇਲ, ਬਲਾਕ ਪ੍ਰੋਗਰਾਮ ਮੈਨੇਜਰ ਗੁਰਦੀਪ ਸਿੰਘ, ਗੁਰਵਿੰਦਰ ਕੌਰ, ਧਰਮਿੰਦਰ ਸਿੰਘ ਵੀ ਹਾਜ਼ਰ ਸਨ।

# ਸਕੂਲੀ ਬੱਚਿਆਂ ਦੀ ਸੁਰੱਖਿਆ ਸਬੰਧੀ ਸੇਫ ਵਾਹਨ ਨੀਤੀ ਦੀ ਪਾਲਣਾ ਕੀਤੀ ਜਾਵੇ: ਮਨਜੀਤ ਕੌਰ

**ਪਟਿਆਲਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਦੇ ਸਬ ਡਵੀਜ਼ਨਲ ਮੈਜਿਸਟਰੇਟ ਮਨਜੀਤ ਕੌਰ ਨੇ ਅੱਜ ਸੜਕ ਸੁਰੱਖਿਆ ਸਬੰਧੀ ਇਕ ਬੈਠਕ ਦੀ ਪ੍ਰਧਾਨਗੀ ਕੀਤੀ । ਉਹਨਾਂ ਨਿਜੀ ਸਕੂਲਾਂ'ਚ ਸੇਫ ਵਾਹਨ ਨੀਤੀ ਨੂੰ ਸਖਤੀ ਨਾਲ ਲਾਗੂ ਕਰਨ ਦੇ ਆਦੇਸ਼ ਦਿੱਤੇ ਹਨ । ਉਹਨਾਂ ਜ਼ਿਲ੍ਹਾ ਸਿਖਿਆ ਵਿਭਾਗ ਤੇ ਟਰੈਫਿਕ ਪੁਲਿਸ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਵਾਹਨਾਂ ਦੀ ਅਚਨਚੇਤ ਚੈਕਿੰਗ ਕਰਨ।

ਸਬ ਡਵੀਜ਼ਨਲ ਨੇ ਕਿਹਾ ਕਿ ਜੇਕਰ ਕੋਈ ਸਕੂਲ ਸੇਫ਼ ਸਕੂਲ ਵਾਹਨ ਨੀਤੀ ਦੀ ਉਲੰਘਣਾ ਕਰਦਾ ਹੈ ਤਾਂ ਉਸ ਸਕੂਲ ਦੇ ਪ੍ਰਿੰਸੀਪਲ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ । ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਸ਼ਾਇਨਾ ਕਪੂਰ ਨੇ ਦੱਸਿਆ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਹਦਾਇਤਾਂ ਮੁਤਾਬਕ ਡਰਾਇਵਰ ਦੀ ਨੇਮ ਪਲੇਟ ਤੇ ਵਰਦੀ, ਮਹਿਲਾ ਅਟੈਂਡੈਂਟ, ਮੁੱਢਲੀ ਸਹਾਇਤਾ ਬਕਸੇ, ਅੱਗ ਬੁਝਾਂਊ ਯੰਤਰ, ਸੀ.ਸੀ.ਟੀ.ਵੀ. ਕੈਮਰੇ ਅਤੇ ਓਵਰ ਲੋਡਿੰਗ ਕਰਨ ਵਾਲਿਆਂ ਦੇ ਸਮੇਂ-ਸਮੇਂ ਤੇ ਚਲਾਨ ਕੱਟੇ ਜਾਂਦੇ ਹਨ । ਉਹਨਾਂ ਬੈਠਕ ਵਿੱਚ ਮੌਜੂਦ ਟਰਾਂਸਪੋਰਟ ਵਿਭਾਗ, ਜ਼ਿਲ੍ਹਾ ਸਿੱਖਿਆ ਵਿਭਾਗ ਅਤੇ ਟ੍ਰੈਫਿਕ ਪੁਲਿਸ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਕੂਲਾਂ ਦੇ ਵਾਹਨਾਂ ਦੀ ਅਚਨਚੇਤ ਚੈਕਿੰਗ ਯਕੀਨੀ ਬਣਾਈ ਜਾਵੇ ।

ਸਬ ਡਵੀਜ਼ਨਲ ਵੱਲੋਂ ਇਹ ਵੀ ਕਿਹਾ ਗਿਆ ਕਿ ਕਈ ਵਾਰ ਅੱਗ ਬੁਝਾਊ ਯੰਤਰਾਂ ਦੀ ਮਿਆਦ ਪੂਰੀ ਹੋ ਚੁੱਕੀ ਹੁੰਦੀ ਹੈ , ਉਹਨਾਂ ਦੀ ਚੈਕਿੰਗ ਅਤਿ ਜ਼ਰੂਰੀ ਹੈ ਤਾਂ ਕਿ ਕਿਸੇ ਵੀ ਤਰ੍ਹਾਂ ਦੀ ਦੁਰਘਟਨਾ ਤੋ ਬਚਿਆ ਜਾ ਸਕੇ। ਉਹਨਾਂ ਇਹ ਵੀ ਕਿਹਾ ਕਿ ਲੜਕੀਆਂ ਦੀ ਸੁਰੱਖਿਆ ਲਈ ਬੱਸ ਵਿੱਚ ਇੱਕ ਮਹਿਲਾ ਕੰਡਕਟਰ ਦਾ ਹੋਣਾ ਲਾਜਮੀ ਹੈ । ਮੀਟਿੰਗ ਵਿੱਚ ਜ਼ਿਲ੍ਹਾ ਸੁਰੱਖਿਆ ਅਫਸਰ ਤੋ ਇਲਾਵਾ ਟਰਾਂਸਪੋਰਟ ਵਿਭਾਗ, ਜ਼ਿਲ੍ਹਾ ਸਿੱਖਿਆ ਵਿਭਾਗ ਦੇ ਅਧਿਕਾਰੀ/ਕਰਮਚਾਰੀ ਵੀ ਸ਼ਾਮਲ ਸਨ।

# ਅੰਦਰੂਨੀ ਸੁਰੱਖਿਆ ਅਤੇ ਜਨਤਕ ਸੁਰੱਖਿਆ ਨੂੰ ਵਧਾਉਣ 'ਤੇ ਧਿਆਨ ਦਿੱਤਾ ਜਾਵੇ: ਮੋਦੀ

**ਨਵੀਂ ਦਿੱਲੀ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਓਡੀਸ਼ਾ ਵਿੱਚ ਸਮੂਹ ਡਾਇਰੈਕਟਰ ਜਨਰਲ/ਇੰਸਪੈਕਟਰ ਜਨਰਲ ਆਫ਼ ਪੁਲਿਸ 2024 ਦੀ ਆਲ ਇੰਡੀਆ ਕਾਨਫਰੰਸ ਅੰਦਰੂਨੀ ਸੁਰੱਖਿਆ ਅਤੇ ਜਨਤਕ ਸੁਰੱਖਿਆ ਨੂੰ ਵਧਾਉਣ 'ਤੇ ਧਿਆਨ ਕੇਂਦਰਿਤ ਕਰੇਗੀ।



29 ਨਵੰਬਰ ਤੋਂ 1 ਦਸੰਬਰ ਤੱਕ ਚੱਲਣ ਵਾਲੀ ਇਸ ਤਿੰਨ ਰੋਜ਼ਾ ਕਾਨਫਰੰਸ ਵਿੱਚ ਅੱਤਵਾਦ ਵਿਰੋਧੀ, ਖੱਬੇ ਪੱਖੀ ਕੱਟੜਵਾਦ, ਤੱਟਵਰਤੀ ਸੁਰੱਖਿਆ, ਨਵੇਂ ਅਪਰਾਧਿਕ ਕਾਨੂੰਨ ਅਤੇ ਨਸ਼ੀਲੇ ਪਦਾਰਥਾਂ ਸਮੇਤ ਰਾਸ਼ਟਰੀ ਸੁਰੱਖਿਆ ਦੇ ਨਾਜ਼ੁਕ ਹਿੱਸਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਕਾਨਫਰੰਸ ਦੌਰਾਨ ਵਿਲੱਖਣ ਸੇਵਾਵਾਂ ਲਈ ਰਾਸ਼ਟਰਪਤੀ ਪੁਲੀਸ ਮੈਡਲ ਵੀ ਪ੍ਰਦਾਨ ਕੀਤਾ ਜਾਵੇਗਾ।

ਪ੍ਰਧਾਨ ਮੰਤਰੀ ਮੋਦੀ ਨੇ ਸ਼ੁੱਕਰਵਾਰ ਨੂੰ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ, 'ਅਗਲੇ ਦੋ ਦਿਨਾਂ ਵਿੱਚ, ਮੈਂ ਡੀਜੀਪੀ/ਆਈਜੀਪੀ ਕਾਨਫਰੰਸ ਲਈ ਭੁਵਨੇਸ਼ਵਰ ਵਿੱਚ ਰਹਾਂਗਾ। ਇਸ ਕਾਨਫਰੰਸ ਵਿੱਚ ਪੂਰੇ ਭਾਰਤ ਤੋਂ ਸੀਨੀਅਰ ਪੁਲਿਸ ਅਧਿਕਾਰੀ ਹਿੱਸਾ ਲੈਣਗੇ। ਭਾਰਤ ਦੇ ਅੰਦਰੂਨੀ ਸੁਰੱਖਿਆ ਉਪਕਰਨਾਂ ਨੂੰ ਵਧਾਉਣ 'ਤੇ ਵਿਆਪਕ ਵਿਚਾਰ-ਵਟਾਂਦਰਾ ਹੋਵੇਗਾ।

ਕਾਨਫਰੰਸ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਪ੍ਰਧਾਨ ਮੰਤਰੀ ਮੋਦੀ ਦੇ ਪ੍ਰਮੁੱਖ ਸਕੱਤਰ, ਰਾਸ਼ਟਰੀ ਸੁਰੱਖਿਆ ਸਲਾਹਕਾਰ (ਐਨਐਸਏ), ਰਾਜ ਮੰਤਰੀ (ਗ੍ਰਹਿ ਮਾਮਲੇ), ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਡੀਜੀਪੀ ਅਤੇ ਕੇਂਦਰੀ ਪੁਲੀਸ ਸੰਗਠਨਾਂ ਦੇ ਮੁਖੀ ਸ਼ਾਮਲ ਹੋਣਗੇ। ਪੀਐਮ ਮੋਦੀ ਦੇ ਦੌਰੇ ਨੂੰ ਲੈ ਕੇ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਹਨ। ਭੁਵਨੇਸ਼ਵਰ-ਕਟਕ ਕਮਿਸ਼ਨਰੇਟ ਦੇ ਪੁਲਿਸ ਕਮਿਸ਼ਨਰ ਐਸ ਦੇਵ ਦੱਤਾ ਸਿੰਘ ਨੇ ਕਿਹਾ ਕਿ ਡੀਜੀਪੀ ਅਤੇ ਆਈਜੀਪੀ ਕਾਨਫਰੰਸ-2024 ਦੌਰਾਨ ਸਾਰੇ ਦੇਸ਼ ਵਿਰੋਧੀ ਅਨਸਰਾਂ 'ਤੇ ਕਿਸੇ ਵੀ ਸੰਭਾਵੀ ਖ਼ਤਰੇ 'ਤੇ ਸਖ਼ਤ ਚੌਕਸੀ ਰੱਖੀ ਗਈ ਹੈ।

# ਸੰਭਲ ਮਾਮਲਾ: ਅਦਾਲਤ ਵੱਲੋਂ ਸਰਵੇ ਟੀਮ ਨੂੰ 10 ਦਿਨਾਂ ਅੰਦਰ ਰਿਪੋਰਟ ਪੇਸ਼ ਕਰਨ ਦੇ ਹੁਕਮ



**ਸੰਭਲ (ਯੂਪੀ), 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੀ ਇਕ ਅਦਾਲਤ ਨੇ ਸੰਭਲ ਮਾਮਲੇ ਵਿਚ ਨਿਯੁਕਤ ਕੀਤੇ ਗਏ ਕਮਿਸ਼ਨਰ ਨੂੰ 10 ਦਿਨਾਂ ਦੇ ਅੰਦਰ ਸਰਵੇਖਣ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ। ਇੱਥੋਂ ਦੀ ਜਾਮਾ ਮਸਜਿਦ ਮਸਜਿਦ ਦੇ ਸਰਵੇਖਣ ਦੌਰਾਨ ਇੱਕ ਮੰਦਰ ਹੋਣ ਦੀ ਪੁਸ਼ਟੀ ਹੋਈ ਸੀ ਜਿਸ ਮਾਮਲੇ ਦੀ ਸੁਣਵਾਈ ਦੀ ਅਗਲੀ ਤਰੀਕ 8 ਜਨਵਰੀ ਨਿਰਧਾਰਤ ਕੀਤੀ ਗਈ ਹੈ। ਅਦਾਲਤ ਵੱਲੋਂ ਨਿਯੁਕਤ ਕਮਿਸ਼ਨਰ ਰਾਕੇਸ਼ ਸਿੰਘ ਰਾਘਵ ਨੇ ਕਿਹਾ ਕਿ ਇਸ ਮਾਮਲੇ ਦੀ ਸੁਣਵਾਈ ਸਿਵਲ ਜੱਜ ਆਦਿਤਿਆ ਸਿੰਘ ਨੇ ਕੀਤੀ।

ਉਨ੍ਹਾਂ ਕਿਹਾ ਕਿ ਅਦਾਲਤ ਨੂੰ ਸੂਚਿਤ ਕੀਤਾ ਗਿਆ ਸੀ ਕਿ ਸਰਵੇਖਣ ਰਿਪੋਰਟ ਹਾਲੇ ਤਕ ਮੁਕੰਮਲ ਨਹੀਂ ਹੋਈ ਜਿਸ ਨੂੰ ਮੁਕੰਮਲ ਕਰਨ ਲਈ ਹੋਰ ਸਮੇਂ ਦੀ ਲੋੜ ਹੈ। ਅਦਾਲਤ ਨੇ ਇਸ ਅਪੀਲ ਨੂੰ ਮਨਜ਼ੂਰ ਕਰਦਿਆਂ ਸੁਣਵਾਈ ਦੀ ਤਰੀਕ 8 ਜਨਵਰੀ ਨਿਰਧਾਰਤ ਕੀਤੀ। ਮਸਜਿਦ ਕਮੇਟੀ ਦੇ ਵਕੀਲ ਆਮਿਰ ਹੁਸੈਨ ਨੇ ਕਿਹਾ ਕਿ ਇਸ ਮਾਮਲੇ ਦਾ ਜਦੋਂ ਸਰਵੇਖਣ ਕੀਤਾ ਗਿਆ ਸੀ ਤਾਂ ਮੁਸਲਿਮ ਦੋਵੇਂ ਧਿਰਾਂ ਮੌਜੂਦ ਸਨ। ਕੋਰਟ ਕਮਿਸ਼ਨਰ ਨੇ ਅਦਾਲਤ ਨੂੰ ਸੂਚਿਤ ਕੀਤਾ ਕਿ ਉਹ ਰਿਪੋਰਟ ਤਿਆਰ ਨਹੀਂ ਕਰ ਸਕਿਆ ਜਿਸ ਤੋਂ ਬਾਅਦ ਜੱਜ ਨੇ ਉਸ ਨੂੰ 10 ਦਿਨਾਂ ਦੇ ਅੰਦਰ ਰਿਪੋਰਟ ਤਿਆਰ ਕਰਨ ਲਈ ਕਿਹਾ ਹੈ।

ਸੰਭਲ ਵਿੱਚ 19 ਨਵੰਬਰ ਤੋਂ ਬਾਅਦ ਉਸ ਵੇਲੇ ਤਣਾਅ ਵਧ ਗਿਆ ਸੀ ਜਦੋਂ ਜਾਮਾ ਮਸਜਿਦ ਦਾ ਅਦਾਲਤ ਦੇ ਹੁਕਮਾਂ ਤੋਂ ਬਾਅਦ ਮੁੜ ਸਰਵੇਖਣ ਸ਼ੁਰੂ ਹੋਇਆ। ਇਸ ਤੋਂ ਬਾਅਦ ਹਿੰਸਾ ਵਿਚ ਚਾਰ ਜਣਿਆਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ ਸਨ।

# 1984 ਸਿੱਖ ਵਿਰੋਧੀ ਦੰਗੇ: ਸੱਜਣ ਕੁਮਾਰ ਖ਼ਿਲਾਫ਼ ਫੈਸਲਾ ਟਲਿਆ

## ਹੁਕਮਾਂ ਸਬੰਧੀ ਦਸਤਾਵੇਜ਼ ਤਿਆਰ ਨਾ ਹੋਣ ਕਰ ਕੇ ਅਦਾਲਤ 16 ਦਸੰਬਰ ਨੂੰ ਸੁਣਾਏਗੀ ਫੈਸਲਾ

**ਨਵੀਂ ਦਿੱਲੀ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੀ ਇੱਕ ਅਦਾਲਤ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿੱਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਸੱਜਣ ਕੁਮਾਰ ਬਾਰੇ 16 ਦਸੰਬਰ ਨੂੰ ਫ਼ੈਸਲਾ ਸੁਣਾਏਗੀ। ਇਹ ਮਾਮਲਾ ਸਿੱਖ ਵਿਰੋਧੀ ਦੰਗਿਆਂ ਦੌਰਾਨ ਸਰਸਵਤੀ ਵਿਹਾਰ ਇਲਾਕੇ ਵਿੱਚ ਦੋ ਸਿੱਖਾਂ ਦੀ ਕਥਿਤ ਹੱਤਿਆ ਨਾਲ ਸਬੰਧਤ ਹੈ।



ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਅੱਜ ਇਸ ਮਾਮਲੇ ਬਾਰੇ ਫੈਸਲਾ ਸੁਣਾਉਣਾ ਸੀ ਪਰ ਉਨ੍ਹਾਂ ਕਿਹਾ ਕਿ ਇਸ ਸਬੰਧੀ ਹੁਕਮਾਂ ਦੀ ਕਾਪੀ ਤਿਆਰ ਨਹੀਂ ਹੋ ਸਕੀ ਜਿਸ ਕਰ ਕੇ ਇਸ ਫੈਸਲੇ ਨੂੰ ਅਗਲੇ ਹੁਕਮਾਂ ਤਕ ਟਾਲ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਸ਼ਿਕਾਇਤਕਰਤਾ ਨੇ 1 ਨਵੰਬਰ 1984 ਨੂੰ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੇ ਕਤਲ ਨਾਲ ਸਬੰਧਤ ਕੇਸ ਵਿੱਚ ਅੰਤਿਮ ਦਲੀਲਾਂ ਸੁਣਨ ਤੋਂ ਬਾਅਦ ਫੈਸਲਾ ਰਾਖਵਾਂ ਰੱਖ ਲਿਆ ਸੀ। ਭਾਵੇਂ ਇਸ ਮਾਮਲੇ ਵਿੱਚ ਪੰਜਾਬੀ ਬਾਗ ਥਾਣੇ ਦੀ ਪੁਲੀਸ ਨੇ ਪਹਿਲਾਂ ਕੇਸ ਦਰਜ ਕਰ ਲਿਆ ਸੀ ਪਰ ਬਾਅਦ ਵਿੱਚ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਆਪਣੇ ਹੱਥ ਵਿੱਚ ਲੈ ਲਈ ਸੀ। ਅਦਾਲਤ ਨੇ 16 ਦਸੰਬਰ 2021 ਨੂੰ ਸੱਜਣ ਕੁਮਾਰ ਵਿਰੁੱਧ ਦੋਸ਼ ਆਇਦ ਕੀਤੇ ਸਨ।

ਇਸਤਗਾਸਾ ਪੱਖ ਅਨੁਸਾਰ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਵੱਡੇ ਸਮੂਹ ਨੇ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਸਿੱਖਾਂ ਦੀਆਂ ਜਾਇਦਾਦਾਂ ਦੀ ਵੱਡੇ ਪੱਧਰ 'ਤੇ ਲੁੱਟਮਾਰ ਕਰਦਿਆਂ ਅੱਗਾਂ ਲਾਈਆਂ ਸਨ ਤੇ ਸਿੱਖਾਂ ਦੀਆਂ ਹੱਤਿਆਵਾਂ ਕੀਤੀਆਂ ਸਨ। ਇਸਤਗਾਸਾ ਪੱਖ ਨੇ ਦੋਸ਼ ਲਾਇਆ ਕਿ ਵੱਡੀ ਗਿਣਤੀ ਵਿਚ ਇਕੱਠੇ ਹੋਏ ਲੋਕਾਂ ਨੇ ਜਸਵੰਤ ਸਿੰਘ ਤੇ ਉਸ ਦੇ ਪੁੱਤਰ ਦੀ ਹੱਤਿਆ ਕਰਨ ਤੋਂ ਇਲਾਵਾ ਘਰ ਦਾ ਸਾਮਾਨ ਲੁੱਟ ਲਿਆ ਤੇ ਉਸ ਦੇ ਘਰ ਨੂੰ ਅੱਗ ਲਾ ਦਿੱਤੀ। ਇਸ ਕੇਸ ਵਿਚ ਸਬੂਤ ਮਿਲੇ ਸਨ ਕਿ ਸੱਜਣ ਕੁਮਾਰ ਨੇ ਹੀ ਇਸ ਹਜੂਮ ਦੀ ਅਗਵਾਈ ਕੀਤੀ ਜਿਨ੍ਹਾਂ ਸਿੱਖਾਂ ਦੇ ਘਰ ਸਾੜੇ ਤੇ ਹੱਤਿਆਵਾਂ ਕੀਤੀਆਂ।

# ਰਾਜ ਸਭਾ 'ਚ ਵਿਰੋਧੀ ਧਿਰ ਦੇ ਹੰਗਾਮੇ ਕਾਰਨ ਕਾਰਵਾਈ ਦਿਨ ਭਰ ਲਈ ਮੁਲਤਵੀ

**ਨਵੀਂ ਦਿੱਲੀ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਸਭਾ ਵਿੱਚ ਅੱਜ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਵੱਲੋਂ ਅਡਾਨੀ ਤੇ ਹੋਰ ਮਾਮਲਿਆਂ 'ਤੇ ਸਪਸ਼ਟ ਜਵਾਬ ਨਾ ਦੇਣ 'ਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਗਈ ਜਿਸ ਕਾਰਨ ਸੰਸਦ ਦੇ ਸਰਦ ਰੁੱਤ ਸੈਸ਼ਨ ਦੇ ਚੌਥੇ ਦਿਨ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ ਅਤੇ ਹੁਣ ਇਹ ਸਦਨ 2 ਦਸੰਬਰ ਨੂੰ ਸਵੇਰੇ 11 ਵਜੇ ਮੁੜ ਜੁੜੇਗਾ।

ਰਾਜ ਸਭਾ ਦੇ ਚੇਅਰਮੈਨ ਅਤੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਕਿਹਾ ਕਿ ਇਹ ਕਾਰਵਾਈ ਲੋਕਾਂ ਦੇ ਪੱਖ ਵਿਚ ਨਹੀਂ ਹੈ ਤੇ ਇਹ ਗਲਤ ਕੀਤਾ ਜਾ ਰਿਹਾ ਹੈ ਕਿਉਂਕਿ ਕਾਰਵਾਈ ਵਿਚ ਵਿਘਨ ਪਾਉਣ ਨਾਲ ਕੀ ਮਿਸਾਲ ਪੈਦਾ ਕੀਤੀ ਜਾ ਰਹੀ ਹੈ।



ਦੂਜੇ ਪਾਸੇ ਕਾਂਗਰਸ ਦੇ ਸੰਸਦ ਮੈਂਬਰ ਗੌਰਵ ਗੋਗੋਈ ਨੇ ਕਿਹਾ ਕਿ ਸਰਕਾਰ ਨੂੰ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਹ ਕਿਹੜਾ ਮੁੱਦਾ ਕਿਸ ਵੇਲੇ ਤੇ ਕਦੋਂ ਉਠਾਉਣਾ ਚਾਹੁੰਦੀ ਹੈ।

ਉਨ੍ਹਾਂ ਪੁੱਛਿਆ ਕਿ ਕੀ ਸਰਕਾਰ ਨੇ ਕਿਹਾ ਸੀ ਕਿ ਅਡਾਨੀ, ਮਨੀਪੁਰ, ਸੰਭਲ, ਚੀਨ ਅਤੇ ਵਿਦੇਸ਼ ਨੀਤੀ 'ਤੇ ਚਰਚਾ ਹੋਵੇਗੀ? ਸਰਕਾਰ ਨੇ ਅਜਿਹਾ ਕੁਝ ਵੀ ਨਹੀਂ ਦੱਸਿਆ। ਉਨ੍ਹਾਂ ਨੇ ਨਾ ਤਾਂ ਵਿਸ਼ੇ ਬਾਰੇ ਸਪਸ਼ਟ ਕੀਤਾ ਹੈ ਅਤੇ ਨਾ ਹੀ ਤਰੀਕ ਬਾਰੇ, ਜਿਸ ਦਿਨ ਉਹ ਵਿਸ਼ੇ ਅਤੇ ਤਰੀਕ ਬਾਰੇ ਦੱਸਣਗੇ ਤਾਂ ਉਹ ਸਦਨ ਦੀ ਕਾਰਵਾਈ ਚੱਲਣ ਦੇਣਗੇ।

ਸਮਾਜਵਾਦੀ ਪਾਰਟੀ ਦੇ ਸੰਸਦ ਮੈਂਬਰ ਰਾਮ ਗੋਪਾਲ ਯਾਦਵ ਨੇ ਵੀ ਕਿਹਾ ਕਿ ਕੇਂਦਰ ਸਰਕਾਰ ਅਡਾਨੀ, ਸੰਭਲ ਅਤੇ ਮਨੀਪੁਰ ਦੇ ਮੁੱਦਿਆਂ 'ਤੇ ਸੰਸਦ 'ਚ ਚਰਚਾ ਕਰਨ ਤੋਂ ਭੱਜ ਰਹੀ ਹੈ।

# ਮਹਾਰਾਸ਼ਟਰ ਵਿੱਚ ਬੱਸ ਹਾਦਸੇ ਵਿਚ 11 ਹਲਾਕ; 16 ਜ਼ਖ਼ਮੀ

**ਮੁੰਬਈ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਗੋਂਦੀਆ ਵਿਚ ਅੱਜ ਦੁਪਹਿਰ ਵੇਲੇ ਇਕ ਬੱਸ ਦੇ ਪਲਟਣ ਕਾਰਨ 11 ਯਾਤਰੀ ਹਲਾਕ ਹੋ ਗਏ ਜਦਕਿ 16 ਜ਼ਖ਼ਮੀ ਹੋ ਗਏ। ਜਾਣਕਾਰੀ ਅਨੁਸਾਰ ਬੱਸ (ਐਮਐਚ 09 ਈਐਮ 1273) ਭੰਡਾਰਾ ਤੋਂ ਗੋਂਦੀਆ ਆ ਰਹੀ ਸੀ ਕਿ ਬੱਸ ਦਾ ਡਰਾਈਵਰ ਮੋਟਰਸਾਈਕਲ ਸਵਾਰਾਂ ਨੂੰ ਬਚਾਉਂਦਿਆਂ ਕੰਟਰੋਲ ਗੁਆ ਬੈਠਾ ਜਿਸ ਕਾਰਨ ਬੱਸ ਰੇਲਿੰਗ ਨਾਲ ਟਕਰਾ ਕੇ ਪਲਟ ਗਈ। ਇਸ ਹਾਦਸੇ ਤੋਂ ਬਾਅਦ ਬੱਸ ਦਾ ਡਰਾਈਵਰ ਫਰਾਰ ਹੋ ਗਿਆ। ਇਸ ਤੋਂ ਬਾਅਦ ਜ਼ਖ਼ਮੀਆਂ ਨੂੰ ਨੇੜਲੇ ਹਸਪਤਾਲਾਂ ਵਿਚ ਦਾਖਲ ਕਰਾਇਆ ਗਿਆ।

ਇਸ ਮੌਕੇ ਮਹਾਰਾਸ਼ਟਰ ਦੇ ਏਕਨਾਥ ਸ਼ਿੰਦੇ ਨੇ ਘਟਨਾ 'ਤੇ ਅਫਸੋਸ ਜ਼ਾਹਰ ਕਰਦਿਆਂ ਮਰਨ ਵਾਲਿਆਂ ਦੇ ਪਰਿਵਾਰ ਨੂੰ ਦਸ ਦਸ ਲੱਖ ਰੁਪਏ ਹਰੇਕ ਦੇਣ ਦਾ ਐਲਾਨ ਕੀਤਾ।

# ਦਸੰਬਰ ਨੂੰ ਮਲੋਟ ਤੋਂ ਹੋਵੇਗੀ ਮਹਿਲਾਵਾਂ ਸਬੰਧੀ ਜਾਗਰੂਕਤਾ ਕੈਂਪਾਂ ਦੀ ਸ਼ੁਰੂਆਤ: ਡਾ. ਬਲਜੀਤ ਕੌਰ

**ਚੰਡੀਗੜ੍ਹ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਮਹਿਲਾਵਾਂ ਦੀ ਸਿਹਤ, ਸਫਾਈ ਅਤੇ ਉਨ੍ਹਾਂ ਲਈ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਜਾਗਰੂਕਤਾ ਕੈਂਪਾਂ ਦੀ ਲੜੀ ਦੀ ਸ਼ੁਰੂਆਤ 2 ਦਸੰਬਰ ਤੋਂ ਮਲੋਟ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੋਂ ਕਰੇਗੀ। ਇਹ ਪ੍ਰਗਟਾਵਾ ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਪੰਜਾਬ ਭਵਨ ਚੰਡੀਗੜ੍ਹ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਅੰਤਰਰਾਸ਼ਟਰੀ ਦਿਵਿਆਂਗ ਦਿਵਸ ਮੌਕੇ 3 ਦਸੰਬਰ ਨੂੰ ਫਰੀਦਕੋਟ 'ਚ ਰਾਜ ਪੱਧਰੀ ਸਮਾਗਮ ਕੀਤਾ ਜਾਵੇਗਾ ਅਤੇ ਇਸ ਮੌਕੇ ਦਿਵਿਆਂਗ ਵਿਅਕਤੀਆਂ ਦੀ ਭਲਾਈ ਲਈ ਕੰਮ ਕਰਨ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਦਾ ਸਨਮਾਨ ਕੀਤਾ ਜਾਵੇਗਾ।



ਕੈਬਨਿਟ ਮੰਤਰੀ ਨੇ ਸੂਬਾ ਸਰਕਾਰ ਦੀ ਮਹਿਲਾਵਾਂ ਅਤੇ ਲੜਕੀਆਂ ਦੇ ਸਸ਼ਕਤੀਕਰਨ ਅਤੇ ਉਨ੍ਹਾਂ ਲਈ ਸੁਰੱਖਿਅਤ ਮਾਹੌਲ ਸਿਰਜਣ ਦੀ ਆਪਣੀ ਵਚਨਬੱਧਤਾ ਪ੍ਰਗਟਾਉਂਦਿਆਂ ਕਿਹਾ ਕਿ ਇਨ੍ਹਾਂ ਕੈਂਪਾਂ ਦਾ ਉਦੇਸ਼ ਮਹਿਲਾਵਾਂ ਦੀ ਜ਼ਰੂਰੀ ਸਿਹਤ ਜਾਂਚ ਕਰਵਾਉਣਾ ਅਤੇ ਵੱਖ-ਵੱਖ ਸਿਹਤ ਮੁੱਦਿਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਉਨਾਂ ਕਿਹਾ ਕਿ ਇਹ ਪਹਿਲਕਦਮੀ ਮਹਿਲਾਵਾਂ ਦੀ ਸੁਰੱਖਿਆ ਅਤੇ ਰੋਜ਼ਗਾਰ ਦੇ ਮੌਕਿਆਂ ਨੂੰ ਵਧਾਉਣ ਲਈ ਤਿਆਰ ਕੀਤੀਆਂ ਗਈਆਂ ਵੱਖ-ਵੱਖ ਯੋਜਨਾਵਾਂ ਅਤੇ ਪ੍ਰੋਗਰਾਮਾਂ ਰਾਹੀਂ ਮਹਿਲਾਵਾਂ ਨੂੰ ਸਸ਼ਕਤ ਕਰਨ ਲਈ ਸਰਕਾਰ ਦੀ ਵਿਆਪਕ ਰਣਨੀਤੀ ਦਾ ਹਿੱਸਾ ਹੈ।

ਉਨ੍ਹਾਂ ਦੱਸਿਆ ਕਿ ਕੈਂਪਾਂ ਵਿੱਚ ਜ਼ਿਲ੍ਹਾ ਹਸਪਤਾਲਾਂ ਦੀਆਂ ਮਾਹਿਰ ਟੀਮਾਂ ਦੁਆਰਾ ਮੁਫ਼ਤ ਸਿਹਤ ਜਾਂਚ ਕੀਤੀ ਜਾਵੇਗੀ। ਇਸ ਮੌਕੇ ਛਾਤੀ, ਸਰਵਾਈਕਲ, ਅਤੇ ਓਰਲ ਕੈਂਸਰ ਦੀ ਜਾਂਚ, ਬਲੱਡ ਪ੍ਰੈਸ਼ਰ ਅਤੇ ਸ਼ੂਗਰ ਟੈਸਟ, ਅਨੀਮੀਆ ਦੀ ਜਾਂਚ ਕੀਤੀ ਜਾਵੇਗੀ ਅਤੇ ਲੋੜੀਂਦੀਆਂ ਦਵਾਈਆਂ ਦੀ ਦਿੱਤੀਆਂ ਜਾਣਗੀਆਂ। ਇਨ੍ਹਾਂ ਕੈਂਪਾਂ ਵਿੱਚ ਮਹਿਲਾਵਾਂ ਨੂੰ ਮਹੱਤਵਪੂਰਨ ਸਿਹਤ ਵਿਸ਼ਿਆਂ ਜਿਵੇਂ ਕਿ ਗਰਭ ਨਿਰੋਧਕ ਤਰੀਕਿਆਂ, ਪਰਿਵਾਰ ਨਿਯੋਜਨ, ਪਿਸ਼ਾਬ ਨਾਲੀ ਦੀਆਂ ਲਾਗਾਂ (ਯੂਟੀਆਈ), ਮਾਹਵਾਰੀ ਦੀ ਸਫਾਈ ਅਤੇ ਕਿਸ਼ੋਰਾਂ ਦੀ ਸਿਹਤ ਬਾਰੇ ਜਾਗਰੂਕ ਕੀਤਾ ਜਾਵੇਗਾ।

ਮੰਤਰੀ ਨੇ ਦੱਸਿਆ ਕਿ ਇਹ ਕੈਂਪ ਰੋਜ਼ਗਾਰ ਉਤਪਤੀ ਵਿਭਾਗ ਅਤੇ ਹੁਨਰ ਵਿਕਾਸ ਵਿਭਾਗ, ਆਯੁਰਵੈਦਿਕ ਵਿਭਾਗ, ਪੇਂਡੂ ਵਿਕਾਸ ਵਿਭਾਗ ਅਤੇ ਸਥਾਨਕ ਸਰਕਾਰਾਂ ਵਿਭਾਗ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਜਾਣਗੇ।ਉਨ੍ਹਾਂ ਕਿਹਾ ਕਿ ਬੇਟੀ ਬਚਾਓ ਬੇਟੀ ਪੜ੍ਹਾਓ, ਵਨ ਸਟਾਪ ਸੈਂਟਰ ਸਕੀਮ, ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ, ਪੋਸ਼ਣ, ਬੱਚਿਆਂ ਨਾਲ ਸਬੰਧਤ ਸਕੀਮਾਂ, 181 ਵੂਮਨ ਹੈਲਪਲਾਈਨ ਅਤੇ ਪੈਨਸ਼ਨ ਬਾਰੇ ਜਾਣਕਾਰੀ ਪ੍ਰਦਾਨ ਕਰਨ ਲਈ ਕੈਂਪਾਂ ਵਿੱਚ ਵੱਖ-ਵੱਖ ਸਟਾਲ ਲਗਾਏ ਜਾਣਗੇ ਅਤੇ ਫਾਰਮ ਭਰੇ ਜਾਣਗੇ। ਡਾ. ਬਲਜੀਤ ਕੌਰ ਨੇ ਮਹਿਲਾਵਾਂ ਨੂੰ ਸਮੇਂ ਸਿਰ ਸਿਹਤ ਦੀ ਜਾਂਚ ਕਰਵਾਉਣ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਕੈਂਪਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਪੰਜਾਬ ਸਰਕਾਰ ਮਹਿਲਾਵਾਂ ਅਤੇ ਲੜਕੀਆਂ ਦੇ ਸਸ਼ਕਤੀਕਰਨ ਨੂੰ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਸੂਬੇ ਭਰ ਚ ਵਿੱਚ ਜ਼ਿਲ੍ਹਾ ਪੱਧਰ ਤੇ ਕੈਂਪ ਆਯੋਜਿਤ ਕੀਤੇ ਜਾ ਰਹੇ ਹਨ ਜਿਸ ਦੀ ਸ਼ੁਰੂਆਤ 2 ਦਸੰਬਰ ਨੂੰ ਸ੍ਰੀ ਮੁਕਤਸਰ ਸਾਹਿਬ ਤੋਂ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਹੀ 4 ਦਸੰਬਰ ਨੂੰ ਅੰਮ੍ਰਿਤਸਰ, 5 ਦਸੰਬਰ ਨੂੰ ਬਰਨਾਲਾ, 9 ਦਸੰਬਰ ਨੂੰ ਬਠਿੰਡਾ, 10 ਦਸੰਬਰ ਨੂੰ ਫਰੀਦਕੋਟ, 11 ਦਸੰਬਰ ਨੂੰ ਸ੍ਰੀ ਫਤਿਹਗੜ੍ਹ ਸਾਹਿਬ, 12 ਦਸੰਬਰ ਨੂੰ ਫਾਜ਼ਿਲਕਾ, 13ਦਸੰਬਰ ਨੂੰ ਫਿਰੋਜ਼ਪੁਰ, 14 ਦਸੰਬਰ ਨੂੰ ਗੁਰਦਾਸਪੁਰ, 18 ਦਸੰਬਰ ਨੂੰ ਹੁਸ਼ਿਆਰਪੁਰ, 19 ਦਸੰਬਰ ਨੂੰ ਜਲੰਧਰ, 20 ਦਸੰਬਰ ਨੂੰ ਕਪੂਰਥਲਾ, 24 ਦਸੰਬਰ ਨੂੰ ਲੁਧਿਆਣਾ, 2 ਜਨਵਰੀ 2025 ਨੂੰ ਮਾਲੇਰਕੋਟਲਾ, 3 ਜਨਵਰੀ ਨੂੰ ਮਾਨਸਾ, 7 ਜਨਵਰੀ ਨੂੰ ਮੋਗਾ, 8 ਜਨਵਰੀ ਪਠਾਨਕੋਟ, 9 ਜਨਵਰੀ ਨੂੰ ਪਟਿਆਲਾ, 14 ਜਨਵਰੀ ਨੂੰ ਰੂਪਨਗਰ, 15 ਜਨਵਰੀ ਨੂੰ ਸੰਗਰੂਰ, 16 ਜਨਵਰੀ ਨੂੰ ਐਸ.ਏ.ਐਸ ਨਗਰ, 17 ਜਨਵਰੀ ਨੂੰ ਐਸ.ਬੀ.ਐਸ ਨਗਰ, 18 ਜਨਵਰੀ ਨੂੰ ਤਰਨਤਾਰਨ ਵਿੱਚ ਕੈਂਪ ਲਗਾਏ ਜਾਣਗੇ।

# ਵੱਡੇ ਸ਼ਹਿਰਾਂ ਦੀ ਤਰਜ਼ ਉਤੇ ਹਰ ਸ਼ਹਿਰ ਵਿੱਚ ਬਣੇਗੀ ਅਰਬਨ ਅਸਟੇਟ: ਹਰਦੀਪ ਸਿੰਘ ਮੁੰਡੀਆ

## ਮਾਲ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਨੇ ਨਿੱਜੀ ਚੈਨਲ ਦੇ ਪ੍ਰੋਗਰਾਮ ਵਿੱਚ ਰੱਖਿਆ ਆਪਣੇ ਵਿਭਾਗਾਂ ਦਾ ਰੋਡਮੈਪ



**ਚੰਡੀਗੜ੍ਹ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਸਰਕਾਰ ਵੱਲੋਂ ਸੂਬਾ ਵਾਸੀਆਂ ਨੂੰ ਪਾਰਦਰਸ਼ੀ, ਨਿਰਵਿਘਨ, ਭ੍ਰਿਸ਼ਟਾਚਾਰ ਮੁਕਤ ਤੇ ਸੁਖਾਲੀਆਂ ਸੇਵਾਵਾਂ ਦੇਣਾ ਪ੍ਰਮੁੱਖ ਤਰਜੀਹ ਹੈ। ਸਰਕਾਰ ਵੱਲੋਂ ਲੋਕਾਂ ਦੀ ਰੋਟੀ, ਕੱਪੜੇ ਦੇ ਨਾਲ ਮਕਾਨ ਦੀ ਵੀ ਬੁਨਿਆਦੀ ਲੋੜ ਪੂਰੀ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਹ ਗੱਲ ਪੰਜਾਬ ਦੇ ਮਾਲ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆ ਨੇ ਬੀਤੀ ਦੇਰ ਸ਼ਾਮ ਚੰਡੀਗੜ੍ਹ ਵਿਖੇ ਇਕ ਨਿੱਜੀ ਚੈਨਲ ਉੱਪਰ ਰੀਅਲ ਅਸਟੇਟ ਨਾਲ ਸਬੰਧਤ ਕਰਵਾਏ ਜਾ ਰਹੇ ਸੰਮੇਲਨ ਦੌਰਾਨ ਆਪਣੇ ਵਿਭਾਗਾਂ ਦਾ ਰੋਡਮੈਪ ਦੱਸਦਿਆਂ ਕਹੀ।

ਸ. ਮੁੰਡੀਆ ਨੇ ਕਿਹਾ ਕਿ ਸੂਬੇ ਦੇ ਯੋਜਨਾਬੱਧ ਸ਼ਹਿਰੀ ਵਿਕਾਸ ਨੂੰ ਤਰਜੀਹ ਦੇਣ ਅਤੇ ਇਸ ਖੇਤਰ ਨਾਲ ਜੁੜੇ ਲੋਕਾਂ ਅਤੇ ਸ਼ਹਿਰ ਵਾਸੀਆਂ ਨੂੰ ਦਿੱਕਤਾਂ ਕਰਨ ਲਈ ਨਿਰੰਤਰ ਕੰਮ ਕੀਤੇ ਜਾ ਰਹੇ ਹਨ। ਵੱਡੇ ਸ਼ਹਿਰਾਂ ਦੀ ਤਰਜ਼ ਉਤੇ ਹਰ ਸ਼ਹਿਰ ਵਿੱਚ ਅਰਬਨ ਅਸਟੇਟ ਬਣਾਈ ਜਾਵੇਗੀ ਜੋ ਅਤਿ ਆਧੁਨਿਕ ਨਕਸ਼ੇ ਤਹਿਤ ਬਿਹਤਰ ਬੁਨਿਆਦੀ ਸਹੂਲਤਾਂ ਨਾਲ ਲੈਸ ਹੋਵੇਗੀ। ਇਸ ਸਬੰਧੀ ਹਰ ਸ਼ਹਿਰ ਦਾ ਸਰਵੇਖਣ ਹੋ ਰਿਹਾ ਹੈ ਅਤੇ ਵਿਭਾਗ ਵੱਲੋਂ ਇਹ ਜਲਦ ਵਿਕਸਤ ਕੀਤੀਆਂ ਜਾਣਗੀਆਂ। ਸ਼ਹਿਰੀ ਵਿਕਾਸ ਤੇ ਮਕਾਨ ਉਸਾਰੀ ਵਿਭਾਗ ਦੀਆਂ ਵਿਕਾਸ ਅਥਾਰਟੀਆਂ ਵੱਲੋਂ ਪਿਛਲੇ ਸਮੇਂ ਵਿੱਚ ਪਾਰਦਰਸ਼ੀ ਤਰੀਕੇ ਨਾਲ ਦੋ ਵਾਰ ਜਾਇਦਾਦਾਂ ਦੀ ਕੀਤੀ ਗਈ ਈ-ਆਕਸ਼ਨ ਰਾਹੀਂ 5000 ਕਰੋੜ ਰੁਪਏ ਕਮਾਏ ਗਏ।

ਕੈਬਨਿਟ ਮੰਤਰੀ ਸ. ਮੁੰਡੀਆ ਨੇ ਕਿਹਾ ਕਿ ਸਰਕਾਰ ਦੀ ਮੁੱਖ ਤਰਜੀਹ ਜਵਾਬਦੇਹੀ ਤੇ ਪਾਰਦਰਸ਼ੀ ਸੇਵਾਵਾਂ ਮੁਹੱਈਆਂ ਕਰਵਾਉਣਾ ਹੈ। ਲੰਬੇ ਸਮੇਂ ਤੋਂ ਪੈਂਡਿੰਗ ਪਏ ਕੇਸਾਂ ਦੇ ਨਿਪਟਾਰੇ ਲਈ ਵਿਸ਼ੇਸ ਕੈਂਪ ਲਗਾਉਣ ਦਾ ਫ਼ੈਸਲਾ ਕੀਤਾ ਗਿਆ ਜਿਸ ਤਹਿਤ ਪਹਿਲਾ ਕੈਂਪ ਲਗਾ ਕੇ ਵੱਖ-ਵੱਖ ਵਿਕਾਸ ਅਥਾਰਟੀਆਂ ਵੱਲੋਂ 51 ਪ੍ਰਮੋਟਰਾਂ/ਬਿਲਡਰਾਂ ਨੂੰ ਕਲੋਨੀਆਂ ਦੇ ਲਾਇਸੈਂਸ, ਕੰਪਲੀਸ਼ਨ ਸਰਟੀਫਿਕੇਟ ਪਾਰਸ਼ੀਅਲ ਕੰਪਲੀਸ਼ਨ ਸਰਟੀਫਿਕੇਟ, ਲੈਟਰ ਆਫ ਇੰਟੈਂਟ, ਜ਼ੋਨਿੰਗ ਪਲੈਨ, ਬਿਲਡਿੰਗ ਪਲਾਨ, ਪ੍ਰਮੋਟਰ ਰਜਿਸਟ੍ਰੇਸ਼ਨ ਸਰਟੀਫਿਕੇਟ ਅਤੇ ਲੇ-ਆਊਟ ਪਲਾਨ ਆਦਿ ਸੌਂਪੇ ਗਏ। ਹੁਣ ਦੂਜਾ ਕੈਂਪ 3 ਦਸੰਬਰ ਨੂੰ ਲਗਾਇਆ ਜਾ ਰਿਹਾ ਹੈ ਜਿਸ ਵਿੱਚ 100 ਤੋਂ ਵੱਧ ਅਜਿਹੇ ਹੋਰ ਸਰਟੀਫਿਕੇਟ ਵੰਡੇ ਜਾਣਗੇ।ਅਜਿਹੇ ਕੈਂਪ ਪਹਿਲੀ ਵਾਰ ਲਗਾਏ ਜਾ ਰਹੇ ਹਨ।

ਸ. ਮੁੰਡੀਆ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਾਅਦੇ ਨਹੀਂ ਗਾਰੰਟੀ ਦਿੰਦੀ ਹੈ ਜੋ ਹਰ ਹੀਲੇ ਪੂਰੀ ਕੀਤੀ ਜਾ ਰਹੀ ਹੈ। ਲੰਬੇ ਸਮੇਂ ਤੋਂ ਬਿਨਾਂ ਐਨ.ਓ.ਸੀ. ਦੇ ਪਲਾਟਾਂ ਦੀ ਰਜਿਸਟਰੀ ਦਾ ਕੰਮ ਲਟਕਿਆ ਪਿਆ ਸੀ ਜਿਸ ਸਬੰਧੀ ਸਰਕਾਰ ਵੱਲੋਂ ਕਾਨੂੰਨ ਪਾਸ ਕਰਕੇ ਨੋਟੀਫ਼ਿਕੇਸ਼ਨ ਜਾਰੀ ਕੀਤੀ ਗਈ। 500 ਗਜ਼ ਤੱਕ ਦੇ ਪਲਾਟਾਂ ਦੀ ਰਜਿਸਟਰੀ ਬਿਨਾਂ ਐਨ.ਓ.ਸੀ. ਤੋਂ ਹੋਵੇਗੀ ਜਿਸ ਲਈ 1 ਦਸੰਬਰ 2024 ਤੋਂ 28 ਫਰਵਰੀ 2025 ਤੱਕ ਤਿੰਨ ਮਹੀਨੇ ਦਾ ਸਮਾਂ ਮਿਲੇਗਾ।

ਇਕ ਸਵਾਲ ਦੇ ਜਵਾਬ ਵਿੱਚ ਕੈਬਨਿਟ ਮੰਤਰੀ ਸ. ਮੁੰਡੀਆ ਨੇ ਅੱਗੇ ਕਿਹਾ ਕਿ ਭ੍ਰਿਸ਼ਟਾਚਾਰ ਨੂੰ ਕਤਈ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਕੋਈ ਦੋਸ਼ੀ ਪਾਇਆ ਜਾਂਦਾ ਜਾਂ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਉਹ ਬਖ਼ਸ਼ਿਆ ਨਹੀਂ ਜਾਵੇਗਾ।ਇਸ ਸਬੰਧੀ ਉਨ੍ਹਾਂ ਆਪਣਾ ਮੋਬਾਈਲ (ਨੰਬਰ 84276-90000) ਵੀ ਜਨਤਕ ਸਾਂਝਾ ਕੀਤਾ ਹੋਇਆ ਹੈ ਜਿਸ ਉੱਪਰ ਕੋਈ ਵੀ ਸੂਬਾ ਵਾਸੀ ਉਨ੍ਹਾਂ ਦੇ ਵਿਭਾਗ ਨਾਲ ਸਬੰਧਤ ਸ਼ਿਕਾਇਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦੀ ਬੁਨਿਆਦ ਇਮਾਨਦਾਰ ਤੇ ਕੁਸ਼ਲ ਪ੍ਰਸ਼ਾਸਨਿਕ ਸੇਵਾਵਾਂ ਦੇਣੀਆਂ ਹਨ।

# ਗਿੱਦੜਬਾਹਾ ਦੇ ਵਿੱਚ ਸ਼ਰੇਆਮ ਉਡਾਈਆਂ ਜਾਂਦੀਆਂ ਹਨ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ

**ਗਿੱਦੜਬਾਹਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਕ ਪਾਸੇ ਤਾਂ ਸ਼ਹਿਰ ਦੇ ਅੰਦਰ ਪਹਿਲਾਂ ਹੀ ਬਹੁਤ ਭੀੜ ਰਹਿੰਦੀ ਹੈ ਦੂਸਰੇ ਪਾਸੇ ਟ੍ਰੈਫਿਕ ਨਿਯਮਾਂ ਦੀਆਂ ਸ਼ਰੇਆਮ ਉਡਾਈਆਂ ਜਾ ਰਹੀਆਂ ਨੇ ਧੱਜੀਆਂ ਹਰ ਕੋਈ ਜਿਥੇ ਜੀ ਕਰਦਾ ਆਪਣੀਆ ਕਾਰਾ ਗੱਡੀਆਂ ਆਦਿ ਸੜਕਾਂ ਦੇ ਵਿਚਕਾਰ ਹੀ ਖੜੀਆ ਕਰਕੇ ਟ੍ਰੈਫਿਕ ਜਾਮ ਕਰ ਦਿੰਦੇ ਹਨ ਇਥੋਂ ਤੱਕ ਕਿ ਸ਼ਹਿਰ ਦੇ ਘੰਟਾਘਰ ਬਾਜ਼ਾਰ ਤੋਂ ਲੈ ਕੇ ਬਰਫ਼ ਵਾਲੀ ਗਲੀ ਤੱਕ ਦੁਕਾਨਦਾਰਾਂ ਵੱਲੋਂ ਆਪਣੇ ਮੋਟਰਸਾਈਕਲ ਵੀ ਆਪਣੀ ਹੱਦ ਤੋ ਬਾਹਰ ਸੜਕ ਦੇ ਉੱਪਰ ਹੀ ਖੜ੍ਹੇ ਕਰ ਦਿੱਤੇ ਜਾਂਦੇ ਹਨ ਅਤੇ ਇਸ ਤੋਂ ਇਲਾਵਾ ਘੰਟਾਘਰ ਦੇ ਕੋਲ ਟ੍ਰੈਫਿਕ ਪੁਲਿਸ ਮੁਲਾਜ਼ਮਾਂ ਵੱਲੋਂ ਕਈ ਵਾਰ ਟ੍ਰੈਫਿਕ ਨਿਯਮਾਂ ਦੀ ਪਾਲਣਾ ਨਾ ਕਰਨ ਵਾਲੇ ਵ੍ਹੀਕਲਾ ਦੇ ਚਲਾਨ ਤੱਕ ਤਾ ਕਰ ਦਿੱਤਾ ਜਾਂਦੇ ਹਨ ਪਰ ਜੋਂ ਲੋਕ ਆਪਣੀਆ ਕਾਰਾਂ ਸੜਕ ਦੇ ਵਿਚਕਾਰ ਹੀ ਖੜੀਆ ਕਰਕੇ ਚਲੇ ਜਾਂਦੇ ਹਨ ਉਨ੍ਹਾਂ ਲੋਕਾਂ ਵੱਲੋਂ ਟ੍ਰੈਫਿਕ ਨਿਯਮਾਂ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾਂਦੀਆਂ ਹਨ ਉਸ ਵੱਲ ਤਾ ਕੋਈ ਟ੍ਰੈਫਿਕ ਪੁਲਿਸ ਮੁਲਾਜ਼ਮਾਂ ਵੱਲੋਂ ਕੋਈ ਧਿਆਨ ਤੱਕ ਨਹੀਂ ਦਿੱਤਾ ਜਾਂਦਾ ਇਥੋਂ ਤੱਕ ਕਿ ਕਈ ਵਾਰ ਦੇਖਿਆ ਗਿਆ ਹੈ ਕਿ ਜਿਸ ਕਿਸੇ ਵੀ ਟ੍ਰੈਫਿਕ ਪੁਲਿਸ ਮੁਲਾਜ਼ਮਾ ਦੀ ਡਿਊਟੀ ਲਗਾਈ ਜਾਂਦੀ ਹੈ ਤਾ ਉਹੋ ਟ੍ਰੈਫਿਕ ਪੁਲਿਸ ਮੁਲਾਜ਼ਮ ਦੇ ਕੰਨ ਤੇ ਤਾਂ ਮੋਬਾਇਲ ਫੋਨ ਲੱਗਿਆ ਹੁੰਦਾ ਹੈ ਅਤੇ ਉਹੋ ਮੁਲਾਜ਼ਮ ਤਾ ਸਿਰਫ਼ ਮੋਬਾਈਲ ਫੋਨ ਤੇ ਗੱਲਬਾਤ ਕਰਨ ਦੇ ਵਿੱਚ ਲੱਗਿਆ ਹੁੰਦਾ ਹੈ ਅਤੇ ਕਈ ਵਾਰ ਟ੍ਰੈਫਿਕ ਜਾਮ ਹੋਇਆਂ ਪਿਆ ਹੁੰਦਾ ਹੈ ਇਥੋਂ ਤੱਕ ਕਿ ਸ਼ਹਿਰ ਦੇ ਬੱਸ ਸਟੈਂਡ ਤੋਂ ਲੈ ਕੇ ਘੰਟਾਘਰ ਤੱਕ ਲੋਕ ਆਪਣੇ ਵ੍ਹੀਕਲਾ ਨੂੰ ਸੜਕ ਦੇ ਵਿਚਕਾਰ ਹੀ ਖੜ੍ਹੇ ਕਰ ਦਿੰਦੇ ਹਨ ਅਤੇ ਕਿਸੇ ਵੀ ਸਮੇਂ ਕੋਈ ਭਿਆਨਕ ਹਾਦਸਾ ਵਾਪਰ ਜਾਵੇ ਪਰ ਟ੍ਰੈਫਿਕ ਪੁਲਿਸ ਮੁਲਾਜ਼ਮਾਂ ਨੂੰ ਕੋਈ ਪ੍ਰਵਾਹ ਤੱਕ ਨਹੀਂ ਹੁੰਦੀ ਇਨ੍ਹਾਂ ਨੇ ਤਾਂ ਸਿਰਫ ਆਪਣੀ ਫਾਰਮਲਟੀ ਪੂਰੀ ਕਰਨੀ ਹੁੰਦੀ ਹੈ ਅਤੇ ਆਪਣੀ ਤਨਖਾਹ ਤੱਕ ਮਤਲਬ ਹੁੰਦਾ ਹੈ ਕਈ ਵਾਰ ਟ੍ਰੈਫਿਕ ਇਨ੍ਹਾਂ ਜਾਂਦਾ ਜ਼ਾਮ ਹੋ ਜਾਂਦਾ ਹੈ ਕਿ ਕਿਸੇ ਵੀ ਸਮੇਂ ਕੋਈ ਸੜਕ ਹਾਦਸਾ ਵੀ ਵਾਪਰ ਸਕਦਾ ਹੈ ਕਈ ਵਾਰ ਜਦੋਂ ਟ੍ਰੈਫਿਕ ਪੁਲਿਸ ਮੁਲਾਜ਼ਮਾਂ ਵੱਲੋਂ ਮੋਟਰਸਾਈਕਲਾਂ ਅਤੇ ਹੋਰ ਵ੍ਹੀਕਲਾ ਦੇ ਚਲਾਨ ਕੱਟਣੇ ਹੁੰਦੇ ਹਨ ਉਸ ਸਮੇਂ ਤੇ ਥਾਂ ਥਾਂ ਤੇ ਨਾਕਾ ਬੰਦੀ ਕਰਕੇ ਲੋਕਾਂ ਦੇ ਮੋਟਰਸਾਈਕਲ ਅਤੇ ਹੋਰ ਵ੍ਹੀਕਲਾ ਦੇ ਕਾਗਜ਼ ਪੱਤਰ ਚੈੱਕ ਕਰਨ ਲਈ ਅਤੇ ਗ਼ਲਤ ਪਾਏ ਜਾਣ ਵਾਲੇ ਵ੍ਹੀਕਲਾ ਦੇ ਚਲਾਨ ਕੱਟੇ ਜਾਂਦੇ ਹਨ ਉਸ ਸਮੇਂ ਤੇ ਇਨ੍ਹਾਂ ਪੁਲਿਸ ਮੁਲਾਜ਼ਮਾਂ ਨੂੰ ਪਤਾ ਹੁੰਦਾ ਹੈ ਕਿ ਹੁਣ ਚਲਾਨਾ ਵਾਲੀ ਕਿਤਾਬ ਪੂਰੀ ਕਰਕੇ ਦੇਣੀ ਹੁੰਦੀ ਹੈ ਜਿਸ ਕਰਕੇ ਟ੍ਰੈਫਿਕ ਪੁਲਿਸ ਮੁਲਾਜ਼ਮਾਂ ਵੱਲੋਂ ਇਹੇ ਸਭ ਕੁਝ ਕੀਤਾ ਜਾਂਦਾ ਹੈ ਪਰ ਜੋਂ ਲੋਕ ਆਪਣੀਆ ਕਾਰਾਂ ਆਦਿ ਸੜਕਾਂ ਦੇ ਵਿਚਕਾਰ ਖੜ੍ਹੀਆਂ ਕਰਦੇ ਹਨ ਉਸ ਵੱਲ ਕੋਈ ਧਿਆਨ ਤੱਕ ਨਹੀਂ ਦਿੱਤਾ ਜਾਂਦਾ ਟ੍ਰੈਫਿਕ ਪੁਲਿਸ ਮੁਲਾਜ਼ਮਾਂ ਵੱਲੋਂ ਇਨ੍ਹਾਂ ਦੀ ਲਾਪ੍ਰਵਾਹੀ ਦੇ ਕਾਰਨ ਕੋਈ ਵੀ ਹਾਦਸਾ ਵੀ ਵਾਪਰ ਸਕਦਾ ਹੈ ਇਸ ਲਈ ਪੁਲਿਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਤੋਂ ਸ਼ਹਿਰ ਨਿਵਾਸੀਆਂ ਵੱਲੋਂ ਪੁਰ ਜ਼ੋਰ ਮੰਗ ਕੀਤੀ ਜਾਂ ਰਹੀ ਹੈ ਕਿ ਇਸ ਵੱਲ ਜਲਦੀ ਧਿਆਨ ਦਿੱਤਾ ਜਾਵੇ ਤਾਂ ਕਿ ਕੋਈ ਭਿਆਨਕ ਹਾਦਸਾ ਨਾ ਵਾਪਰ ਜਾਵੇ।

# ਜੀ.ਆਰ.ਪੀ ਵੱਲੋਂ ਰਾਜਪੁਰਾ ਰੇਲਵੇ ਸਟੇਸ਼ਨ ਤੋਂ 1 ਕਿੱਲੋ 900 ਗ੍ਰਾਮ ਅਫ਼ੀਮ ਬਰਾਮਦ, ਇੱਕ ਵਿਅਕਤੀ ਗ੍ਰਿਫ਼ਤਾਰ



**ਰਾਜਪੁਰਾ/ਪਟਿਆਲਾ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜੀ.ਆਰ.ਪੀ. ਦੇ ਡੀਐਸਪੀ ਜਗਮੋਹਨ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਪੈਸ਼ਲ ਡੀਜੀਪੀ ਰੇਲਵੇ ਸ਼ਸ਼ੀ ਪ੍ਰਭਾ ਦਿਵੇਦੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਰਵਾਈ ਕਰਦਿਆਂ ਜੀ.ਆਰ.ਪੀ. ਦੀ ਟੀਮ ਨੇ ਐਸ.ਆਈ ਸੁਖਵਿੰਦਰ ਸਿੰਘ ਦੀ ਅਗਵਾਈ ਵਿੱਚ 1 ਕਿੱਲੋ 900 ਗਰਾਮ ਅਫ਼ੀਮ ਰੇਲਵੇ ਸਟੇਸ਼ਨ ਰਾਜਪੁਰਾ ਤੋਂ ਬਰਾਮਦ ਕਰਕੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡੀਐਸਪੀ ਨੇ ਦੱਸਿਆ ਕਿ ਰੇਲਵੇ ਸਟੇਸ਼ਨ ਰਾਜਪੁਰਾ ਦੇ ਪਲੇਟਫ਼ਾਰਮ ਨੰਬਰ 1 ਪੱਛਮੀ ਸਿਰਾ 'ਤੇ ਸੀ.ਆਈ.ਏ-2 ਜੀ.ਆਰ.ਪੀ. ਵਿੱਚ ਤਾਇਨਾਤ ਐਸ.ਆਈ. ਸੁਖਵਿੰਦਰ ਸਿੰਘ ਵੱਲੋਂ ਇਕ ਵਿਅਕਤੀ ਬਲਜੀਤ ਸਿੰਘ ਪਿੰਡ ਰਹੌਣ ਥਾਣਾ ਸਦਰ ਖੰਨਾ ਜ਼ਿਲ੍ਹਾ ਲੁਧਿਆਣਾ ਦੀ ਚੈਕਿੰਗ ਕੀਤੀ ਗਈ ਅਤੇ ਇਸ ਦੌਰਾਨ ਉਸ ਵਿਅਕਤੀ ਪਾਸੋਂ 1 ਕਿਲੋ 900 ਗ੍ਰਾਮ ਅਫ਼ੀਮ ਬਰਾਮਦ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਮੁਕੱਦਮਾ ਨੰਬਰ 22 ਮਿਤੀ 27-11-24 ਅ/ਧ 18/16/85 ਐਨ.ਡੀ.ਪੀ.ਐਸ ਐਕਟ ਜੀ.ਆਰ.ਪੀਜ਼ ਪਟਿਆਲਾ ਦਰਜ ਕਰ ਲਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕਰਕੇ 1 ਦਿਨ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਅਗਲੇਰੀ ਤਫ਼ਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਪੰਜਾਬ ਸਰਕਾਰ ਨੇ ਡਿਫ਼ਾਲਟਰ ਮੋਟਰ ਵਾਹਨ ਡੀਲਰਾਂ ਤੋਂ ਪੋਜ਼ੈਸ਼ਨ ਟੈਕਸ ਦੀ ਵਸੂਲੀ ਤੇਜ਼ ਕੀਤੀ

# ਟਰਾਂਸਪੋਰਟ ਵਿਭਾਗ ਨੇ 7.85 ਕਰੋੜ ਰੁਪਏ ਦੇ ਟੈਕਸ ਬਕਾਏ ਲਈ ਡੀਲਰਾਂ ਦੀ ਯੂਜ਼ਰ ਆਈ.ਡੀ ਕੀਤੀ ਬੰਦ: ਲਾਲਜੀਤ ਸਿੰਘ ਭੁੱਲਰ

**ਚੰਡੀਗੜ੍ਹ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਸੂਬੇ ਦੇ ਡਿਫ਼ਾਲਟਰ ਮੋਟਰ ਵਾਹਨ ਡੀਲਰਾਂ ਤੋਂ 7.85 ਕਰੋੜ ਰੁਪਏ ਦੇ ਪੋਜ਼ੈਸ਼ਨ (ਨਵੇਂ ਵਾਹਨ ਖੜ੍ਹਾ ਕਰਨ ਸਬੰਧੀ) ਟੈਕਸ ਦੇ ਬਕਾਏ ਦੀ ਵਸੂਲੀ ਕਰਨ ਲਈ ਫ਼ੈਸਲਾਕੁਨ ਕਦਮ ਚੁੱਕਿਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਨਿਰੰਤਰ ਆਡਿਟ ਇਤਰਾਜ਼ਾਂ ਅਤੇ ਬਕਾਇਆ ਵਸੂਲੀ ਕਾਰਨ ਟਰਾਂਸਪੋਰਟ ਵਿਭਾਗ ਨੂੰ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਅਤੇ ਜਵਾਬਦੇਹੀ ਬਰਕਰਾਰ ਰੱਖਣ ਲਈ ਤੁਰੰਤ ਇਹ ਕਦਮ ਚੁੱਕਣਾ ਪਿਆ।

ਕੈਬਨਿਟ ਮੰਤਰੀ ਨੇ ਕਿਹਾ ਕਿ ਕੇਂਦਰੀ ਮੋਟਰ ਵਾਹਨ ਨਿਯਮ, 1989 ਦੇ ਨਿਯਮ-40 ਦੀ ਪਾਲਣਾ ਯਕੀਨੀ ਬਣਾਉਣ ਲਈ ਅਤੇ ਵਸੂਲੀ ਮੁਹਿੰਮ ਤਹਿਤ ਵਿਭਾਗ ਨੇ ਵਾਹਨ ਪੋਰਟਲ 'ਤੇ ਡਿਫ਼ਾਲਟਰ ਡੀਲਰਾਂ ਦੇ ਯੂਜ਼ਰ ਆਈ.ਡੀ ਅਸਥਾਈ ਤੌਰ 'ਤੇ ਬੰਦ ਕਰ ਦਿੱਤੇ ਹਨ। ਉਨ੍ਹਾਂ ਦੱਸਿਆ ਕਿ ਸਾਲ 2022 ਵਿੱਚ ਅਜਿਹੀ ਮੁਹਿੰਮ ਚਲਾਈ ਗਈ ਸੀ ਜਦੋਂ ਡਿਫ਼ਾਲਟਰ ਡੀਲਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਸਨ ਅਤੇ ਕੁਝ ਡੀਲਰਾਂ ਨੂੰ ਮੁਅੱਤਲ ਵੀ ਕਰ ਦਿੱਤਾ ਗਿਆ ਸੀ। ਇਸ ਪਿੱਛੋਂ ਸਾਲ 2023 ਵਿੱਚ ਦੁਬਾਰਾ ਨੋਟਿਸ ਜਾਰੀ ਕੀਤੇ ਗਏ ਅਤੇ ਡੀਲਰਾਂ ਵੱਲੋਂ ਲਾਜ਼ਮੀ ਦਸਤਾਵੇਜ਼ ਅਤੇ ਬਕਾਇਆ ਟੈਕਸਾਂ ਜਮ੍ਹਾਂ ਕਰਾਉਣ ਦਾ ਭਰੋਸਾ ਦਿੱਤਾ ਗਿਆ ਪਰ ਜ਼ਿਆਦਾਤਰ ਡੀਲਰ ਆਪਣੇ ਵਾਅਦੇ 'ਤੇ ਖਰੇ ਨਹੀਂ ਉਤਰ ਸਕੇ।



ਕੈਬਨਿਟ ਮੰਤਰੀ ਨੇ ਕਿਹਾ ਕਿ ਟਰਾਂਸਪੋਰਟ ਵਿਭਾਗ ਮੋਟਰ ਵਾਹਨ ਡੀਲਰਸ਼ਿਪ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਬਿਹਤਰ ਬਣਾਉਣ ਲਈ ਜ਼ਰੂਰੀ ਉਪਾਵਾਂ 'ਤੇ ਸਰਗਰਮੀ ਨਾਲ ਨਿਰੰਤਰ ਕੰਮ ਕਰ ਰਿਹਾ ਹੈ।

ਇਸ ਦੌਰਾਨ ਸਟੇਟ ਟਰਾਂਸਪੋਰਟ ਕਮਿਸ਼ਨਰ ਸ੍ਰੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਫ਼ੈਡਰੇਸ਼ਨ ਆਫ਼ ਆਟੋਮੋਬਾਈਲ ਡੀਲਰਜ਼ ਐਸੋਸੀਏਸ਼ਨ (ਫਾਡਾ) ਨੇ ਸਟੇਟ ਟਰਾਂਸਪੋਰਟ ਕਮਿਸ਼ਨਰ, ਪੰਜਾਬ ਦੇ ਦਫ਼ਤਰ ਨੂੰ ਰਸਮੀ ਬੇਨਤੀ ਕਰਦਿਆਂ ਮਾਰਕੀਟ ਵਿੱਚ ਬਹੁਤ ਸਾਰੇ ਸਬ-ਡੀਲਰਾਂ ਦੇ ਕੰਮਕਾਜ ਨੂੰ ਲੈ ਕੇ ਚਿੰਤਾਵਾਂ ਉਜਾਗਰ ਕੀਤੀਆਂ ਸਨ ਕਿ ਉਨ੍ਹਾਂ ਦੇ ਕਾਰੋਬਾਰ 'ਤੇ ਮਾੜਾ ਅਸਰ ਪੈ ਰਿਹਾ ਹੈ। ਇਸ ਬੇਨਤੀ 'ਤੇ ਕਾਰਵਾਈ ਕਰਦਿਆਂ ਵਿਭਾਗ ਨੇ ਪੜਤਾਲ ਕੀਤੀ ਅਤੇ ਜਾਂਚ ਦੌਰਾਨ ਪਛਾਣੇ ਗਏ ਕਈ ਡਿਫ਼ਾਲਟਰ ਡੀਲਰਾਂ ਨੂੰ ਮੁਅੱਤਲ ਕੀਤਾ ਗਿਆ। ਇਸ ਤੋਂ ਇਲਾਵਾ ਫ਼ੈਡਰੇਸ਼ਨ ਨੇ ਵਾਹਨ ਪੋਰਟਲ 'ਤੇ ਮੋਟਰ ਵਾਹਨ ਡੀਲਰਸ਼ਿਪ ਯੂਜ਼ਰ ਆਈ.ਡੀ ਬਣਾਉਣ ਨੂੰ ਸੁਚਾਰੂ ਬਣਾਉਣ ਲਈ ÷ਇੱਕ ਜੀ.ਐਸ.ਟੀ, ਇੱਕ ਵਾਹਨ÷ ਨੀਤੀ ਲਾਗੂ ਕਰਨ ਦਾ ਪ੍ਰਸਤਾਵ ਦਿੱਤਾ।

ਉਨ੍ਹਾਂ ਦੱਸਿਆ ਕਿ ਫ਼ੈਡਰੇਸ਼ਨ ਨੇ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੇ ਨੋਟੀਫਿਕੇਸ਼ਨ ਦਾ ਹਵਾਲਾ ਦਿੰਦਿਆਂ ਕਾਰ ਬਾਜ਼ਾਰਾਂ ਵਿੱਚ ਪੁਰਾਣੀਆਂ ਕਾਰਾਂ ਦੀ ਵਿਕਰੀ ਅਤੇ ਆਵਾਜਾਈ ਨੂੰ ਸ਼ਨਾਖ਼ਤ ਕਰਨ ਦੀ ਸਿਫ਼ਾਰਸ਼ ਕੀਤੀ। ਇਸ 'ਤੇ ਕਾਰਵਾਈ ਕਰਦਿਆਂ ਵਿਭਾਗ ਨੇ ਇਸ ਖੇਤਰ ਵਿੱਚ ਵਧੇਰੇ ਪਾਰਦਰਸ਼ਤਾ ਅਤੇ ਨਿਯਮਾਂ ਨੂੰ ਯਕੀਨੀ ਬਣਾਉਣ ਅਤੇ ਪੁਰਾਣੀਆਂ ਕਾਰਾਂ ਦੇ ਡੀਲਰਾਂ ਨੂੰ ਕਾਨੂੰਨ ਦੇ ਦਾਇਰੇ ਵਿੱਚ ਲਿਆਉਣ ਲਈ ਕਦਮ ਚੁੱਕੇ।

ਉਨ੍ਹਾਂ ਕਿਹਾ ਕਿ 27 ਨਵੰਬਰ, 2024 ਨੂੰ ਹੋਈ ਲੋਕ ਲੇਖਾ ਕਮੇਟੀ ਦੀ ਮੀਟਿੰਗ ਦੌਰਾਨ ਵਿਭਾਗ ਨੂੰ ਵਿੱਤੀ ਸਾਲ 2023-24 ਤੱਕ ਦੇ ਸਾਰੇ ਬਕਾਇਆ ਟੈਕਸਾਂ ਦੀ ਵਸੂਲੀ ਕਰਨ ਅਤੇ ਇੱਕ ਮਹੀਨੇ ਦੇ ਅੰਦਰ-ਅੰਦਰ ਕਮੇਟੀ ਨੂੰ ਪਾਲਣਾ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ। ਉਨ੍ਹਾਂ ਅੱਗੇ ਕਿਹਾ ਕਿ ਨਿਯਮਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਸਬੰਧਤ ਆਰ.ਟੀ.ਓ/ਆਰ.ਟੀ.ਏਜ਼ ਵਿਰੁੱਧ ਅਨੁਸ਼ਾਸਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਦੱਸ ਦੇਈਏ ਕਿ ਇਨ੍ਹਾਂ ਸਖ਼ਤ ਕਦਮਾਂ ਦੇ ਸਿੱਟੇ ਵਜੋਂ ਵਿਭਾਗ ਨੇ ਆਡਿਟ ਵੱਲੋਂ ਸ਼ਨਾਖ਼ਤ ਕੀਤੀ ਗਈ ਰਕਮ ਵਿੱਚੋਂ 4.15 ਕਰੋੜ ਰੁਪਏ ਸਫ਼ਲਤਾਪੂਰਵਕ ਵਸੂਲੇ ਹਨ। ਇਸ ਤੋਂ ਇਲਾਵਾ ਸਾਲ 2017-18 ਦੇ ਬਾਅਦ ਤੋਂ ਲੈ ਕੇ 13.07 ਕਰੋੜ ਰੁਪਏ ਦੀ ਵਸੂਲੀ ਕੀਤੀ ਗਈ ਹੈ। ਜਿਨ੍ਹਾਂ ਡੀਲਰਾਂ ਨੇ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰ ਲਈਆਂ ਹਨ ਜਿਵੇਂ ਸਾਰੇ ਲਾਜ਼ਮੀ ਦਸਤਾਵੇਜ਼ ਜਮ੍ਹਾਂ ਕਰਾਉਣ ਅਤੇ ਬਕਾਇਆ ਰਾਸ਼ੀ ਜਮ੍ਹਾਂ ਕਰਨਾ ਆਦਿ, ਨੂੰ ਬਹਾਲ ਕਰ ਦਿੱਤਾ ਗਿਆ ਹੈ ਅਤੇ ਹੁਣ ਉਨ੍ਹਾਂ ਨੂੰ ਵਾਹਨ ਪੋਰਟਲ ਰਾਹੀਂ ਵਾਹਨਾਂ ਦੀ ਵਿਕਰੀ ਮੁੜ ਸ਼ੁਰੂ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ।

ਸਟੇਟ ਟਰਾਂਸਪੋਰਟ ਕਮਿਸ਼ਨਰ ਨੇ ਡੀਲਰਾਂ ਨੂੰ ਅਪੀਲ ਕੀਤੀ ਕਿ ਉਹ ਸਾਰੀਆਂ ਕਾਨੂੰਨੀ ਸ਼ਰਤਾਂ ਦੀ ਤੁਰੰਤ ਪਾਲਣਾ ਯਕੀਨੀ ਬਣਾਉਣ ਦੇ ਨਾਲ-ਨਾਲ ਕੰਮਕਾਜ ਵਿੱਚ ਕਿਸੇ ਵੀ ਤਰ੍ਹਾਂ ਦੇ ਵਿਘਨ ਤੋਂ ਬਚਣ ਲਈ ਵਿਭਾਗ ਨੂੰ ਪੂਰਾ ਸਹਿਯੋਗ ਦੇਣ।

# ਪੰਜਾਬ ਸਰਕਾਰ ਵੱਲੋਂ ਸਿੰਚਾਈ ਸਿਸਟਮ ਵਿੱਚ ਹੋਰ ਸੁਧਾਰ ਲਈ ਨਹਿਰਾਂ, ਰਜਵਾਹਿਆਂ ਅਤੇ ਖਾਲਾਂ ਦਾ ਹੋਵੇਗਾ ਨਵੀਨੀਕਰਨ: ਗੋਇਲ

**ਚੰਡੀਗੜ੍ਹ, 30 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜਿੱਥੇ ਰਾਜ ਦੀ ਤਰੱਕੀ ਤੇ ਸਰਬਪੱਖੀ ਵਿਕਾਸ ਲਈ ਵੱਡੇ ਉਪਰਾਲੇ ਕੀਤੇ ਜਾ ਰਹੇ ਹਨ, ਉੱਥੇ ਹੀ ਡੈਮਾਂ ਅਤੇ ਨਹਿਰੀ ਪਾਣੀ ਦੀ ਸੁਚੱਜੀ ਵਰਤੋਂ ਕਰਕੇ ਟੇਲਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਦੀ ਵਿਆਪਕ ਯੋਜਨਾ ਉਲੀਕੀ ਗਈ ਹੈ ਤਾਂ ਜੋ ਧਰਤੀ ਹੇਠਲੇ ਪਾਣੀ ਅਤੇ ਬਿਜਲੀ ਦੀ ਬੱਚਤ ਕੀਤੀ ਜਾ ਸਕੇ।

ਇਹ ਪ੍ਰਗਟਾਵਾ ਜਲ ਸਰੋਤ, ਖਣਨ ਤੇ ਭੂ-ਵਿਗਿਆਨ ਅਤੇ ਭੂਮੀ ਤੇ ਜਲ ਸੰਭਾਲ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਮਚਾਕੀ ਮੱਲ ਸਿੰਘ ਰੋਡ 'ਤੇ ਸਰਹਿੰਦ ਫੀਡਰ ਅਤੇ ਰਾਜਸਥਾਨ ਫੀਡਰ ਨਹਿਰਾਂ ਉਪਰ 10.24 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਬਣੇ ਸਟੀਲ ਦੇ ਦੋ ਪੁਲਾਂ ਦਾ ਉਦਘਾਟਨ ਕਰਨ ਮੌਕੇ ਕੀਤਾ ਗਿਆ।

ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਇਨ੍ਹਾਂ ਪੁਲਾਂ ਦੇ ਬਣਨ ਨਾਲ ਫ਼ਰੀਦਕੋਟ ਤੋਂ ਇਲਾਵਾ ਹੋਰ ਜ਼ਿਲ੍ਹਿਆਂ ਨੂੰ ਵੀ ਆਵਾਜਾਈ ਦੀ ਵੱਡੀ ਸਹੂਲਤ ਮਿਲੇਗੀ ਕਿਉਂਕਿ ਇਸ ਤੋਂ ਪਹਿਲਾਂ ਇਹ ਪੁਲ ਬਹੁਤ ਤੰਗ ਸਨ ਜਿਸ ਕਰਕੇ ਲੋਕਾਂ ਨੂੰ ਆਵਾਜਾਈ ਸਬੰਧੀ ਕਈ ਤਰ੍ਹਾਂ ਦੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਇਹ ਪੁਲ ਮਿੱਥੇ ਸਮੇਂ ਤੋਂ 4 ਮਹੀਨੇ ਪਹਿਲਾਂ ਤਿਆਰ ਕੀਤੇ ਗਏ ਹਨ ਜਿਸ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਵਿਭਾਗ ਦੇ ਅਧਿਕਾਰੀ ਵਧਾਈ ਦੇ ਪਾਤਰ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਨਹਿਰਾਂ 'ਤੇ ਤਲਵੰਡੀ ਬਾਈਪਾਸ ਉਪਰ ਵੀ ਕਰੀਬ 40 ਕਰੋੜ ਰੁਪਏ ਦੀ ਲਾਗਤ ਨਾਲ 2 ਹੋਰ ਪੁਲਾਂ ਦੀ ਉਸਾਰੀ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਵਿੱਚ 1 ਪੁਲ ਜਨਵਰੀ ਮਹੀਨੇ ਤੱਕ ਆਵਾਜਾਈ ਲਈ ਖੋਲ੍ਹ ਦਿੱਤਾ ਜਾਵੇਗਾ।

ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜਲ ਸਰੋਤਾਂ ਦੀ ਸੁਚੱਜੀ ਵਰਤੋਂ ਸਬੰਧੀ ਤਰਜੀਹੀ ਯੋਜਨਾ ਉਲੀਕੀ ਗਈ ਹੈ ਅਤੇ ਪੰਜਾਬ ਸਰਕਾਰ ਵੱਲੋਂ ਸਿੰਚਾਈ ਵਿਭਾਗ ਦਾ ਬਜਟ 400 ਕਰੋੜ ਰੁਪਏ ਤੋਂ ਵਧਾ ਕੇ 1500 ਕਰੋੜ ਰੁਪਏ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਭਾਗਾਂ ਵੱਲੋਂ ਨਹਿਰਾਂ ਅਤੇ ਡੈਮਾਂ ਦੇ ਪਾਣੀ ਦੀ ਵਰਤੋਂ ਦੇ ਟੀਚੇ ਨੂੰ 100 ਪ੍ਰਤੀਸ਼ਤ ਕਰਨ ਦਾ ਟੀਚਾ ਮਿੱਥਿਆ ਗਿਆ ਹੈ ਅਤੇ 38 ਪ੍ਰਤੀਸ਼ਤ ਬਰਬਾਦ ਹੋ ਰਹੇ ਪਾਣੀ ਨੂੰ ਵਰਤੋਂ ਵਿੱਚ ਲਿਆਉਣ ਲਈ ਨਹਿਰਾਂ ਦੇ ਨਵੀਨੀਕਰਨ ਸਣੇ ਰਜਵਾਹੇ ਤੇ ਖਾਲਾਂ ਆਦਿ ਨੂੰ ਪੱਕਾ ਕੀਤਾ ਜਾਵੇਗਾ ਅਤੇ ਉਨ੍ਹਾਂ ਵਿੱਚ ਪਾਣੀ ਦੀ ਸਮਰੱਥਾ ਵਧਾਈ ਜਾਵੇਗੀ। ਉਨ੍ਹਾਂ ਕਿਹਾ ਕਿ ਨਹਿਰੀ ਪਾਣੀ ਦੀ 100 ਪ੍ਰਤੀਸ਼ਤ ਵਰਤੋਂ ਨਾਲ ਧਰਤੀ ਹੇਠਲੇ ਪਾਣੀ 'ਤੇ ਨਿਰਭਰਤਾ ਕਾਫ਼ੀ ਹੱਦ ਤੱਕ ਘੱਟ ਜਾਵੇਗੀ। ਇਸ ਤੋਂ ਇਲਾਵਾ ਟਿਊਬਵੈੱਲਾਂ ਦੀ ਵਰਤੋਂ ਘੱਟ ਹੋਣ ਕਾਰਨ ਬਿਜਲੀ ਦੀ ਵੀ ਵੱਡੀ ਪੱਧਰ 'ਤੇ ਬੱਚਤ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕੁਦਰਤੀ ਸੋਮੇ ਧਰਤੀ ਹੇਠਲੇ ਪਾਣੀ ਨੂੰ ਬਚਾਉਣਾ ਪੰਜਾਬ ਸਰਕਾਰ ਦਾ ਵੱਡਾ ਉਪਰਾਲਾ ਹੈ ਅਤੇ ਪਿਛਲੇ 40 ਸਾਲਾਂ ਵਿੱਚ ਕਿਸੇ ਵੀ ਸਰਕਾਰ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ।

ਇਸ ਮੌਕੇ ਵਿਧਾਇਕ ਫ਼ਰੀਦਕੋਟ ਸ. ਗੁਰਦਿੱਤ ਸਿੰਘ ਸੇਖੋਂ ਨੇ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਦਾ ਇਸ ਪ੍ਰਾਜੈਕਟ ਲਈ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਜਨਵਰੀ 2024 ਦੌਰਾਨ ਇਨ੍ਹਾਂ ਪੁਲਾਂ ਦੇ ਮੁੜ-ਨਿਰਮਾਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ, ਜੋ ਇੱਕ ਸਾਲ ਦੇ ਸਮੇਂ ਵਿੱਚ ਪੂਰਾ ਹੋਣਾ ਸੀ ਪਰ ਇਸ ਨੂੰ 4 ਮਹੀਨੇ ਪਹਿਲਾਂ ਹੀ ਪੂਰਾ ਕਰ ਲਿਆ ਗਿਆ।

# ਟ੍ਰਾਈਸਿਟੀ 'ਚ ਟਲੀ ਵੱਡੀ ਵਾਰਦਾਤ, ਡੀ. ਜੀ. ਪੀ. ਨੇ ਖ਼ੁਦ ਕੀਤਾ ਖ਼ੁਲਾਸਾ

**ਏਜੰਸੀਆਂ**

ਚੰਡੀਗੜ੍ਹ/ਐੱਸਏਐੱਸ 30 ਨਵੰਬਰ। ਇਕ ਹੋਰ ਵੱਡੀ ਸਫਲਤਾ ਹਾਸਲ ਕਰਦਿਆਂ ਪੰਜਾਬ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਨੇ ਐੱਸ. ਏ. ਐੱਸ. ਨਗਰ ਪੁਲਸ ਨਾਲ ਸਾਂਝੇ ਆਪ੍ਰੇਸ਼ਨ ਵਿਚ ਦਵਿੰਦਰ ਬੰਬੀਹਾ ਗੈਂਗ ਦੇ ਦੋ ਕਾਰਕੁਨਾਂ ਨੂੰ ਗ੍ਰਿਫ਼ਤਾਰ



ਕਰਕੇ ਉਨ੍ਹਾਂ ਦੇ ਕਬਜੇ ਵਿਚੋਂ .32 ਬੋਰ ਦੇ ਦੋ ਪਿਸਤੌਲਾਂ ਸਮੇਤ ਸੱਤ ਕਾਰਤੂਸ ਬਰਾਮਦ ਕੀਤੇ ਹਨ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ ਪੁਲਸ ਪੰਜਾਬ (ਡੀ.ਜੀ.ਪੀ.) ਗੌਰਵ ਯਾਦਵ ਨੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਐੱਸ.ਏ.ਐੱਸ. ਨਗਰ ਦੇ ਪਿੰਡ ਮਹਿਮਦਪੁਰ ਦੇ ਵਸਨੀਕ ਹਰਿੰਦਰ ਸਿੰਘ ਅਤੇ ਐੱਸ.ਏ.ਐੱਸ. ਨਗਰ ਦੇ ਵਰਾਣਾ ਦੇ ਵਾਸੀ ਗੁਰਜਿੰਦਰ ਸਿੰਘ ਵਜੋਂ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜਮ ਅਮਰੀਕਾ ਅਧਾਰਤ ਕੁਲਵੀਰ ਸਿੰਘ ਉਰਫ ਲਾਲਾ ਬੈਨੀਪਾਲ, ਜੋ ਕਿ ਵਿਦੇਸੀ ਮੂਲ ਦੇ ਗੈਂਗਸਟਰ ਲੱਕੀ ਪਟਿਆਲ ਦਾ ਸਾਥੀ ਹੈ, ਦੇ ਇਸ਼ਾਰੇ 'ਤੇ ਕੰਮ ਕਰ ਰਹੇ ਸਨ। ਦੋਸੀ ਲਾਲਾ ਬੈਨੀਪਾਲ ਨੇ ਇਸ ਤੋਂ ਪਹਿਲਾਂ ਐੱਸ.ਏ.ਐੱਸ. ਨਗਰ ਵਿਚ ਦੋ ਵੱਖ-ਵੱਖ ਹਮਲਿਆਂ ਦੀ ਸਾਜਸ਼ਿ ਰਚੀ ਸੀ, ਜਿਸ ਵਿਚ ਸਤੰਬਰ 2023 ਵਿਚ ਫਾਈਨਾਂਸਰ ਅਤੇ ਦਸੰਬਰ 2023 ਵਿਚ ਵਿਰੋਧੀ ਗਰੋਹ ਦੇ ਮੈਂਬਰ ਨੂੰ ਨਿਸ਼ਾਨਾ ਬਣਾਉਣਾ ਸਾਮਲ ਸੀ। ਡੀ. ਜੀ. ਪੀ. ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਕਤ ਮੁਲਜ਼ਮਾਂ ਨੂੰ ਟ੍ਰਾਈਸਿਟੀ ਖੇਤਰ ਵਿਚ ਕਈ ਅਪਰਾਧਾਂ ਨੂੰ ਅੰਜਾਮ ਦੇਣ ਦਾ ਕੰਮ ਸੌਂਪਿਆ ਗਿਆ ਸੀ। ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਵਿਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਐੱਸ.ਏ.ਐੱਸ.ਨਗਰ ਦੇ ਸੀਨੀਅਰ ਸੁਪਰਡੈਂਟ ਆਫ ਪੁਲਸ (ਐੱਸਐੱਸਪੀ) ਦੀਪਕ ਪਾਰੀਕ ਨੇ ਦੱਸਿਆ ਕਿ ਪੁਲਸ ਟੀਮਾਂ ਨੂੰ ਭਰੋਸੇਮੰਦ ਸੂਚਨਾ ਮਿਲੀ ਸੀ ਕਿ ਲਾਲਾ ਬੈਨੀਪਾਲ ਨੇ ਆਪਣੇ ਗਰੋਹ ਦੇ ਮੈਂਬਰਾਂ ਨੂੰ ਟ੍ਰਾਈਸਿਟੀ ਵਿਚ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਦਾ ਕੰਮ ਸੌਂਪਿਆ ਹੈ। ਉਨ੍ਹਾਂ ਦੱਸਿਆ ਕਿ ਸੂਚਨਾ 'ਤੇ ਤੇਜੀ ਨਾਲ ਕਾਰਵਾਈ ਕਰਦੇ ਹੋਏ ਏਜੀਟੀਐੱਫ ਅਤੇ ਐੱਸਏਐੱਸ ਨਗਰ ਪੁਲਸ ਦੀਆਂ ਸਾਂਝੀਆਂ ਟੀਮਾਂ ਨੇ ਮੁਲਜਮਾਂ ਨੂੰ ਟਰੇਸ ਕਰਕੇ ਫੋਕਲ ਪੁਆਇੰਟ, ਮੁਬਾਰਕਪੁਰ ਦੇ ਨੇੜਿਓਂ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ। ਉਨ੍ਹਾਂ ਦੱਸਿਆ ਕਿ ਮੁਲਜਮ ਹਰਿੰਦਰ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਸ ਖ਼ਿਲਾਫ ਕਤਲ ਦੀ ਕੋਸ਼ਿਸ਼ ਅਤੇ ਅਸਲਾ ਐਕਟ ਨਾਲ ਸਬੰਧਤ ਕੇਸ ਦਰਜ ਹਨ।

# ਸਰਕਾਰੀ ਬੈਂਕਾਂ ਨੂੰ ਲੈ ਕੇ ਵੱਡੀ ਖਬਰ ! ਵਿੱਤ ਮੰਤਰਾਲੇ ਨੇ ਦਿੱਤੀ ਜਾਣਕਾਰੀ

**ਸਰਦੂਲ ਸਿੰਘ**

ਨਵੀਂ ਦਿੱਲੀ 30 ਨਵੰਬਰ। ਜਨਤਕ ਖੇਤਰ ਦੇ ਬੈਂਕਾਂ () ਨੇ ਵਿੱਤੀ ਸਾਲ 2024-25 ਦੀ ਪਹਿਲੀ ਛਿਮਾਹੀ ਵਿਚ 236.04 ਲੱਖ ਕਰੋੜ ਰੁਪਏ ਦੇ ਕੁੱਲ ਕਾਰੋਬਾਰ ਦੇ ਨਾਲ ਸਾਨਦਾਰ ਪ੍ਰਦਰਸਨ ਕੀਤਾ, ਜੋ ਕਿ ਸਾਲ ਦਰ ਸਾਲ () ਵਿਚ 11 ਪ੍ਰਤੀਸਤ ਵਾਧਾ ਹੋਇਆ ਹੈ। ਵਿੱਤ ਮੰਤਰਾਲੇ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਮੰਤਰਾਲੇ ਅਨੁਸਾਰ, ਦਾ ਗਲੋਬਲ ਲੋਨ ਅਤੇ ਡਿਪਾਜ਼ਿਟ ਪੋਰਟਫੋਲੀਓ ਸਾਲ ਦਰ ਸਾਲ 12.9 ਫੀਸਦੀ ਅਤੇ 9.5 ਫੀਸਦੀ ਵਧ ਕੇ ਕ੍ਰਮਵਾਰ 102.29 ਲੱਖ ਕਰੋੜ ਰੁਪਏ ਅਤੇ 133.75 ਲੱਖ ਕਰੋੜ ਰੁਪਏ ਹੋ ਗਿਆ ਹੈ। 125 ਵਿਚ ਸੰਚਾਲਨ ਮਾਲੀਆ ਅਤੇ ਸੁੱਧ ਲਾਭ ਕ੍ਰਮਵਾਰ 1,50,023 ਕਰੋੜ ਰੁਪਏ ਅਤੇ 85,520 ਕਰੋੜ ਰੁਪਏ ਰਿਹਾ। ਇਸ ਨੇ ਕ੍ਰਮਵਾਰ 14.4 ਫੀਸਦੀ ਅਤੇ 25.6 ਫੀਸਦੀ ਦੀ ਸਾਲਾਨਾ ਵਾਧਾ ਦਰਜ ਕੀਤਾ। ਕੁੱਲ ਅਤੇ ਸੁੱਧ ਐੱਨ. ਪੀ. ਏ., ਜੋ ਰਿਣਦਾਤਿਆਂ 'ਤੇ ਵਿੱਤੀ ਦਬਾਅ ਨੂੰ ਦਰਸਾਉਂਦੇ ਹਨ, ਸਤੰਬਰ 2024 ਤੱਕ 3.12 ਪ੍ਰਤੀਸਤ ਅਤੇ 0.63 ਪ੍ਰਤੀਸਤ 'ਤੇ ਰਹੇ। ਵਿੱਤ ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਕੁੱਲ ਅਤੇ ਸੁੱਧ ਵਿਚ ਕ੍ਰਮਵਾਰ 108 ਅਤੇ 34 ਦੀ ਗਿਰਾਵਟ ਆਈ ਹੈ। 125 ਵਿਚ, ਪੂੰਜੀ-ਤੋਂ-ਜੋਖਮ ਭਾਰ ਵਾਲੀ ਸੰਪਤੀ ਅਨੁਪਾਤ () ਸਤੰਬਰ-24 ਤੱਕ 15.43 ਪ੍ਰਤੀਸਤ ਸੀ, ਜਦੋਂ ਕਿ ਰੈਗੂਲੇਟਰੀ ਲੋੜ 11.5 ਪ੍ਰਤੀਸਤ ਹੈ। ਅਨੁਪਾਤ ਪੂੰਜੀ ਦੀ ਤੁਲਨਾ ਜੋਖਮ-ਵਜਨ ਵਾਲੀਆਂ ਸੰਪਤੀਆਂ ਨਾਲ ਕਰਦਾ ਹੈ ਅਤੇ ਬੈਂਕ ਦੇ ਅਸਫਲ ਹੋਣ ਦੇ ਜੋਖਮ ਨੂੰ ਨਿਰਧਾਰਤ ਕਰਨ ਲਈ ਰੈਗੂਲੇਟਰਾਂ ਦੁਆਰਾ ਨਿਗਰਾਨੀ ਕੀਤੀ ਜਾਂਦੀ ਹੈ। ਇਸਦੀ ਵਰਤੋਂ ਜਮ੍ਹਾਂਕਰਤਾਵਾਂ




ਦੀ ਰੱਖਿਆ ਕਰਨ ਅਤੇ ਵਿਸਵ ਭਰ ਵਿਚ ਵਿੱਤੀ ਪ੍ਰਣਾਲੀਆਂ ਦੀ ਸਥਿਰਤਾ ਅਤੇ ਕੁਸਲਤਾ ਨੂੰ ਉਤਸਾਹਿਤ ਕਰਨ ਲਈ ਕੀਤੀ ਜਾਂਦੀ ਹੈ। ਮੰਤਰਾਲੇ ਨੇ ਅੱਗੇ ਕਿਹਾ ਕਿ ਜਨਤਕ ਖੇਤਰ ਦੇ ਬੈਂਕਾਂ ਨੇ ਆਰਟੀਫੀਸੀਅਲ ਇੰਟੈਲੀਜੈਂਸ, ਕਲਾਊਡ ਅਤੇ ਬਲਾਕਚੈਨ ਤਕਨਾਲੋਜੀ ਆਦਿ ਵਰਗੀਆਂ ਨਵੀਆਂ ਤਕਨੀਕਾਂ ਨੂੰ ਅਪਣਾਉਣ ਵਿਚ ਵੀ ਮਹੱਤਵਪੂਰਨ ਤਰੱਕੀ ਕੀਤੀ ਹੈ। ਜਨਤਕ ਖੇਤਰ ਦੇ ਬੈਂਕ ਮੌਜੂਦਾ ਡਿਜੀਟਲ ਬੁਨਿਆਦੀ ਢਾਂਚੇ ਨੂੰ ਵੀ ਅੱਪਡੇਟ ਕਰ ਰਹੇ ਹਨ, ਸਾਈਬਰ ਸੁਰੱਖਿਆ ਖਤਰਿਆਂ ਨਾਲ ਨਜਿੱਠਣ ਲਈ ਜਰੂਰੀ ਪ੍ਰਣਾਲੀਆਂ ਅਤੇ ਨਿਯੰਤਰਣਾਂ ਨੂੰ ਲਾਗੂ ਕਰ ਰਹੇ ਹਨ ਅਤੇ ਗਾਹਕਾਂ ਨੂੰ ਸਰਵੋਤਮ ਸੇਵਾਵਾਂ ਪ੍ਰਦਾਨ ਕਰਨ ਲਈ ਕਈ ਕਦਮ ਚੁੱਕ ਰਹੇ ਹਨ। ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਮੰਗਲਵਾਰ ਨੂੰ ਇੱਕ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਜਨਤਕ ਖੇਤਰ ਦੇ ਬੈਂਕਾਂ ਦੇ ਮੁੱਖ ਕਾਰਜਕਾਰੀ ਅਧਿਕਾਰੀਆਂ ਨਾਲ ਕਈ ਮੌਜੂਦਾ ਅਤੇ ਉਭਰ ਰਹੇ ਮੁੱਦਿਆਂ 'ਤੇ ਚਰਚਾ ਕੀਤੀ। ਮੰਤਰਾਲੇ ਨੇ ਕਿਹਾ ਕਿ ਸੁਧਾਰਾਂ ਅਤੇ ਨਿਯਮਤ ਨਿਗਰਾਨੀ ਨੇ ਬਹੁਤ ਸਾਰੀਆਂ ਚਿੰਤਾਵਾਂ ਅਤੇ ਚੁਣੌਤੀਆਂ ਨੂੰ ਸੰਬੋਧਿਤ ਕੀਤਾ ਹੈ ਅਤੇ ਨਤੀਜੇ ਵਜੋਂ ਕ੍ਰੈਡਿਟ ਅਨੁਸਾਸਨ, ਤਣਾਅ ਵਾਲੀਆਂ ਜਾਇਦਾਦਾਂ ਦੀ ਪਛਾਣ ਅਤੇ ਹੱਲ, ਜ਼ਿੰਮੇਵਾਰ ਉਧਾਰ, ਬਿਹਤਰ ਪ੍ਰਸਾਸਨ, ਵਿੱਤੀ ਸਮਾਵੇਸ ਪਹਿਲਕਦਮੀਆਂ, ਤਕਨਾਲੋਜੀ ਅਪਣਾਉਣ ਆਦਿ ਲਈ ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ ਵਿਚ ਸੁਧਾਰ ਹੋਇਆ ਹੈ। ਇਨ੍ਹਾਂ ਉਪਾਵਾਂ ਨੇ ਸਮੁੱਚੇ ਤੌਰ 'ਤੇ ਭਾਰਤੀ ਬੈਂਕਿੰਗ ਸੈਕਟਰ ਦੀ ਵਿੱਤੀ ਸਿਹਤ ਅਤੇ ਮਜਬੂਤੀ ਨੂੰ ਕਾਇਮ ਰੱਖਿਆ ਹੈ, ਜਿਵੇਂ ਕਿ ਜਨਤਕ ਖੇਤਰ ਦੇ ਬੈਂਕਾਂ ਦੀ ਮੌਜੂਦਾ ਕਾਰਗੁਜਾਰੀ ਵਿਚ ਝਲਕਦਾ ਹੈ।

# ਕਿਸਾਨਾਂ ਨੂੰ ਸਰਕਾਰ ਦਾ ਤੋਹਫਾ, 2481 ਕਰੋੜ ਰੁਪਏ ਦੇ ਮਿਸ਼ਨ ਨੂੰ ਕੇਂਦਰੀ ਕੈਬਨਿਟ ਦੀ ਮਨਜ਼ੂਰੀ

ਨਵੀਂ ਦਿੱਲੀ 30 ਨਵੰਬਰ। ਸਰਕਾਰ ਨੇ ਸੋਮਵਾਰ ਨੂੰ 2,481 ਕਰੋੜ ਰੁਪਏ ਦੇ ਬਜਟ ਖਰਚੇ ਨਾਲ ਦੇਸ ਦੇ ਇਕ ਕਰੋੜ ਕਿਸਾਨਾਂ ਵਿਚਕਾਰ ਕੁਦਰਤੀ ਖੇਤੀ ਨੂੰ ਉਤਸਾਹਿਤ ਕਰਨ ਲਈ ਇਕ ਰਾਸਟਰੀ ਮਿਸਨ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਲਏ ਗਏ ਇਸ ਫੈਸਲੇ ਦਾ ਉਦੇਸ ਟਿਕਾਊ ਖੇਤੀ ਲਈ ਇੱਕ ਈਕੋਸਿਸਟਮ ਬਣਾਉਣਾ ਹੈ। ਮੀਟਿੰਗ ਤੋਂ ਬਾਅਦ, ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸਵਨੀ ਵੈਸਨਵ ਨੇ ਮੀਡੀਆ ਨੂੰ ਕਿਹਾ, "ਮਿੱਟੀ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਅਤੇ ਰਸਾਇਣ-ਮੁਕਤ ਭੋਜਨ ਨਾਲ ਲੋਕਾਂ ਦੀ ਸਿਹਤ ਨੂੰ ਬਣਾਈ ਰੱਖਣ ਦੀ ਲੋੜ ਹੈ... ਕੁਦਰਤੀ ਖੇਤੀ 'ਤੇ ਰਾਸਟਰੀ ਮਿਸਨ ਇੱਕ ਉੱਚ ਫੈਸਲਾ ਹੈ।" ਉਨ੍ਹਾਂ ਕਿਹਾ ਕਿ 2,481 ਕਰੋੜ ਰੁਪਏ ਦੇ ਬਜਟ ਵਾਲੇ ਇਸ ਮਿਸਨ ਵਿੱਚ ਦੇਸ ਭਰ ਦੇ ਇੱਕ ਕਰੋੜ ਕਿਸਾਨ ਸਾਮਲ ਹੋਣਗੇ। ਮੰਤਰੀ ਨੇ ਕਿਹਾ ਕਿ ਸਾਲ



2019-20 ਅਤੇ 2022-23 ਦੇ ਸਫਲ ਤਜਰਬਿਆਂ ਤੋਂ ਬਾਅਦ ਕੁਦਰਤੀ ਖੇਤੀ ਨੂੰ ਮਿਸਨ ਮੋਡ 'ਤੇ ਉਤਸਾਹਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਮੇਂ ਦੇਸ ਭਰ ਵਿੱਚ ਲਗਭਗ 10 ਲੱਖ ਹੈਕਟੇਅਰ ਰਕਬੇ ਵਿੱਚ ਕੁਦਰਤੀ ਖੇਤੀ ਕੀਤੀ ਜਾ ਰਹੀ ਹੈ। ਨਵੀਨਤਮ ਯੋਜਨਾ ਤਹਿਤ 15,000 ਸਮੂਹਾਂ ਰਾਹੀਂ 7.5 ਲੱਖ ਹੈਕਟੇਅਰ ਵਿੱਚ ਕੁਦਰਤੀ ਖੇਤੀ ਨੂੰ ਉਤਸਾਹਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਲਈ ਇਛੁੱਕ ਪੰਚਾਇਤਾਂ ਦੀ ਚੋਣ ਕੀਤੀ ਜਾਵੇਗੀ ਅਤੇ 1 ਲੱਖ ਰੁਪਏ ਦੀ ਸੁਰੂਆਤੀ ਪੂੰਜੀ ਸਹਾਇਤਾ ਦਿੱਤੀ ਜਾਵੇਗੀ।

## ਪੰਜਾਬ ਦੇ ਸੰਸਦ ਮੈਂਬਰਾਂ ਦਾ ਕਿਸਾਨਾਂ ਦੇ ਹੱਕ 'ਚ ਪ੍ਰਦਰਸ਼ਨ

ਨਵੀਂ ਦਿੱਲੀ/ਚੰਡੀਗੜ੍ਹ 30 ਨਵੰਬਰ। ਪੰਜਾਬ ਕਾਂਗਰਸ ਦੇ ਸੰਸਦ ਮੈਂਬਰਾਂ ਵਲੋਂ ਅੱਜ ਸੰਸਦ ਦੇ ਮੱਕੜ ਦੁਆਰ ਵਿਖੇ ਕਿਸਾਨਾਂ ਦੇ ਹੱਕਾਂ ਲਈ ਪ੍ਰਦਰਸਨ ਕੀਤਾ ਗਿਆ। ਸੰਸਦ ਮੈਂਬਰਾਂ 'ਚ ਸੁਖਜਿੰਦਰ ਸਿੰਘ ਰੰਧਾਵਾ, ਡਾ. ਧਰਮਵੀਰ ਗਾਂਧੀ, ਰਾਜਾ ਵੜਿੰਗ, ਡਾ. ਅਮਰ ਸਿੰਘ ਅਤੇ ਸ਼ੇਰ ਸਿੰਘ ਘੁਬਾਇਆ ਸ਼ਾਮਲ ਸਨ। ਉਨ੍ਹਾਂ ਨੇ ਝੋਨੇ ਦੀ ਖਰੀਦ ਵਿੱਚ ਦੇਰੀ, ਕਟੌਤੀ ਦੇ ਨਾਲ ਘੱਟੋ-ਘੱਟ ਸਮਰਥਨ ਮੁੱਲ ਤੋਂ ਘੱਟ ਖਰੀਦ ਅਤੇ ਡੀ. ਏ. ਪੀ. ਦੀ ਕਮੀ ਨੂੰ ਉਜਾਗਰ ਕੀਤਾ। ਸੰਸਦ ਮੈਂਬਰਾਂ ਨੇ ਖਰੀਦ ਵਿਚ ਦੇਰੀ ਅਤੇ ਡੀ. ਏ. ਪੀ. ਦੀ ਘਾਟ ਲਈ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੋਹਾਂ ਨੂੰ ਜ਼ਿੰਮੇਵਾਰ ਠਹਿਰਾਇਆ। ਸੰਸਦ ਮੈਂਬਰਾਂ ਦਾ ਕਹਿਣਾ ਸੀ ਕਿ ਦੋਵੇਂ ਸਰਕਾਰਾਂ ਬਿਆਨਬਾਜੀ ਵਿੱਚ ਰੁੱਝੀਆਂ ਹੋਈਆਂ ਹਨ ਪਰ ਉਨ੍ਹਾਂ ਨੇ ਝੋਨੇ ਦੀ ਖਖਰੀਦ ਅਤੇ ਕਣਕ ਦੀ ਬਿਜਾਈ ਨਾਲ ਸਬੰਧਿਤ ਮੁੱਦਿਆਂ ਦੇ ਹੱਲ ਲਈ ਕੋਈ ਉਪਰਾਲਾ ਨਹੀਂ ਕੀਤਾ।

## ਰੋਮਾਨੀਆ ਭੇਜਣ ਦਾ ਝਾਂਸਾ ਦੇ ਕੇ ਮਾਰੀ 1 ਲੱਖ ਰੁਪਏ ਦੀ ਠੱਗੀ

ਫਿਰੋਜ਼ਪੁਰ 30 ਨਵੰਬਰ। ਇਕ ਵਿਅਕਤੀ ਨੂੰ ਰੋਮਾਨੀਆਂ ਭੇਜਣ ਦਾ ਝਾਂਸਾ ਦੇ ਕੇ ਕਥਿਤ ਰੂਪ 'ਚ ਇਕ ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਹੇਠ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਦਵਿੰਦਰ ਸਿੰਘ ਪੁੱਤਰ ਸੁਰਿੰਦਰ ਸਿੰਘ ਦੇ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ. ਐੱਸ. ਆਈ. ਲਖਵਿੰਦਰ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਯੋਗਰਾਜ ਸਿੰਘ ਵਾਸੀ ਮੱਖੂ ਨੇ ਪੁਲਸ ਅਧਿਕਾਰੀਆਂ ਨੂੰ ਲਿਖਤੀ ਸ਼ਿਕਾਇਤ ਅਤੇ ਬਿਆਨ ਦਿੱਤੇ ਹਨ ਕਿ ਨਾਮਜ਼ਦ ਵਿਅਕਤੀ ਨੇ ਉਸ ਨੂੰ ਰੋਮਾਨੀਆ ਭੇਜਣ ਦੇ ਬਹਾਨੇ ਉਸ ਪਾਸੋਂ ਇਕ ਲੱਖ ਰੁਪਏ ਲਏ ਸਨ ਪਰ ਨਾ ਤਾਂ ਉਸ ਨੂੰ ਰੋਮਾਨੀਆ ਭੇਜਿਆ ਗਿਆ ਹੈ ਅਤੇ ਨਾ ਹੀ ਉਸ ਤੋਂ ਲਏ ਪੈਸੇ ਵਾਪਸ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਨਾਮਜ਼ਦ ਵਿਅਕਤੀ ਖ਼ਿਲਾਫ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

# ਭਾਰਤ 'ਚ 5ਜੀ ਗਾਹਕਾਂ ਦੀ ਸੰਖਿਆ 2030 ਤੱਕ ਤਿੰਨ ਗੁਣਾ ਹੋਣ ਦੀ ਉਮੀਦ: ਰਿਪੋਰਟ

**ਕਿਸ਼ਨ ਪਾਲ**

ਨਵੀਂ ਦਿੱਲੀ 30 ਨਵੰਬਰ। ਦੂਰਸੰਚਾਰ ਉਪਕਰਣ ਬਣਾਉਣ ਵਾਲੀ ਦਿੱਗਜ ਕੰਪਨੀ ਐਰਿਕਸਨ ਨੇ ਮੰਗਲਵਾਰ ਨੂੰ ਕਿਹਾ ਕਿ ਭਾਰਤ ਵਿੱਚ 5ਜੀ ਗਾਹਕਾਂ ਦੀ ਗਿਣਤੀ ਸਾਲ 2030 ਤੱਕ ਤਿੰਨ ਗੁਣਾ ਹੋ ਕੇ 97 ਕਰੋੜ ਤੱਕ ਪਹੁੰਚਣ ਦੀ ਉਮੀਦ ਹੈ, ਜੋ ਕੁੱਲ ਮੋਬਾਈਲ ਗਾਹਕਾਂ ਦਾ 74 ਫੀਸਦੀ ਹੋਵੇਗਾ। ਐਰਿਕਸਨ ਕੰਜ਼ਿਊਮਰਲੈਬ ਦੀ ਇਸ ਖੋਜ ਰਿਪੋਰਟ ਵਿੱਚ ਇਹ ਸੰਭਾਵਨਾ ਪ੍ਰਗਟਾਈ ਗਈ ਹੈ। ਇਸ ਅਨੁਸਾਰ, ਜਨਰੇਟਿਵ ਆਰਟੀਫੀਸੀਅਲ ਇੰਟੈਲੀਜੈਂਸ () ਨਾਲ ਸਬੰਧਤ ਐਪਲੀਕੇਸਨ 5 ਪ੍ਰਦਰਸਨ ਦੇ ਮੁੱਖ ਡ੍ਰਾਈਵਰ ਵਜੋਂ ਉਭਰ ਰਹੇ ਹਨ। ਐਰਿਕਸਨ ਮੋਬਿਲਿਟੀ ਰਿਪੋਰਟ ਵਿਚ ਅਨੁਮਾਨ ਜਤਾਇਆ ਜਾ ਰਿਹਾ ਹੈ ਕਿ ਭਾਰਤ ਵਿੱਚ 5ਜੀ ਗਾਹਕਾਂ ਦੀ ਗਿਣਤੀ 2024 ਦੇ ਅੰਤ ਤੱਕ 27 ਕਰੋੜ ਤੋਂ ਵੱਧ ਹੋ ਜਾਵੇਗੀ, ਜੋ ਦੇਸ ਦੇ ਕੁੱਲ ਮੋਬਾਈਲ ਗਾਹਕਾਂ ਦਾ 23 ਫੀਸਦੀ ਹੋਵੇਗਾ। ਐਰਿਕਸਨ ਦੇ ਨੈੱਟਵਰਕ ਹੱਲ, ਸਾਫਟਵੇਅਰ ਅਤੇ ਪ੍ਰਦਰਸਨ ਖੰਡ ਦੇ ਦੱਖਣ-ਪੂਰਬੀ ਏਸੀਆ, ਓਸੀਆਨਾ ਅਤੇ




ਭਾਰਤ ਖੇਤਰ ਦੇ ਮੁਖੀ ਉਮੰਗ ਜਿੰਦਲ ਨੇ ਕਿਹਾ, "ਸਾਲ 2030 ਦੇ ਅੰਤ ਤੱਕ ਭਾਰਤ ਵਿੱਚ 5 ਗਾਹਕਾਂ ਦੀ ਸੰਖਿਆ ਲਗਭਗ 97 ਕਰੋੜ ਤੱਕ ਪਹੁੰਚਣ ਦੀ ਉਮੀਦ ਹੈ। ਇਹ ਕੁੱਲ ਮੋਬਾਈਲ ਗਾਹਕਾਂ ਦਾ 74 ਫੀਸਦੀ ਹੈ।" ਰਿਪੋਰਟ ਅਨੁਸਾਰ ਸਾਲ 2024 ਦੇ ਅੰਤ ਤੱਕ ਗਲੋਬਲ 5ਜੀ ਗਾਹਕੀ ਲਗਭਗ 2.3 ਅਰਬ ਹੋ ਜਾਣ ਦੀ ਉਮੀਦ ਹੈ, ਜੋ ਕਿ ਕੁੱਲ ਮੋਬਾਈਲ ਗਾਹਕਾਂ ਦਾ 25 ਫੀਸਦੀ ਹੋਵੇਗਾ। ਵਿਸਵ ਪੱਧਰ 'ਤੇ 5 ਗਾਹਕਾਂ ਦੀ ਸੰਖਿਆ 2030 ਤੱਕ 6.3 ਅਰਬ ਹੋਣ ਦੀ ਉਮੀਦ ਹੈ। ਜਿੰਦਲ ਨੇ ਕਿਹਾ ਕਿ 2027 ਵਿੱਚ 5ਜੀ ਗਾਹਕਾਂ ਦੀ ਗਿਣਤੀ ਗਲੋਬਲ 4ਜੀ ਗਾਹਕਾਂ ਤੋਂ ਵੱਧ ਹੋਣ ਦੀ ਉਮੀਦ ਹੈ। ਉਨ੍ਹਾਂ ਨੇ 2030 ਵਿੱਚ 6ਜੀ ਸੇਵਾ ਸੁਰੂ ਹੋਣ ਦੀ ਸੰਭਾਵਨਾ ਪ੍ਰਗਟਾਈ ਹੈ। ਰਿਪੋਰਟ ਮੁਤਾਬਕ ਅਗਲੇ ਪੰਜ ਸਾਲਾਂ 'ਚ ਐਪਸ ਦੀ ਵਰਤੋਂ ਕਰਨ ਵਾਲੇ ਸਮਾਰਟਫੋਨ ਗਾਹਕਾਂ ਦੀ ਗਿਣਤੀ ਵਧਣ ਦੀ ਉਮੀਦ ਹੈ। ਭਾਰਤ ਵਿੱਚ ਲਗਭਗ 67 ਫੀਸਦੀ 5 ਸਮਾਰਟਫੋਨ ਮਾਲਕ ਅਗਲੇ ਪੰਜ ਸਾਲਾਂ ਵਿੱਚ ਐਪਸ ਦੀ ਵਰਤੋਂ ਕਰਨਾ ਸੁਰੂ ਕਰ ਦੇਣਗੇ।

# ਰੇਲਵੇ ਨੇ 2014 ਤੋਂ ਹੁਣ ਤੱਕ 500,000 ਕਰਮਚਾਰੀਆਂ ਦੀ ਕੀਤੀ ਭਰਤੀ: ਅਸ਼ਵਿਨੀ ਵੈਸਨਵ

ਨਵੀਂ ਦਿੱਲੀ30 ਨਵੰਬਰ। ਰੇਲ ਮੰਤਰੀ ਅਸਵਿਨੀ ਵੈਸਨਵ ਨੇ ਕਿਹਾ ਕਿ ਵਿਭਾਗ ਨੇ ਪਿਛਲੇ ਦਹਾਕੇ 'ਚ ਪੰਜ ਲੱਖ ਕਰਮਚਾਰੀਆਂ ਦੀ ਭਰਤੀ ਕੀਤੀ ਹੈ, ਜੋ ਕਿ ਪਿਛਲੇ ਦਹਾਕੇ ਦੇ ਮੁਕਾਬਲੇ ਥੋੜ੍ਹੀ ਜ਼ਿਆਦਾ ਗਿਣਤੀ ਹੈ। ਉਨ੍ਹਾਂ ਇਹ ਬਿਆਨ ਨਾਗਪੁਰ ਦੇ ਅਜਨੀ ਰੇਲਵੇ ਗਰਾਊਂਡ ਵਿਖੇ ਆਯੋਜਿਤ ਆਲ ਇੰਡੀਆ ਐੱਸਸੀ/ਐੱਸਟੀ ਰੇਲਵੇ ਕਰਮਚਾਰੀ ਯੂਨੀਅਨ ਦੀ ਰਾਸਟਰੀ ਕਨਵੈਨਸਨ ਦੌਰਾਨ ਦਿੱਤਾ। ਮੰਤਰੀ ਨੇ ਕਿਹਾ ਕਿ 2004 ਤੋਂ 2014 ਦਰਮਿਆਨ ਭਰਤੀ ਦੀ ਗਿਣਤੀ 4.4 ਲੱਖ ਸੀ, 2014 ਤੋਂ ਹੁਣ ਤੱਕ 500,000 ਕਰਮਚਾਰੀਆਂ ਦੀ ਭਰਤੀ ਕੀਤੀ ਗਈ ਹੈ। ਉਨ੍ਹਾਂ ਨੇ ਭਾਰਤੀ ਰੇਲਵੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਾਲਾਨਾ ਭਰਤੀ ਕੈਲੰਡਰ ਦੀ ਸੁਰੂਆਤ ਬਾਰੇ ਵੀ ਚਾਨਣਾ



ਪਾਇਆ। ਇਸ ਸਮਾਗਮ 'ਚ ਐਸੋਸੀਏਸਨ ਦੇ ਪ੍ਰਧਾਨ ਬੀ. ਐੱਲ. ਭੈਰਵ, ਕੇਂਦਰੀ ਰੇਲਵੇ ਦੇ ਜਨਰਲ ਮੈਨੇਜਰ ਧਰਮਵੀਰ ਮੀਨਾ ਅਤੇ ਦੱਖਣ ਪੂਰਬੀ ਮੱਧ ਰੇਲਵੇ ਦੀ ਜਨਰਲ ਮੈਨੇਜਰ ਨੀਨੂ ਹਾਜਰ ਸਨ। ਇਸ ਦੌਰਾਨ ਵੈਸਨਵ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸੰਸਦ ਵਿੱਚ ਦਾਖਲ ਹੋਣ ਤੋਂ ਪਹਿਲਾਂ ਸੰਵਿਧਾਨ ਨੂੰ ਮੱਥਾ ਟੇਕਣ ਦੀ ਵੀ ਸਲਾਘਾ ਕੀਤੀ। ਮੰਗਲਵਾਰ ਨੂੰ ਸੰਵਿਧਾਨ ਦਿਵਸ ਤੋਂ ਪਹਿਲਾਂ ਉਨ੍ਹਾਂ ਨੇ ਕਿਹਾ ਕਿ ਸੰਵਿਧਾਨ ਦਾ ਸਨਮਾਨ ਸਿਰਫ ਪ੍ਰਤੀਕਵਾਦ ਤੱਕ ਸੀਮਿਤ ਨਹੀਂ ਹੈ, ਸਗੋਂ ਇਹ ਵਿਵਹਾਰ ਵਿੱਚ ਵੀ ਝਲਕਦਾ ਹੈ। ਅਸਵਿਨੀ ਵੈਸਨਵ ਨੇ ਕਿਹਾ ਕਿ ਇਸ ਵੇਲੇ 12,000 ਜਨਰਲ ਕੋਚ ਬਣਾਏ ਜਾ ਰਹੇ ਹਨ। ਸਮਾਗਮ ਵਿੱਚ ਵੈਸਨਵ ਨੇ ਐਸੋਸੀਏਸਨ ਦੇ ਯਤਨਾਂ ਦੀ ਯਾਦ ਵਿੱਚ ਇੱਕ ਸਮਾਰਕ ਦਾ ਉਦਘਾਟਨ ਕੀਤਾ ਅਤੇ ਇਸ ਤੋਂ ਪਹਿਲਾਂ ਦੀਕਸਾਭੂਮੀ ਵਿੱਚ ਕੇਂਦਰੀ ਸਮਾਰਕ ਵਿੱਚ ਡਾ. ਬੀ.ਆਰ. ਅੰਬੇਡਕਰ ਨੂੰ ਸਰਧਾਂਜਲੀ ਭੇਟ ਕੀਤੀ।

# 'ਮਾਰੀਂ ਨਾ ਧੀਏ', ਹਾੜ੍ਹੇ ਕੱਢਦੀ ਰਹੀ ਸੱਸ ! ਨੂੰਹ ਨੇ ਕਰਾਈ ਤੌਬਾ-ਤੌਬਾ

ਬਰਨਾਲਾ 30 ਨਵੰਬਰ। ਸੱਸਾਂ ਦੇ ਨੂੰਹਾਂ 'ਤੇ ਅੱਤਿਆਚਾਰ ਦੀਆਂ ਖਬਰਾਂ ਤਾਂ ਬਹੁਤ ਸੁਣਨ-ਦੇਖਣ ਨੂੰ ਮਿਲਦੀਆਂ ਹਨ ਪਰ ਇੱਥੇ ਇਕ ਨੂੰਹ ਨੇ ਆਪਣੀ ਸੱਸ ਦਾ ਜੋ ਹਾਲ ਕੀਤਾ, ਉਸ ਨੂੰ ਸੁਣ ਹਰ ਕੋਈ ਹੈਰਾਨ ਰਹਿ ਜਾਵੇਗਾ। ਦਰਅਸਲ ਇਸ ਨੂੰਹ ਨੇ ਆਪਣੀ ਬਜੁਰਗ ਸੱਸ ਨੂੰ ਬਾਲਟੀ ਨਾਲ ਬੁਰੀ ਤਰ੍ਹਾਂ ਕੁੱਟਿਆ। ਸੱਸ ਨੇ ਬਥੇਰੇ ਮਿੰਨਤਾਂ-ਤਰਲੇ ਕੀਤੇ ਪਰ ਨੂੰਹ ਤਾਂ ਆਪਣੀ ਹੀ ਧੁਨ 'ਚ ਕੁੱਟਮਾਰ ਕਰੀ ਜਾ ਰਹੀ ਸੀ। ਇਸ ਪੂਰੇ ਮਾਮਲੇ ਦੀ ਵੀਡੀਓ ਵਾਇਰਲ ਹੋ ਰਹੀ ਹੈ। ਇਸ 'ਚ ਬਲਵਿੰਦਰ ਕੌਰ ਪਤਨੀ ਜਗਸੀਰ ਸਿੰਘ, ਸਟੇਸ਼ਨ ਬਸਤੀ ਖੁੱਡੀ ਕਲਾਂ ਆਪਣੀ ਸੱਸ ਸਿੰਧਰ ਪਤਨੀ ਮੁਖਤਿਆਰ ਸਿੰਘ ਨੂੰ ਬਾਲਟੀ ਨਾਲ ਕੁੱਟ ਰਹੀ ਸੀ। ਇਹ ਦੇਖ ਕੇ ਲੋਕ ਹੈਰਾਨ ਰਹਿ ਗਏ। ਵੀਡੀਓ 'ਚ ਇਹ ਵੀ ਦਿਖਾਈ ਦੇ ਰਿਹਾ ਹੈ ਕਿ ਕੁੱਟਮਾਰ ਕਰਨ ਵਾਲੀ ਔਰਤ ਬਜੁਰਗ ਔਰਤ ਦੇ ਵਾਲ ਫੜ੍ਹ ਕੇ ਉਸਨੂੰ ਬਾਥਰੂਮ 'ਚ ਵਾੜ ਰਹੀ ਹੈ। ਜਿੱਥੇ ਬਜੁਰਗ ਔਰਤ ਤਰਲੇ-ਮਿੰਨਤਾ ਕਰ ਕੇ ਛੱਡਣ ਦੀ ਬੇਨਤੀ ਕੀਤੀ ਹੈ ਪਰ ਕੁੱਟਮਾਰ ਕਰਨ ਵਾਲੀ ਔਰਤ ਉਸਨੂੰ ਧਮਕੀ ਦਿੱਤੀ। ਇਹ ਵੀਡੀਓ ਵਾਇਰਲ ਹੋਣ 'ਤੇ ਸਹਾਇਕ ਥਾਣੇਦਾਰ ਨੇ ਤੁਰੰਤ ਕਾਰਵਾਈ ਕਰਦਿਆਂ ਪੜਤਾਲ ਸੁਰੂ ਕੀਤੀ। ਪੜਤਾਲ ਦੇ ਦੌਰਾਨ ਇਹ ਵੀ ਸਾਹਮਣੇ ਆਇਆ ਕਿ ਕੁੱਟਮਾਰ ਕਰਨ ਵਾਲੀ ਔਰਤ ਨੇ ਬਜੁਰਗ ਔਰਤ ਨਾਲ ਗਲਤ ਵਰਤਾਰਾ ਕੀਤਾ ਹੈ। ਇਸ ਸਬੰਧੀ ਸਹਾਇਕ ਥਾਣੇਦਾਰ ਨੇ ਬਰਨਾਲਾ ਥਾਣਾ 'ਚ ਮੁਲਜਮ ਔਰਤ ਖ਼ਿਲਾਫ ਮਾਮਲਾ ਦਰਜ ਕਰ ਦਿੱਤਾ ਹੈ ਅਤੇ ਕਾਰਵਾਈ ਜਾਰੀ ਹੈ।

## ਪੰਜਾਬ 'ਚ ਹੈਰਾਨੀਜਨਕ ਘਟਨਾ, ਗੇਮ ਖੇਡਦੇ-ਖੇਡਦੇ ਲਾਪਤਾ ਹੋਈ 14 ਸਾਲਾ ਕੁੜੀ

ਫਿਰਜੋਪੁਰ 30 ਨਵੰਬਰ। ਫਿਰੋਜ਼ਪੁਰ ਦੇ ਕਸਬਾ ਮਮਦੋਟ ਤੋਂ ਇਕ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਪੱਬ-ਜੀ ਗੇਮ ਨੇ ਇਕ 14 ਸਾਲਾ ਲੜਕੀ ਦੀ ਅਜਿਹੀ ਨੀਂਦ ਉਡਾਈ ਕਿ ਕੁੜੀ ਪਿਛਲੇ ਤਿੰਨ ਦਿਨਾਂ ਤੋਂ ਘਰੋਂ ਗਾਇਬ ਹੈ। ਲਾਪਤਾ ਹੋਈ ਕੁੜੀ ਦੀ ਇਕ ਸੀ. ਸੀ. ਟੀ. ਵੀ. ਵੀਡੀਓ ਵੀ ਸਾਹਮਣੇ ਆਈ ਹੈ। ਉਧਰ ਪੁਲਸ ਨੇ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਘਟਨਾ ਮਮਦੋਟ ਦੇ ਪਿੰਡ ਜੱਲੋਕੇ ਦੀ ਹੈ। ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਦੀ 14 ਸਾਲਾ ਲੜਕੀ ਜੋ ਮੋਬਾਇਲ ਵਿਚ ਪੱਬ-ਜੀ ਗੇਮ ਖੇਡਦੀ ਸੀ। ਜਿਸ ਨੇ ਉਸ ਦੇ ਦਿਮਾਗ 'ਤੇ ਇਨਾਂ ਮਾੜਾ ਅਸਰ ਕੀਤਾ ਕਿ ਉਹ ਤੜਕ ਸਾਰ 4 ਵਜੇ ਦੇ ਕਰੀਬ ਘਰੋਂ ਚਲੀ ਗਈ ਅਤੇ ਵਾਪਸ ਨਹੀਂ ਆਈ। ਪਰਿਵਾਰ ਵੱਲੋਂ ਉਸ ਦੀ ਭਾਲ ਕੀਤੀ ਗਈ ਪਰ ਉਸਦਾ ਕੋਈ ਪਤਾ ਨਹੀਂ ਲੱਗਿਆ। ਪਰਿਵਾਰ ਨੇ ਦੱਸਿਆ ਕਿ ਲੜਕੀ ਪੱਬ-ਜੀ ਗੇਮ ਖੇਡਦੀ ਸੀ, ਜਿਸ ਦੇ ਚੱਲਦੇ ਉਹ ਡਿਪਰੈਸਨ ਵਿਚ ਚਲੀ ਗਈ। ਇਸ ਦੌਰਾਨ ਉਹ ਘਰੋਂ ਤੜਕਸਾਰ ਸਵੇਰੇ ਬਿਨਾਂ ਕਿਸੇ ਨੂੰ ਕੁਝ ਦੱਸੇ ਬਾਹਰ ਚਲੀ ਗਈ। ਆਸ-ਪਾਸ ਦੇ ਸੀ. ਸੀ. ਟੀ. ਵੀ. ਕੈਮਰੇ ਖੰਗਾਲੇ ਜਿਸ ਵਿਚ ਉਹ ਦਿਖਾਈ ਦੇ ਰਹੀ ਹੈ ਕਿ ਕਿਸ ਤਰ੍ਹਾਂ ਉਹ ਆਰਾਮ ਨਾਲ ਤੁਰ ਕੇ ਘਰੋਂ ਬਾਹਰ ਨਿਕਲ ਕੇ ਜਾ ਰਹੀ ਹੈ। ਦੂਜੇ ਪਾਸੇ ਮਮਦੋਟ ਥਾਣਾ ਪੁਲਸ ਨੇ ਕਾਰਵਾਈ ਕਰਦਿਆਂ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਅਜਮੇਰ ਸ਼ਰੀਫ ਦਰਗਾਹ ਦਾ ਵੀ ਹੋਵੇਗਾ ਸਰਵੇਖਣ? ਅਦਾਲਤ ਨੇ ਜਾਰੀ ਕੀਤਾ ਨੋਟਿਸ

**ਏਜੰਸੀਆਂ**

ਨੈਸ਼ਨਲ ਡੈਸਕ 30 ਨਵੰਬਰ। ਸੰਭਲ 'ਚ ਸਾਹੀ ਜਾਮਾ ਮਸਜਿਦ ਦੇ ਸਰਵੇ ਤੋਂ ਬਾਅਦ ਹੋਈ ਹਿੰਸਾ ਦਾ ਮਾਮਲਾ ਅਜੇ ਠੰਡਾ ਵੀ ਨਹੀਂ ਹੋਇਆ ਸੀ ਕਿ ਬੁੱਧਵਾਰ ਨੂੰ ਰਾਜਸਥਾਨ ਦੇ ਅਜਮੇਰ ਜ਼ਿਲ੍ਹੇ 'ਚ ਦਰਗਾਹ ਸਰੀਫ ਦੇ ਸਰਵੇ ਨੂੰ ਲੈ ਕੇ ਅਦਾਲਤ 'ਚ ਦਾਇਰ ਪਟੀਸਨ 'ਤੇ ਸੁਣਵਾਈ ਹੋਈ। ਅਦਾਲਤ ਨੇ ਹਿੰਦੂ ਪੱਖ ਦੀ ਪਟੀਸਨ ਨੂੰ ਸਵੀਕਾਰ ਕਰ ਲਿਆ। ਪਟੀਸਨ 'ਚ ਅਜਮੇਰ ਸਰੀਫ ਦਰਗਾਹ ਨੂੰ ਹਿੰਦੂ ਮੰਦਰ ਦੱਸਿਆ ਗਿਆ ਹੈ। ਇਹ ਪਟੀਸਨ ਹਿੰਦੂ ਸੈਨਾ ਦੇ ਪ੍ਰਧਾਨ ਵਿਸਨੂੰ ਗੁਪਤਾ ਦੀ ਤਰਫੋਂ ਦਾਇਰ ਕੀਤੀ ਗਈ ਸੀ। ਅਦਾਲਤ ਨੇ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕਰਨ ਦੇ ਹੁਕਮ ਦਿੰਦਿਆਂ ਅਗਲੀ ਸੁਣਵਾਈ ਦੀ ਤਰੀਕ 20 ਦਸੰਬਰ ਤੈਅ ਕੀਤੀ ਹੈ। ਦੱਸ ਦੇਈਏ ਕਿ ਹਿੰਦੂ ਸੈਨਾ ਦੇ ਰਾਸਟਰੀ ਪ੍ਰਧਾਨ ਵਿਸਨੂੰ ਗੁਪਤਾ ਨੇ ਦਰਗਾਹ ਨਾਲ ਜੁੜੇ ਮੁੱਦੇ ਉਠਾਏ ਸਨ ਅਤੇ ਕਾਨੂੰਨੀ ਦਖਲ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਇਹ ਮਾਮਲਾ ਧਾਰਮਿਕ ਭਾਵਨਾਵਾਂ ਅਤੇ ਸਮਾਜਿਕ ਸਦਭਾਵਨਾ ਨਾਲ ਜੁੜਿਆ ਹੋਇਆ ਹੈ, ਜਿਸ ਦੇ ਹੱਲ ਲਈ ਅਦਾਲਤ ਦਾ ਦਖਲ ਜਰੂਰੀ ਹੈ। ਅਦਾਲਤ ਵੱਲੋਂ ਮੁਕੱਦਮਾ ਸਵੀਕਾਰ ਕਰਨ ਤੋਂ ਬਾਅਦ ਇਸ ਮਾਮਲੇ ਨੂੰ ਹੋਰ ਗੰਭੀਰਤਾ ਨਾਲ ਦੇਖਿਆ ਜਾ ਰਿਹਾ ਹੈ। ਅਦਾਲਤ ਨੇ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕਰਕੇ ਆਪਣੇ ਵਿਚਾਰ ਪੇਸ ਕਰਨ ਦੇ ਨਿਰਦੇਸ ਦਿੱਤੇ ਹਨ। ਹੁਣ ਮਾਮਲੇ ਦੀ ਅਗਲੀ ਸੁਣਵਾਈ 20 ਦਸੰਬਰ ਨੂੰ ਹੋਵੇਗੀ, ਜਿੱਥੇ ਧਿਰਾਂ ਦੀਆਂ ਦਲੀਲਾਂ ਅਤੇ ਦਸਤਾਵੇਜ



ਪੇਸ ਕੀਤੇ ਜਾਣਗੇ। ਇਸ ਵਿਵਾਦ ਨੇ ਸਮਾਜਿਕ ਅਤੇ ਧਾਰਮਿਕ ਪੱਧਰ 'ਤੇ ਵਿਆਪਕ ਚਰਚਾ ਨੂੰ ਜਨਮ ਦਿੱਤਾ ਹੈ। ਹਿੰਦੂ ਸੈਨਾ ਦੇ ਰਾਸਟਰੀ ਪ੍ਰਧਾਨ ਦਾ ਕਹਿਣਾ ਹੈ ਕਿ ਇਹ ਮਾਮਲਾ ਹਿੰਦੂ ਸਮਾਜ ਦੀਆਂ ਧਾਰਮਿਕ ਮਾਨਤਾਵਾਂ ਨਾਲ ਜੁੜਿਆ ਹੋਇਆ ਹੈ। ਦਰਗਾਹ ਦੇ ਨੁਮਾਇੰਦਿਆਂ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਪ੍ਰਤੀਕਿਰਿਆ ਨਹੀਂ ਆਈ ਹੈ। ਅਦਾਲਤ ਦੇ ਫੈਸਲੇ ਤੋਂ ਬਾਅਦ ਸਭ ਦੀਆਂ ਨਜਰਾਂ ਅਗਲੀ ਕਾਰਵਾਈ 'ਤੇ ਟਿਕੀਆਂ ਹੋਈਆਂ ਹਨ। ਇਸ ਤੋਂ ਪਹਿਲਾਂ ਹਿੰਦੂ ਸੈਨਾ ਦੇ ਰਾਸਟਰੀ ਪ੍ਰਧਾਨ ਵਿਸਨੂੰ ਗੁਪਤਾ ਦੀ ਪਟੀਸਨ 'ਤੇ ਸੁਣਵਾਈ ਬੀਤੇ ਮੰਗਲਵਾਰ ਹੋਈ ਸੀ, ਜਦੋਂ ਅਦਾਲਤ ਨੇ 30 ਨਵੰਬਰ ਯਾਨੀ ਅੱਜ ਦੀ ਤਰੀਕ ਦਿੱਤੀ ਸੀ। ਵਿਸਨੂੰ ਗੁਪਤਾ ਵੱਲੋਂ ਦਾਇਰ ਪਟੀਸਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਦਰਗਾਹ ਸਰੀਫ ਵਿੱਚ ਇੱਕ ਸ਼ਿਵ ਮੰਦਰ ਹੈ। ਅਦਾਲਤ ਵਿੱਚ ਪਿਛਲੀ ਸੁਣਵਾਈ ਦੌਰਾਨ ਸਬੂਤ ਵਜੋਂ ਇੱਕ ਵਿਸੇਸ ਕਿਤਾਬ ਪੇਸ ਕੀਤੀ ਗਈ ਸੀ। ਇਸ ਕਿਤਾਬ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਗਿਆ ਸੀ ਕਿ ਦਰਗਾਹ ਵਿੱਚ ਇੱਕ ਹਿੰਦੂ ਮੰਦਰ ਸੀ। ਇਹ ਪੁਸਤਕ ਅਜਮੇਰ ਦੇ ਵਸਨੀਕ ਹਰ ਵਿਲਾਸ ਸਾਰਦਾ ਨੇ 1911 ਵਿੱਚ ਲਿਖੀ ਸੀ। ਇਸ ਕਿਤਾਬ ਦਾ ਹਵਾਲਾ ਦਿੰਦੇ ਹੋਏ ਹਿੰਦੂ ਸੈਨਾ ਦੇ ਰਾਸਟਰੀ ਪ੍ਰਧਾਨ ਵਿਸਨੂੰ ਗੁਪਤਾ ਨੇ ਆਪਣੀ ਪਟੀਸਨ 'ਚ ਕਿਹਾ ਹੈ ਕਿ ਇਸ ਤੋਂ ਪਹਿਲਾਂ ਦਰਗਾਹ ਦੀ ਜਮੀਨ 'ਤੇ ਭਗਵਾਨ ਭੋਲੇਨਾਥ ਦਾ ਮੰਦਰ ਸੀ। ਇਸ ਸ਼ਿਵ ਮੰਦਰ ਵਿੱਚ ਪੂਜਾ ਅਰਚਨਾ ਅਤੇ ਜਲਾਭਿਸੇਕ ਹੁੰਦਾ ਸੀ।

# 1 ਦਸੰਬਰ ਤੋਂ ਇਨ੍ਹਾਂ ਇਲਾਕਿਆਂ 'ਚ ਨਹੀਂ ਚੱਲਣਗੀਆਂ ਸਪੈਸ਼ਲ ਟਰੇਨਾਂ

**ਏਜੰਸੀਆਂ**

ਨੈਸ਼ਨਲ ਡੈਸਕ 30 ਨਵੰਬਰ। ਰਾਜਧਾਨੀ ਦਿੱਲੀ 'ਚ ਭਾਵੇਂ ਧੁੰਦ ਦੇ ਕਹਿਰ ਦਾ ਜ਼ਿਆਦਾ ਅਸਰ ਦਿਖਾਈ ਨਹੀਂ ਦੇ ਰਿਹਾ ਪਰ ਆਲੇ-ਦੁਆਲੇ ਦੇ ਰਾਜਾਂ 'ਚ ਧੁੰਦ ਦਾ ਪ੍ਰਭਾਵ ਸਾਫ ਦਿਖਾਈ ਦੇ ਰਿਹਾ ਹੈ। ਇਸ ਕਾਰਨ ਦਿੱਲੀ ਆਉਣ ਵਾਲੀਆਂ ਕਈ ਟਰੇਨਾਂ ਦੇਰੀ ਨਾਲ ਚੱਲ ਰਹੀਆਂ ਹਨ। ਹਾਲਾਂਕਿ, ਪਹਿਲਾਂ ਦੇ ਮੁਕਾਬਲੇ, ਰੇਲਵੇ ਦੀ ਸਮੇਂ ਦੀ ਪਾਬੰਦਤਾ (ਸਮੇਂ 'ਤੇ ਟਰੇਨਾਂ ਦੇ ਸੰਚਾਲਨ) ਵਿੱਚ ਕਾਫੀ ਸੁਧਾਰ ਹੋਇਆ ਹੈ। ਇਸ ਦੌਰਾਨ ਭਾਰਤੀ ਰੇਲਵੇ ਨੇ ਧੁੰਦ ਦੇ ਮੌਸਮ ਨੂੰ ਦੇਖਦੇ ਹੋਏ ਵਿਸ਼ੇਸ਼ ਯੋਜਨਾ ਬਣਾਈ ਹੈ। ਰੇਲਵੇ ਨੇ ਫੈਸਲਾ ਕੀਤਾ ਹੈ ਕਿ 1 ਦਸੰਬਰ ਤੋਂ ਧੁੰਦ ਤੋਂ ਜ਼ਿਆਦਾ ਪ੍ਰਭਾਵਿਤ ਇਲਾਕਿਆਂ ਵਿਚ ਸਪੈਸ਼ਲ ਟਰੇਨਾਂ ਨਹੀਂ ਚਲਾਈਆਂ ਜਾਣਗੀਆਂ। ਹਾਲਾਂਕਿ ਜਿਥੇ ਧੁੰਦ ਦਾ ਅਸਰ ਘੱਟ ਹੋਵੇਗਾ ਅਤੇ ਸਪੈਸ਼ਲ ਟਰੇਨਾਂ ਦੀ ਜਰੂਰਤ ਜ਼ਿਆਦਾ ਮਹਿਸੂਸ ਹੋਵੇਗੀ, ਉਸ ਥਾਂ 'ਤੇ ਹੀ ਇਨ੍ਹਾਂ ਰੇਲ ਗੱਡੀਆਂ ਨੂੰ ਚਲਾਇਆ ਜਾਵੇਗਾ। ਰੇਲਵੇ ਦੇ 18 ਜੋਨਾਂ ਵਿੱਚੋਂ ਚਾਰ ਜੋਨ ਧੁੰਦ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੁੰਦੇ ਹਨ। ਇਨ੍ਹਾਂ ਵਿੱਚ ਉੱਤਰੀ ਰੇਲਵੇ (ਦਿੱਲੀ, ਲਖਨਊ, ਮੁਰਾਦਾਬਾਦ), ਉੱਤਰ-ਪੂਰਬੀ ਰੇਲਵੇ, ਉੱਤਰ-ਮੱਧ ਰੇਲਵੇ ਅਤੇ ਉੱਤਰ-ਪੱਛਮੀ ਰੇਲਵੇ ਸਾਮਲ ਹਨ। ਇਨ੍ਹਾਂ ਜੋਨਾਂ ਦੇ ਪ੍ਰਮੁੱਖ ਸਹਿਰ ਜਿਵੇਂ ਦਿੱਲੀ, ਲਖਨਊ, ਆਗਰਾ, ਜੈਪੁਰ ਅਤੇ ਵਾਰਾਣਸੀ ਧੁੰਦ ਨਾਲ ਜ਼ਿਆਦਾ ਪ੍ਰਭਾਵਿਤ ਹਨ। ਧੁੰਦ ਕਾਰਨ ਟਰੇਨਾਂ ਦੀ ਰਫਤਾਰ ਨੂੰ ਘੱਟ ਕਰਨਾ ਪੈਂਦਾ ਹੈ



ਅਤੇ ਕਈ ਵਾਰ ਸੁਪਰਫਾਸਟ ਟਰੇਨਾਂ ਨੂੰ ਵੀ ਰੱਦ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਧੁੰਦ ਅਤੇ ਪ੍ਰਦੂਸਣ ਸਮੇਂ ਦੌਰਾਨ, ਦਿੱਲੀ ਅਤੇ ਆਸ-ਪਾਸ ਦੇ ਖੇਤਰਾਂ ਵਿੱਚ ਬਣੀ ਧੂੰਆਂ (ਧੁੰਦ ਅਤੇ ਧੂੰਏਂ ਦਾ ਮਿਸਰਣ) ਰੇਲਵੇ ਸੰਚਾਲਨ ਨੂੰ ਹੋਰ ਪ੍ਰਭਾਵਿਤ ਕਰਦਾ ਹੈ। ਪਹਿਲ ਦੇ ਆਧਾਰ 'ਤੇ ਰੁਟੀਨ ਰੇਲ ਗੱਡੀਆਂ: ਧੁੰਦ ਦੇ ਮੌਸਮ ਦੌਰਾਨ ਪਹਿਲਾਂ ਤੋਂ ਹੀ ਸਮੇਂ ਸਿਰ ਚੱਲ ਰਹੀਆਂ ਨਿਯਮਤ ਰੇਲ ਗੱਡੀਆਂ ਨੂੰ ਚਲਾਉਣ 'ਤੇ ਜੋਰ ਦਿੱਤਾ ਜਾਵੇਗਾ। ਸਪੈਸਲ ਟਰੇਨਾਂ 'ਤੇ ਪਾਬੰਦੀ: ਜ਼ਿਆਦਾ ਪ੍ਰਭਾਵਿਤ ਇਲਾਕਿਆਂ 'ਚ ਸਪੈਸਲ ਟਰੇਨਾਂ ਨਹੀਂ ਚਲਾਈਆਂ ਜਾਣਗੀਆਂ। ਵਾਧੂ ਸਹੂਲਤਾਂ: ਵੱਡੇ ਰੇਲਵੇ ਸਟੇਸਨਾਂ 'ਤੇ ਯਾਤਰੀਆਂ ਲਈ ਬੈਠਣ, ਖਾਣ-ਪੀਣ ਅਤੇ ਉਡੀਕ ਕਰਨ ਲਈ ਵਾਧੂ ਪ੍ਰਬੰਧ ਕੀਤੇ ਜਾਣਗੇ। ਲੋੜ ਅਨੁਸਾਰ ਵਿਸੇਸ ਰੇਲ ਗੱਡੀਆਂ: ਜੇਕਰ ਕਿਸੇ ਖੇਤਰ 'ਚ ਧੁੰਦ ਦਾ ਕੋਈ ਅਸਰ ਨਹੀਂ ਹੁੰਦਾ ਅਤੇ ਵਿਸੇਸ ਰੇਲਗੱਡੀ ਦੀ ਲੋੜ ਮਹਿਸੂਸ ਹੁੰਦੀ ਹੈ ਤਾਂ ਇਸ ਨੂੰ ਚਲਾਇਆ ਜਾਵੇਗਾ। ਰੇਲਵੇ ਬੋਰਡ ਦੇ ਅਧਿਕਾਰੀਆਂ ਮੁਤਾਬਕ ਧੁੰਦ ਕਾਰਨ ਟਰੇਨਾਂ ਹੌਲੀ ਚੱਲਦੀਆਂ ਹਨ, ਜਿਸ ਕਾਰਨ ਇਕ ਟਰੇਨ ਦੇ ਲੇਟ ਹੋਣ ਨਾਲ ਦੂਜੀਆਂ ਟਰੇਨਾਂ 'ਤੇ ਵੀ ਅਸਰ ਪੈਂਦਾ ਹੈ। ਇਹ ਸਮੱਸਿਆ ਖਾਸ ਕਰਕੇ ਉੱਤਰੀ ਭਾਰਤ ਵਿੱਚ ਜ਼ਿਆਦਾ ਦੇਖਣ ਨੂੰ ਮਿਲਦੀ ਹੈ। ਰੇਲਵੇ ਦਾ ਕਹਿਣਾ ਹੈ ਕਿ ਹਰ ਸਾਲ ਧੁੰਦ ਦੇ ਮੌਸਮ 'ਚ ਟਰੇਨਾਂ ਨੂੰ ਸਮੇਂ 'ਤੇ ਚਲਾਉਣ ਅਤੇ ਯਾਤਰੀਆਂ ਨੂੰ ਘੱਟ ਤੋਂ ਘੱਟ ਅਸੁਵਿਧਾ ਨੂੰ ਯਕੀਨੀ ਬਣਾਉਣ ਲਈ ਵੱਡੇ ਪੱਧਰ 'ਤੇ ਯੋਜਨਾ ਬਣਾਈ ਜਾਂਦੀ ਹੈ। ਇਸ ਸਾਲ ਵੀ ਰੇਲਵੇ ਨੇ ਤਿਆਰੀਆਂ ਤੇਜ ਕਰ ਦਿੱਤੀਆਂ ਹਨ ਤਾਂ ਕਿ ਯਾਤਰਾ ਦੌਰਾਨ ਯਾਤਰੀਆਂ ਨੂੰ ਜ਼ਿਆਦਾ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ।

## ਕਰ ਲਓ ਤਿਆਰੀ ! ਭਾਰਤ 'ਚ ਇਸ ਮਹਿਕਮੇ 'ਚ ਨਿਕਲਣਗੀਆਂ 1 ਲੱਖ ਨੌਕਰੀਆਂ

ਮੁੰਬਈ 30 ਨਵੰਬਰ। ਟੀਮਲੀਜ ਸਰਵਿਸਿਜ ਦੇ ਚੀਫ ਸਟ੍ਰੈਟਜੀ ਅਫਸਰ ਸਬੁਰਾਥਿਨਮ ਪੀ.ਕੇ. ਇਸ ਵਿਚ ਕਿਹਾ ਗਿਆ ਹੈ ਕਿ ਬ੍ਰਾਡਬੈਂਡ ਅਤੇ 5ਜੀ ਨੈੱਟਵਰਕਸ ਸਮੇਤ ਤੇਜੀ ਨਾਲ ਡਿਜੀਟਲ ਵਿਸਤਾਰ ਨਾਲ ਅਗਲੇ ਪੰਜ ਸਾਲਾਂ ਵਿਚ ਫਾਈਬਰ ਸਥਾਪਨਾ, ਰੱਖ-ਰਖਾਅ ਅਤੇ ਮੁਰੰਮਤ ਖੇਤਰਾਂ ਵਿਚ ਲਗਭਗ 1 ਲੱਖ ਨਵੇਂ ਰੁਜਗਾਰ ਦੇ ਮੌਕੇ ਪੈਦਾ ਹੋਣ ਦੀ ਉਮੀਦ ਹੈ। ਉਸ ਨੇ ਪੀ. ਟੀ. ਆਈ. ਨੂੰ ਦੱਸਿਆ ਕਿ ਭਾਰਤ ਦਾ ਦੂਰਸੰਚਾਰ ਬਾਜਾਰ 2024 ਵਿਚ 48.61 ਬਿਲੀਅਨ ਅਮਰੀਕੀ ਡਾਲਰ ਦਾ ਹੋਣ ਦਾ ਅਨੁਮਾਨ ਹੈ ਅਤੇ 2029 ਤੱਕ 9.40 ਪ੍ਰਤੀਸਤ ਦੀ ਸਾਲਾਨਾ ਦਰ ਨਾਲ ਵਧਦੇ ਹੋਏ 76.16 ਬਿਲੀਅਨ ਡਾਲਰ ਤੱਕ ਪਹੁੰਚਣ ਦੀ ਉਮੀਦ ਹੈ। 2023 ਤੱਕ ਦੇਸ ਭਰ ਵਿਚ ਲਗਭਗ 7,00,000 ਕਿਲੋਮੀਟਰ ਦੀ ਆਪਟੀਕਲ ਫਾਈਬਰ ਕੇਬਲ ਵਿਛਾਈ ਜਾ ਚੁੱਕੀ ਹੈ, ਜੋ ਕਿ ਡਿਜੀਟਲ ਬੁਨਿਆਦੀ ਢਾਂਚੇ ਦੇ ਵਿਸਤਾਰ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਸੁਬੁਰਥਿਨਮ ਨੇ ਕਿਹਾ, "ਫਾਈਬਰ ਆਪਟਿਕ ਟੈਕਨੀਸੀਅਨ ਖੰਡ ਵਿਚ ਰੁਜਗਾਰ ਦੀ ਸਾਲਾਨਾ ਵਾਧਾ ਦਰ ਭਾਰਤ ਵਿਚ ਬ੍ਰਾਡਬੈਂਡ ਅਤੇ 5ਜੀ ਨੈਟਵਰਕ ਦੇ ਤੇਜੀ ਨਾਲ ਫੈਲਣ ਦੁਆਰਾ ਚਲਾਇਆ ਜਾਂਦਾ ਹੈ। ਜਿਵੇਂ ਕਿ ਸਰਕਾਰ ਅਤੇ ਦੂਰਸੰਚਾਰ ਆਪਰੇਟਰ ਫਾਈਬਰ ਬੁਨਿਆਦੀ ਢਾਂਚੇ ਦੇ ਵਿਸਤਾਰ 'ਤੇ ਧਿਆਨ ਕੇਂਦ੍ਰਤ ਕਰਦੇ ਹਨ, ਫਾਈਬਰ ਟੈਕਨੀਸੀਅਨ ਦੀ ਮੰਗ ਵਿਚ ਮਹੱਤਵਪੂਰਨ ਵਾਧਾ ਹੋਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਟੈਲੀਕਾਮ ਟਾਵਰਾਂ ਵਿਚ ਫਾਈਬਰ ਤਕਨਾਲੋਜੀ ਦੀ ਵਧਦੀ ਵਰਤੋਂ ਨਾਲ ਲਗਭਗ ਇੱਕ ਲੱਖ ਨਵੇਂ ਰੁਜਗਾਰ ਦੇ ਮੌਕੇ ਪੈਦਾ ਹੋਣ ਦੀ ਉਮੀਦ ਹੈ। ਦੇਸ ਭਰ ਵਿਚ 4, 5 ਅਤੇ ਬਰਾਡਬੈਂਡ ਪਹਿਲਕਦਮੀਆਂ ਦਾ ਸਮਰਥਨ ਕਰਨ ਲਈ ਫਾਈਬਰ ਆਪਟਿਕ ਨੈਟਵਰਕ ਦੇ ਤੇਜੀ ਨਾਲ ਵਿਸਤਾਰ ਦੇ ਬਾਅਦ ਭਾਰਤ ਵਿਚ ਫਾਈਬਰ ਟੈਕਨੀਸੀਅਨਾਂ ਦੀ ਗਿਣਤੀ ਇਸ ਸਮੇਂ ਪੰਜ ਲੱਖ ਤੋਂ ਵੱਧ ਹੋਣ ਦਾ ਅਨੁਮਾਨ ਹੈ।